ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

# ਪੰਜਾਬੀ ਦੁਨੀਆ

ਹਫ਼ਤੇਵਾਰੀ

Since April

PUNJABI DUNIYA Weekly

Vol. 13 Issue 38 Tuesday June 19 to June 25, 2018 www.PUNJABIDUNIYA.com Published Weekly from New York




# ਕੀ ਹੁਣ ਸਿੱਖ ਕੇਸਰੀ ਨਿਸ਼ਾਨ ਸਾਹਿਬ ਲੈ ਕੇ ਚੱਲ ਨਹੀਂ ਸਕਣਗੇ ?

## ਉਤਰਾਖੰਡ ਪੁਲਿਸ ਨੇ ਹੇਮਕੁੰਟ ਸਾਹਿਬ ਜਾਂਦੀਆਂ ਗੱਡੀਆਂ ਤੋਂ ਲੁਹਾਏ ਕੇਸਰੀ ਝੰਡੇ





ਰਿਸ਼ੀਕੇਸ਼ (ਪੱਤਰ ਪ੍ਰੇਰਕ)- ਇਸ ਦੇਸ਼ ਵਿਚ ਹੁਣ ਸਿੱਖਾਂ ਦੇ ਕੇਸਰੀ ਨਿਸ਼ਾਨ ਸਾਹਿਬ ਤੇ ਵੀ ਪਾਬੰਦੀ ਲੱਗ ਗਈ ਹੈ। ਇਸ ਸਵਾਲ ਦਾ ਜਵਾਬ ਤਾਂ ਕਾਨੂੰਨ ਭਾਵੇਂ ਨਹੀਂ ਦੇਵੇਗਾ, ਪ੍ਰੰਤੂ ਇਸ ਦੇਸ਼ ਵਿਚ ਜਿਹੜੇ ਸੂਬਿਆਂ ਵਿਚ ਭਾਜਪਾ ਦੀਆਂ ਸਰਕਾਰਾਂ ਹਨ ਉਥੇ ਸਿੱਖਾਂ ਦੀ ਹੋਂਦ ਨੂੰ ਖਤਰਾ ਖੜਾ ਹੋ ਚੁੱਕਾ ਹੈ, ਇਹ ਪੂਰਾ ਸੱਚ ਹੈ ਅਤੇ ਉਥੇ ਪੁਲਿਸ ਕਿਸੇ ਸਿੱਖ ਨੂੰ ਕੇਸਰੀ ਨਿਸ਼ਾਨ ਸਾਹਿਬ ਲੈ ਕੇ ਸੜਕ ਤੇ ਚੱਲਣ ਦੀ ਆਗਿਆ ਨਹੀਂ ਦੇ ਰਹੀ। ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਲਈ ਸਿੱਖ ਨੌਜਵਾਨ ਵੱਡੀ ਗਿਣਤੀ ਵਿਚ ਕਾਰਾਂ, ਮੋਟਰ ਸਾਇਕਲਾਂ ਤੇ ਕੇਸਰੀ ਨਿਸ਼ਾਨ ਸਾਹਿਬ ਲਾ ਕੇ ਨਿਕਲਦੇ ਹਨ। ਉੱਤਰਾਖੰਡ, ਜਿਸ ਸੂਬੇ ਨੂੰ ਧਾਰਮਿਕ ਯਾਤਰੂਆਂ ਕਾਰਣ ਚੋਖੀ ਆਮਦਨ ਹੁੰਦੀ ਹੈ, ਉਸ ਸੂਬੇ ਦੀ ਸਰਕਾਰ ਦੀ ਪੁਲਿਸ ਸਿੱਖ ਨੌਜਵਾਨ, ਨੂੰ ਆਪਣੇ ਮੋਟਰ ਗੱਡੀਆਂ ਤੇ ਨਿਸ਼ਾਨ ਸਾਹਿਬ ਲਾ ਕੇ ਚੱਲਣ ਤੋਂ ਰੋਕਣ ਲੱਗ ਪਈ ਹੈ। ਜਿਸ ਦੇ ਰੋਸ ਵਿਚ ਨੌਜਵਾਨਾਂ ਨੇ ਖਾਲਿਸਤਾਨ ਜਿੰਦਾਬਾਦ ਦੇ ਨਾਅਰੇ ਲਗਾਏ ਤੇ ਕਿਹਾ ਕਿ ਅਸੀਂ ਇਸ ਦੇਸ਼ ਵਿਚ ਗੁਲਾਮ ਹਾਂ ਸਾਨੂੰ ਆਪਣਾ ਸਿੱਖ ਰਾਜ ਲੈਣਾ ਪਵੇਗਾ।

ਹਿੰਦੂਤਵੀ ਲਾਣੇ ਨੂੰ ਸੜਕਾਂ ਤੇ ਝੂਲਦੇ ਕੇਸਰੀ ਨਿਸ਼ਾਨ ਸਾਹਿਬ ਤੋਂ ਖ਼ਤਰਾ ਹੋਣ ਲੱਗ ਪਿਆ ਹੈ। ਅੱਜ ਰਿਸ਼ੀਕੇਸ਼ ਤੋਂ 50 ਕਿਲੋਮੀਟਰ ਅੱਗੇ ਸ੍ਰੀਨਗਰ ਨੇੜੇ ਉਤਰਾਖੰਡ ਪੁਲਿਸ ਨੇ ਵਿਸ਼ੇਸ਼ ਨਾਕਾ ਲਾ ਕੇ ਸਾਰੀਆਂ ਗੱਡੀਆਂ ਤੇ ਮੋਟਰ ਸਾਈਕਲਾਂ ਤੋਂ ਕੇਸਰੀ ਨਿਸ਼ਾਨ ਲੁਹਾ ਦਿੱਤੇ। ਮੌਕੇ ਤੇ ਮੌਜੂਦ ਪੁਲਿਸ ਅਧਿਕਾਰੀ ਨਿਸ਼ਾਨ ਸਾਹਿਬ ਲਾਹੁਣ ਦਾ ਕੋਈ ਸਪਸ਼ਟ ਉੱਤਰ ਨਹੀਂ ਸੀ ਦੇ ਸਕਿਆ "ਝੰਡੇ ਉਤਾਰਨੇ ਹੈ, ਸਰਕਾਰ ਕਾ ਹੁਕਮ ਹੈ" ਆਖ ਕੇ ਦੜ ਵੱਟ ਲਈ। ਉਧਰ ਮੇਘਾਲਿਆ ਦੀ ਰਾਜਧਾਨੀ ਸ਼ਿਲਾਂਗ ਵਿਚ ਸਿੱਖਾਂ ਨੂੰ ਉਜਾੜਨ ਲਈ ਸ਼ਰੇਆਮ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ ਤੇ ਇਧਰ ਉਤਰਾਖੰਡ ਵਿਚ ਪੁਲਿਸ ਨੇ ਕੇਸਰੀ ਝੰਡੇ ਲਾਹੁਣੇ ਸ਼ੁਰੂ ਕਰ ਦਿੱਤੇ ਹਨ। ਕੀ ਸਿੱਖ ਹਾਲੇ ਵੀ ਇਸ ਦੇਸ਼ ਵਿਚ ਆਜ਼ਾਦ ਆਖੇ ਜਾ ਸਕਦੇ ਹਨ ?

# ਸ਼੍ਰੋਮਣੀ ਅਕਾਲੀ ਦਲ ਨੇ ਮੁੜ ਚੁੱਕਿਆ ਪੰਥਕ ਮੁੱਦਿਆਂ ਦਾ ਹਥਿਆਰ

ਚੰਡੀਗੜ੍ਹ:(ਪੱਤਰ ਪ੍ਰੇਰਕ)- ਸ਼੍ਰੋਮਣੀ ਅਕਾਲੀ ਦਲ ਇੱਕ ਵਾਰ ਮੁੜ ਪੰਥਕ ਮੁੱਦਿਆਂ ਨੂੰ ਲੈ ਕੇ ਸਰਗਰਮ ਹੋਇਆ ਹੈ। ਵਿਧਾਨ ਸਭਾ ਚੋਣਾਂ ਵਿੱਚ ਹਾਰ ਮਗਰੋਂ ਸ਼੍ਰੋਮਣੀ ਅਕਾਲੀ ਦਲ ਆਪਣਾ ਅਕਸ ਸੁਧਾਰਨ ਵਿੱਚ ਜੁਟਿਆ ਹੋਇਆ ਹੈ। ਇਸੇ ਕਵਾਇਦ ਤਹਿਤ ਅੱਜ ਸ਼੍ਰੋਮਣੀ ਅਕਾਲੀ ਦਲ ਦਾ ਵਫ਼ਦ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਮਿਲਿਆ। ਵਫਦ ਨੇ ਭਾਰਤ ਸਰਕਾਰ ਨੂੰ ਜੂਨ 1984 ਵਿੱਚ ਸ੍ਰੀ ਹਰਿਮੰਦਰ ਸਾਹਿਬ ਤੇ ਬਾਕੀ ਗੁਰਦੁਆਰਿਆਂ ਉੱਤੇ ਕੀਤੇ ਫੌਜੀ ਹਮਲੇ ਨਾਲ ਸਬੰਧਤ ਗੁਪਤ ਦਸਤਾਵੇਜ਼ ਜਾਰੀ ਕਰਨ ਲਈ ਕਿਹਾ ਹੈ। ਇਸ ਦੇ ਨਾਲ ਹੀ ਬਰਤਾਨੀਆ ਦੀ ਇਸ ਹਮਲੇ ਵਿੱਚ ਭੂਮਿਕਾ ਨਾਲ ਜੁੜੇ ਦਸਤਾਵੇਜ਼ਾਂ ਨੂੰ ਵੀ ਬਰਤਾਨੀਆ ਸਰਕਾਰ ਤੋਂ ਹਾਸਲ ਕਰਨ ਲਈ ਆਖਿਆ ਹੈ। ਵਫ਼ਦ ਨੇ ਸਜ਼ਾਵਾਂ ਪੂਰੀਆਂ ਕਰਨ ਤੋਂ ਬਾਅਦ ਵੀ ਦੇਸ਼ ਦੀਆਂ



ਵੱਖ-ਵੱਖ ਜੇਲ੍ਹਾਂ ਵਿੱਚ ਰੁਲ ਰਹੇ ਸਿੱਖ ਕੈਦੀਆਂ ਦੀ ਭਾਰਤ ਸਰਕਾਰ ਤੋਂ ਰਿਹਾਈ ਮੰਗੀ ਹੈ। ਇਸ ਤੋਂ ਇਲਾਵਾ ਜੋਧਪੁਰ ਨਜ਼ਰਬੰਦਾਂ ਨੂੰ ਦਿੱਤੇ ਜਾਣ ਵਾਲੇ ਮੁਆਵਜ਼ੇ ਨੂੰ ਵੀ ਤੁਰੰਤ ਜਾਰੀ ਕਰਨ ਲਈ ਕਿਹਾ ਹੈ। ਇਸ ਬਾਰੇ ਫੈਸਲਾ ਪਾਰਟੀ ਦੀ ਕੋਰ ਕਮੇਟੀ ਦੀ ਮੀਟਿੰਗ ਵਿੱਚ ਲਿਆ ਗਿਆ ਸੀ। ਇਸ ਮੀਟਿੰਗ ਵਿੱਚ ਪਾਰਟੀ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਵੀ ਹਾਜ਼ਰ ਸਨ। ਪਾਰਟੀ ਦੇ ਬੁਲਾਰੇ ਹਰਚਰਨ ਬੈਂਸ ਨੇ ਦੱਸਿਆ ਕਿ ਵਫ਼ਦ ਨੇ ਭਾਰਤ ਸਰਕਾਰ ਕੋਲ ਫ਼ਸਲਾਂ ਦੀਆਂ ਕੀਮਤਾਂ ਬਾਰੇ ਸਵਾਮੀਨਾਥਨ ਰਿਪੋਰਟ ਨੂੰ ਲਾਗੂ ਕਰਨ ਦੀ ਅਪੀਲ ਵੀ ਕੀਤੀ ਤਾਂ ਜੋ ਕਿਸਾਨਾਂ ਨੂੰ ਫ਼ਸਲਾਂ ਦੀ ਲਾਗਤ ਉੱਤੇ ਘੱਟੋ-ਘੱਟ 50 ਫ਼ੀਸਦੀ ਮੁਨਾਫਾ ਮਿਲ ਸਕੇ। ਕੋਰ ਕਮੇਟੀ ਨੇ ਭਾਰਤ ਸਰਕਾਰ ਉੱਤੇ ਪੈਟਰੋਲ ਤੇ ਡੀਜ਼ਲ ਨੂੰ ਜੀਐਸਟੀ ਥੱਲੇ ਲਿਆਉਣ ਵਾਸਤੇ ਜ਼ੋਰ ਪਾਉਣ ਦਾ ਫੈਸਲਾ ਕੀਤਾ ਸੀ। ਵਫ਼ਦ ਵੱਲੋਂ ਗੁਰਦੁਆਰਾ ਡਾਂਗਮਾਰ ਸਾਹਿਬ ਦਾ ਮੁੱਦਾ ਸੁਲਝਾਉਣ ਵਾਸਤੇ ਵੀ ਕੇਂਦਰੀ ਗ੍ਰਹਿ ਮੰਤਰੀ ਤੋਂ ਦਖ਼ਲ ਦੇਣ ਦੀ ਮੰਗ ਕੀਤੀ ਗਈ।

# ਭਾਜਪਾ ਵੱਲੋਂ ਪੀ.ਡੀ.ਪੀ. ਤੋਂ ਸਮਰਥਨ ਵਾਪਸ

## ਮਹਿਬੂਬਾ ਤੋਂ ਹਾਸਲ ਕੀਤੀ ਮੁਕਤੀ

## ਮੁੱਖ ਮੰਤਰੀ ਨੇ ਦਿੱਤਾ ਅਸਤੀਫ਼ਾ



ਨਵੀਂ ਦਿੱਲੀ/ਸ੍ਰੀਨਗਰ (ਪੱਤਰ ਪ੍ਰੇਰਕ)- : ਭਾਜਪਾ ਨੇ ਜੰਮੂ-ਕਸ਼ਮੀਰ ਵਿਚ ਪੀਪਲਜ਼ ਡੈਮੋਕਰੈਟਿਕ ਪਾਰਟੀ ਨਾਲੋਂ ਗਠਜੋੜ ਤੋੜ ਕੇ ਮਹਿਬੂਬਾ ਮੁਕਤੀ ਸਰਕਾਰ ਤੋਂ ਸਮਰਥਨ ਵਾਪਸ ਲੈ ਲਿਆ ਹੈ। ਭਾਜਪਾ ਦੇ ਸਾਰੇ ਮੰਤਰੀਆਂ ਨੇ ਅੱਜ ਅਸਤੀਫ਼ਾ ਦੇ ਦਿੱਤਾ। ਮਹਿਬੂਬਾ ਨੇ ਵੀ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਦੋਵੇਂ ਦਲਾਂ ਵਿਚਾਲੇ ਤਿੰਨ ਸਾਲ ਪਹਿਲਾਂ ਗਠਜੋੜ ਹੋਇਆ ਸੀ। ਕਾਂਗਰਸ ਅਤੇ ਪੀ.ਡੀ.ਪੀ. ਨੇ ਇਕ ਦੂਜੇ ਨਾਲ ਗਠਜੋੜ ਦੀ ਸੰਭਾਵਨਾ ਤੋਂ ਇਨਕਾਰ ਕੀਤਾ ਹੈ। ਦੂਜੇ ਪਾਸੇ ਨੈਸ਼ਨਲ ਕਾਨਫਰੰਸ ਨੇਤਾ ਉਮਰ ਅਬਦੁਲਾ ਨੇ ਵੀ ਕਿਸੇ ਗਠਜੋੜ ਦੀ ਸੰਭਾਵਨਾ ਤੋਂ ਨਾਂਹ ਕਰ ਦਿੱਤੀ ਹੈ। ਰਾਜਪਾਲ ਐਨ.ਐਨ. ਵੋਹਰਾ ਦਾ ਇਸ ਮਹੀਨੇ ਕਾਰਜਕਾਲ ਖ਼ਤਮ ਹੋ ਰਿਹਾ ਹੈ। ਚਰਚਾ ਇਹ ਹੈ ਕਿ ਉਨ੍ਹਾਂ ਦੇ ਕਾਰਜਕਾਲ ਨੂੰ ਵਧਾਇਆ ਜਾ ਰਿਹਾ ਹੈ। ਅਜਿਹੇ ਵਿਚ ਗਵਰਨਰੀ ਰਾਜ ਲਾਗੂ ਹੋਣ ਦੇ ਆਸਾਰ ਜ਼ਿਆਦਾ ਹਨ। ਨਵੀਂ ਦਿੱਲੀ ਵਿਚ ਭਾਜਪਾ ਆਗੂ ਰਾਮ ਮਾਧਵ ਨੇ ਪ੍ਰੈਸ ਕਾਨਫਰੰਸ ਕਰਕੇ ਕਿਹਾ ਕਿ ਵਾਦੀ ਵਿਚ ਅਤਿਵਾਦ, ਕੱਟੜਵਾਦ ਅਤੇ ਹਿੰਸਾ ਵੱਧ ਰਹੀ ਹੈ। ਅਜਿਹੇ ਮਾਹੌਲ ਵਿਚ ਸਰਕਾਰ ਵਿਚ ਰਹਿਣਾ ਮੁਸ਼ਕਲ ਹੈ। ਰਮਜ਼ਾਨ ਦੇ ਦੌਰਾਨ ਕੇਂਦਰ ਸਰਕਾਰ ਨੇ ਸ਼ਾਂਤੀ ਦੇ ਮਕਸਦ ਨਾਲ ਫ਼ੌਜੀ ਆਪ੍ਰੇਸ਼ਨ ਰੋਕ ਦਿੱਤੇ ਸਨ ਪਰ ਬਦਲੇ ਵਿਚ ਸ਼ਾਂਤੀ ਨਹੀਂ ਮਿਲੀ। ਜੰਮੂ ਅਤੇ ਕਸ਼ਮੀਰ ਵਿਚ ਸਰਕਾਰ ਦੇ ਭੇਦਭਾਵ ਕਾਰਨ ਭਾਜਪਾ ਗਠਜੋੜ ਵਿਚ ਨਹੀਂ ਰਹਿ ਸਕੀ। ਰਮਜ਼ਾਨ ਦੇ ਦੌਰਾਨ ਸੁਰੱਖਿਆ ਬਲਾਂ ਦੇ ਅਤਿਵਾਦੀਆਂ ਖਿਲਾਫ਼ ਆਪ੍ਰੇਸ਼ਨ ਰੋਕਣ ਦੇ ਸਬੰਧ ਵਿਚ ਭਾਜਪਾ ਅਤੇ ਪੀ.ਡੀ.ਪੀ. ਵਿਚ ਮਤਭੇਦ ਸਨ। ਮਹਿਬੂਬਾ ਦੇ ਦਬਾਅ ਹੇਠ ਕੇਂਦਰ ਨੇ ਗੋਲੀਬੰਦੀ ਕੀਤੀ ਸੀ ਪਰ ਇਸ ਦੌਰਾਨ ਕਸ਼ਮੀਰ ਵਾਦੀ ਵਿਚ 66 ਅਤਿਵਾਦੀ ਹਮਲੇ ਹੋਏ। ਪਿਛਲੇ ਮਹੀਨੇ 48 ਤੋਂ ਵੀ ਜ਼ਿਆਦਾ ਅਤਿਵਾਦੀ ਵਾਰਦਾਤਾਂ ਹੋਈਆਂ। ਆਪ੍ਰੇਸ਼ਨ ਆਲ ਆਊਟ ਨੂੰ ਲੈ ਕੇ ਵੀ ਭਾਜਪਾ-ਪੀ.ਡੀ.ਪੀ. ਵਿਚਾਲੇ ਮਤਭੇਦ ਸਨ। ਪੀ.ਡੀ.ਪੀ. ਚਾਹੁੰਦੀ ਸੀ ਕਿ ਕੇਂਦਰ ਸਰਕਾਰ ਹੁਰੀਅਤ ਸਣੇ ਸਾਰੇ ਵੱਖਵਾਦੀਆਂ ਨਾਲ ਗੱਲਬਾਤ ਕਰੇ ਪਰ ਭਾਜਪਾ ਇਸ ਦੇ ਪੱਖ ਵਿਚ ਨਹੀਂ ਸੀ। ਮਹਿਬੂਬਾ ਮੁਫ਼ਤੀ ਨੇ ਕਿਹਾ ਕਿ ਭਾਜਪਾ ਦੇ ਨਾਲ ਗਠਜੋੜ ਦਾ ਮਕਸਦ ਮੇਲ ਮਿਲਾਪ, ਪਾਕਿਸਤਾਨ ਦੇ ਨਾਲ ਚੰਗੇ ਰਿਸ਼ਤੇ ਅਤੇ ਇਥੋਂ ਦੇ ਲੋਕਾਂ ਦੇ ਨਾਲ ਗੱਲਬਾਤ ਦਾ ਸੀ। ਉਨ੍ਹਾਂ ਕਿਹਾ ਕਿ ਤਿੰਨ ਸਾਲ ਤੱਕ ਉਨ੍ਹਾਂ ਨੇ ਇਸ ਮਕਸਦ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕੀਤੀ।

### ਗਠਜੋੜ ਤੋੜਨ ਦੇ ਕਾਰਨ

- ਵਾਦੀ 'ਚ ਅਤਿਵਾਦ ਤੇ ਹਿੰਸਕ ਘਟਨਾਵਾਂ 'ਚ ਵਾਧਾ
- ਜੰਮੂ ਅਤੇ ਕਸ਼ਮੀਰ ਖੇਤਰ ਵਿਚਾਲੇ ਮਤਭੇਦ

**ਦੇਸ਼ 'ਚ ਹੋ ਰਹੀ ਬਦਨਾਮੀ ਦੇ ਕਾਰਨ ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਚਾਹੁੰਦੀ ਸੀ ਪੀ.ਡੀ.ਪੀ. ਤੋਂ ਮੁਕਤੀ**

### 2 ਮੁੱਦਿਆਂ 'ਤੇ ਮਤਭੇਦ ਵਧੇ

- ਮਹਿਬੂਬਾ ਨੇ ਦਬਾਅ ਪਾ ਕੇ ਰਮਜ਼ਾਨ ਦੌਰਾਨ ਗੋਲੀਬੰਦੀ ਕਰਵਾਈ, ਇਸ ਦੌਰਾਨ ਹਮਲੇ ਵਧੇ
- ਪੀ.ਡੀ.ਪੀ. ਵੱਖਵਾਦੀਆਂ ਨਾਲ ਗੱਲਬਾਤ ਦੀ ਚਾਹਵਾਨ ਸੀ, ਭਾਜਪਾ ਇਸ ਦੇ ਖਿਲਾਫ਼

**Insurance**

Personal & Commercial

Business, Liability, Disability, Workers Comp., E & O, Auto, Home,




917-612-3158

www.whitestonecorpusa.com


Elite
bollywood entertainment
www.elitebollywood.com
VIJAY TANEJA OF ELITE BOLLYWOOD ENTERTAINMENT INC &
VELOCITY FINANCIAL SOLUTIONS PROUDLY PRESENTS
Velocity Commercial Investments, Inc.
www.vcinvestmentsinc.com
SAHIL PROMOTIONS & ZEE TV PRESENTS
CATCH THE BIG BANG BY BOLLYWOOD SUPERSTARS
DA-BANGG
THE TOUR
RELOADED
LIVE CONCERT
INTERNATIONAL PROMOTER
SAHIL PROMOTIONS
POWERED BY
CHICAGO IMPORT
AARA
www.aaraofmd.org
ZEE TV HD
INTERNATIONAL PROMOTER
BHAVESH PATEL
DCdjs
LEGAL PARTNER
CHAWLA RAVANI
WEB/SEO PARTNER
EVENT MANAGED, SCRIPTED, DIRECTED
BY SOHAIL KHAN ENTERTAINMENT & JA EVENTS
TRAVEL PARTNER
ONLINE MEDIA PARTNER
BOLLYWOOD hungama
FRIDAY JULY 6TH 2018 | 8:00PM
Capital One
601 F STREET NW,
WASHINGTON DC 20004
TICKET PRICE RANGE $69, $89, $99 & UP WWW.ELITEBOLLYWOOD.COM
VIP PACKAGES PLATINUM,GOLD, ELITE VVIP SPONSORSHIP AND ADVERTISING
MORE INFO CALL VIJAY TANEJA 703-352-5800 OR 703-623-0500


nuway group
The South Asian INSIDER Voice of South Asian Community
Josh india tv
BOI BOX OFFICE INSIDER
ਪੰਜਾਬੀ ਦੁਨੀਆ
Ethnic Strategies
Most Trusted
News Media Company
Serving South Asian Amercians
The Only South Asian American Media Group that Gives you Maximum Cost Effective Reach
Americans scam and defrauded
Hurriyat hawks exp
Garbage Hill Fire Mars New Delhi's Pollution Drive
Warrant issued against Vijay Mallya
PUNJABI DUNIYA
BOX OFFICE INSIDER
A NUWAY MEDIA GROUP PUBLICATION
Mr. Perfection
December, 2016
www.boxofficeinsider.info
3 Million + Views on YouTube & Half Million fan like on Facebook
Email:sst@nuwaygroup.com
www.nuwaygroup.com
Phone: 917 612 3158

# ਅਮਿਤ ਸ਼ਾਹ ਦੇ ਗੁਰਦੁਆਰਾ ਬਾਗ ਸ਼ਹੀਦਾਂ ਪਹੁੰਚਣ ਤੇ ਕੀਰਤਨ ਕੀਤਾ ਬੰਦ

ਚੰਡੀਗੜ੍ਹ (ਪੱਤਰ ਪ੍ਰੇਰਕ)- : ਭਾਜਪਾ ਪ੍ਰਧਾਨ ਅਮਿਤਸ਼ਾਹ ਦੇ ਚੰਡੀਗੜ੍ਹ ਫੇਰੀ ਮੌਕੇ ਇਕ ਪਾਸੇ ਚੰਡੀਗੜ੍ਹ ਪ੍ਰਸ਼ਾਸ਼ਨ ਵਲੋਂ ਸਿੱਖ ਨੋਜੁਆਨਾ ਨੂੰ ਕੇਂਦਰੀ ਸਿੰਘ ਸਭਾ ਸੈਕਟਰ 28 ਦੇ ਇਕ ਕਮਰੇ ਵਿਚ ਨਜ਼ਰਬੰਦ ਰਖਿਆ ਗਿਆ ਉਥੇ ਦੂਜੇ ਪਾਸੇ ਸੈਕਟਰ 44 ਦੇ ਗੁਰਦੁਆਰਾ ਸਾਹਿਬ ਬਾਗ ਸ਼ਹੀਦਾਂ ਜੋ ਸ਼੍ਰੋਮਣੀ ਕਮੇਟੀ ਦੇ ਅਧੀਨ ਆਉਂਦਾ ਹੈ ਵਿਖੇ ਅਮਿਤ ਸ਼ਾਹ ਦੀ ਆਮਦ ਨੂੰ ਲੈ ਕੇ ਸਾਰਾ ਗੁਰਦੁਆਰਾ ਸਾਹਿਬ ਪੁਲਿਸ ਛਾਉਣੀ ਵਿਚ ਬਦਲਿਆ ਰਿਹਾ। ਇਥੋਂ ਤਕ ਕਿ ਦਰਸ਼ਨ ਡਿਊਢੀ ਵਿਖੇ ਪੁਲਿਸ ਵਲੋਂ ਮੈਟਲ ਡਿਟੈਕਟਰ ਫਰੇਮ ਰਖਿਆ ਹੋਇਆ ਸੀ। ਜਦੋਂ ਅਮਿਤ ਸ਼ਾਹ ਗੁ. ਸਾਹਿਬ ਪਹੁੰਚਿਆ ਤਾਂ ਬੀਬੀ ਹਰਜਿੰਦਰ ਅਤੇ ਹੋਰ ਸਿਆਸੀ ਅਕਾਲੀ ਭਾਜਪਾਈ ਆਗੂਆਂ ਵਲੋਂ ਗੁਲਦਸਤੇ ਦਿੱਤੇ ਗਏ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਜ਼ੂਰੀ ਵਿਚ ਜਾਣ ਸਮੇਂ ਸਾਦੇ ਕਪੜਿਆਂ ਵਿਚ ਪੁਲਿਸ ਹੀ ਪੁਲਿਸ ਸੀ ਜੋ ਪਤੱਰਕਾਰਾਂ ਨੂੰ ਵੀ ਅੰਦਰ ਜਾਣ ਤੋਂ ਰੋਕ ਰਹੀ ਸੀ ਪਰ ਪ੍ਰੈਸ ਧੱਕੇ ਨਾਲ ਅੰਦਰ ਚਲੀ ਗਈ। ਕੀਰਤਨ ਬੰਦ ਕਰਵਾ ਦਿੱਤਾ ਗਿਆ ਅਤੇ ਬੀਬੀ ਹਰਜਿੰਦਰ ਕੌਰ ਨੇ ਮਾਇਕ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਆਪਣੀਆਂ ਸਿਆਸੀ ਰੋਟੀਆਂ ਸੇਕਣ ਤੋਂ ਭੋਰਾ ਗੁਰੇਜ਼ ਨਹੀਂ ਕੀਤਾ ਅਤੇ ਅਮਿਤ ਸ਼ਾਹ ਅਤੇ ਸਿਆਸੀ ਲੀਡਰਾਂ ਨੂੰ ਹੀ ਵਡਿਆਉਂਦੀ ਰਹੀ ਅਤੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਕੇਂਦਰ ਨੇ ਲੰਗਰ ਤੋਂ ਜੀ ਐਸ ਟੀ ਹਟਾ ਕਿ ਬਹੁਤ ਵੱਡਾ ਕੰਮ ਕੀਤਾ ਹੈ। ਜਿਥੇ ਬੀਬੀ ਹਰਜਿੰਦਰ ਕੌਰ ਸਿਆਸੀ ਰੋਟੀਆਂ ਸੇਕਣ ਦੇ ਰੌਅ ਵਿਚ ਭਾਜਪਾ ਨੂੰ ਵਡਿਆ ਰਹੀ ਸੀ ਉੱਥੇ ਆਪਣੇ ਮੂੰਹ ਮੀਆਂ ਮਿੱਠੂ ਬਣਨ ਤੋਂ ਵੀ ਭੋਰਾ ਗੁਰੇਜ਼ ਨਹੀਂ ਕਰ ਰਹੀ ਸੀ। ਇਕ ਪਾਸੇ ਲੰਗਰਾਂ 'ਤੇ ਜੀ ਐਸ ਟੀ ਨੂੰ ਲੈ ਕੇ ਚੰਡੀਗੜ੍ਹ ਦੇ ਸਿੱਖ ਨੋਜੂਆਨ ਅਮਿਤ ਸ਼ਾਹ ਦਾ ਵਿਰੋਧ ਕਰਨ ਦੇ ਰੌਅ 'ਚ ਸਨ ਜਿਨ੍ਹਾਂ ਨੂੰ ਚੰਡੀਗੜ੍ਹ ਪੁਲਿਸ ਨੇ ਸਾਰਾ ਦਿਨ ਨਜ਼ਰਬੰਦ ਕਰ ਰੱਖਿਆ ਉਥੇ ਦੂਜੇ ਪਾਸੇ ਬੀਬੀ



ਹਰਜਿੰਦਰ ਕੌਰ ਲੰਗਰ ਤੋਂ ਜੀ ਐਸ ਟੀ ਹਟਾਉਣ ਦਾ ਕਹਿ ਕੇ ਆਪਣੇ ਸਿਆਸੀ ਸਾਥੀਆਂ ਸਮੇਤ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਅਮਿਤ ਸ਼ਾਹ ਨੂੰ ਸਿਰੋਪਾਓ ਅਤੇ ਕ੍ਰਿਪਾਨ ਨਾਲ ਸਨਮਾਨਿਤ ਕੀਤਾ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਅਮਿਤ ਸ਼ਾਹ ਨੇ ਇਕ ਸ਼ਬਦ ਵੀ ਨਹੀਂ ਬੋਲਿਆ ਅਤੇ ਸਿਰੋਪਾਉ ਲੈ ਕੇ ਤੁਰਦੇ ਬਣੇ। ਜਿਸ ਦੀ ਆਮ ਸੰਗਤ ਵਿਚ ਕਾਫ਼ੀ ਚਰਚਾ ਰਹੀ। ਇਸ ਮੌਕੇ ਬੀਬੀ ਨੇ ਜਿੱਥੇ ਆਪਣਾ ਸ਼ਕਤੀ ਪ੍ਰਦਰਸ਼ਨ ਕਰਦਿਆਂ ਕਿਹਾ ਕਿ ਚੰਡੀਗੜ੍ਹ ਸਮੂੰਹ ਗੁਰਦੁਆਰਾ ਪ੍ਰਬੰਧਕ ਸੰਗਠਨ ਵੀ ਉਨ੍ਹਾਂ ਦੇ ਨਾਲ ਹੈ ਉਥੇ ਸੰਗਠਨ ਦੇ ਚੇਅਰਮੈਨ ਤਾਰਾ ਸਿੰਘ ਅਤੇ ਪ੍ਰਬੰਧਕਾਂ ਨੇ ਸ਼ਰੇਆਮ ਸਿਆਸਤ ਤੋਂ ਮਨ੍ਹਾ ਕੀਤਾ। ਸ. ਤਾਰਾ ਸਿੰਘ ਨੇ ਕਿਹਾ ਸੰਗਠਨ ਇਕ ਧਾਰਮਿਕ ਸੰਸਥਾ ਹੈ ਇਸ ਦਾ ਸਿਆਸਤ ਵਿਚ ਕਿਸੇ ਨੂੰ ਲਾਹਾ ਲੈਣ ਦਾ ਕੋਈ ਹੱਕ ਨਹੀਂ ਹੈ। ਇਸ ਮੌਕੇ , ਕਿਰਨ ਖੇਰ ਤੋਂ ਇਲਾਵਾ ਸਥਾਨਕ ਸਿਆਸੀ ਭਾਜਪਾਈ ਆਗੂ, ਅਕਾਲੀ ਦਲ ਤੋਂ ਹਰਦੀਪ ਸਿੰਘ ਅਤੇ ਹੋਰ ਆਗੂ ਮੌਜੂਦ ਸਨ।

### ਪੰਥ ਦੇ ਠੇਕੇਦਾਰ ਕਹਾਉਣ ਵਾਲੇ ਬਾਦਲਾਂ ਨੂੰ ਨਹੀਂ ਕੌਮ ਦੇ ਸਨਮਾਨ ਚਿੰਨਾਂ ਦੀ ਪਰਵਾਹ ?

# ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਨੂੰ ਬਾਦਲਾਂ ਨੇ ਨੰਗੇ ਸਿਰ ਪਾਇਆ ਸਿਰੋਪਾਓ, ਦਿੱਤੀ ਸ਼੍ਰੀ ਸਾਹਿਬ



ਚੰਡੀਗੜ੍ਹ (ਪੱਤਰ ਪ੍ਰੇਰਕ)- : ਧਾਰਮਿਕ ਚਿੰਨਾਂ ਦੀ ਬੇਅਦਬੀ ਹੋਣ ਤੋਂ ਆਖਰ ਕੌਣ ਰੋਕੇਗਾ ਜਦੋਂ ਪੰਥਕ ਸੋਚ ਦੇ ਦਾਅਵੇ ਕਰਨ ਵਾਲੇ ਖੁਦ ਹੀ ਭਾਵਨਾਵਾਂ ਆਹਤ ਕਰਨ ਤੋਂ ਬਾਜ ਨਾ ਆਉਣ ? ਸਤਾ ਤੋਂ ਬਾਹਰ ਹੁੰਦਿਆਂ ਹੀ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਸਾਬਕਾ ਮੁੱਖ ਮੰਤਰੀ ਪੰਜਾਬ ਅਤੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਾਬਕਾ ਉਪ ਮੁੱਖ ਮੰਤਰੀ ਪੰਜਾਬ ਵੱਲੋਂ ਪੰਥਕ ਮੁੱਦਿਆਂ ਤੇ ਡੱਟਵਾਂ ਪਹਿਰਾ ਦੇਣ ਲਈ ਰੋਜ਼ਾਨਾ ਨਵੀਂ ਰਣਨੀਤੀ ਦਾ ਐਲਾਨ ਕੀਤਾ ਜਾਂਦਾ ਹੈ ਪਰ ਪੰਥਕ ਸੋਚ ਦੇ ਦਾਅਵੇ ਕਰਨ ਵਾਲੇ ਬਾਦਲਾਂ ਨੂੰ ਕੌਮ ਦੇ ਸਨਮਾਨ ਚਿੰਨਾਂ ਦੇ ਸਨਮਾਨ ਪ੍ਰਤੀ ਕੋਈ ਪ੍ਰਵਾਹ ਨਹੀਂ ? ਬਾਦਲਾਂ ਦੀ ਕੌਮ ਦੇ ਸਨਮਾਨ ਚਿੰਨਾਂ ਪ੍ਰਤੀ ਮਾੜੀ ਸੋਚ ਅੱਜ ਉਸ ਸਮੇਂ ਸਾਹਮਣੇ ਆਈ ਜਦੋਂ ਪੰਜਾਬ ਦੌਰੇ ਤੇ ਆਏ ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਨੂੰ ਬਾਦਲ ਪਿਓ-ਪੁੱਤਾਂ ਨੇ ਨੰਗੇ ਸਿਰ ਸਿਰੋਪਾਓ ਦਿੱਤਾ ਅਤੇ ਸ਼੍ਰੀ ਸਾਹਿਬ ਦਿੱਤੀ ਗਈ। ਇਸ ਮੌਕੇ ਉਹਨਾਂ ਦੇ ਨਾਲ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਵੀ ਸ਼ਾਮਲ ਸਨ। ਭਾਜਪਾ ਦੇ ਪ੍ਰਧਾਨ ਨੂੰ ਨੰਗੇ ਸਿਰ ਸਿਰੋਪਾਓ ਅਤੇ ਸ਼੍ਰੀ ਸਾਹਿਬ ਦੇਣ ਸਬੰਧੀ ਜਦੋਂ ਸ਼੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨਾਲ ਗੱਲ ਕਰਨੀ ਚਾਹੀ ਤਾਂ ਉਹਨਾ ਸਵਾਲ ਸੁਣਦਿਆਂ ਹੀ ਵਿਅਸਤ ਹੋਣ ਦੀ ਗੱਲ ਕਹਿਕੇ ਫੋਨ ਕੱਟ ਦਿੱਤਾ।

# ਡਾਕਟਰ ਸਾਬ ਨੇ 70 ਲੱਖ ਦੀ ਕਾਰ ਨੂੰ ਲਾਇਆ ਕੂੜਾ ਢੋਹਣ

ਭੁਪਾਲ(ਪੱਤਰ ਪ੍ਰੇਰਕ)- : ਭਾਰਤ ਦੀ ਪਹਿਲੀ ਸਪੋਰਟਸ ਕਾਰ ਡੀਸੀ ਅਵੰਤੀ ਨੂੰ ਇੱਕ ਵਿਅਕਤੀ ਨੇ ਕੂੜਾ ਢੋਹਣ ਵਾਲੀ ਕਾਰ ਬਣਾ ਦਿੱਤਾ ਹੈ। ਭਾਰਤ ਵਿੱਚ 70 ਲੱਖ ਦੀ ਕੀਮਤ ਵਾਲੀ ਇਸ ਕਾਰ ਨੂੰ ਖਰੀਦਣ ਵਾਲੇ ਬੇਹੱਦ ਘੱਟ ਲੋਕ ਹਨ। ਇਨ੍ਹਾਂ ਵਿੱਚੋਂ ਇੱਕ ਹਨ ਮੱਧ ਪ੍ਰਦੇਸ਼ ਦੇ ਭੁਪਾਲ ਦੇ ਇੱਕ ਡਾਕਟਰ, ਜਿਨ੍ਹਾਂ ਨੇ ਆਪਣੀ ਕਾਰ ਨਾਲ ਕੁਝ ਅਜਿਹਾ ਕੀਤਾ ਕਿ ਖ਼ਬਰਾਂ ਵਿੱਚ ਛਾ ਗਏ। ਪੀਲੇ ਰੰਗ ਦੀ ਇਹ ਡੀਸੀ ਆਵੰਤੀ ਕਾਰ ਭੁਪਾਲ ਵਿੱਚ ਆਪਣੀ ਤਰ੍ਹਾਂ ਦੀ ਇਕਲੌਤੀ ਕਾਰ ਹੈ। ਕਾਰ ਦੇ ਮਾਲਕ ਅਭੀਨੀਤ ਗੁਪਤਾ ਪੇਸ਼ੇ ਤੋਂ ਡਾਕਟਰ ਹਨ ਪਰ ਡਾਕਟਰ ਸਾਬ ਪ੍ਰਧਾਨ ਮੰਤਰੀ ਦੀ ਸਵੱਛ ਭਾਰਤ ਮੁਹਿੰਮ ਵਿੱਚ ਆਪਣਾ ਯੋਗਦਾਨ ਪਾਉਣ ਲਈ ਆਪਣੀ ਇਸ ਮਹਿੰਗੀ ਗੱਡੀ ਨੂੰ ਕੂੜਾ ਢੋਹਣ ਦੇ ਕੰਮ 'ਤੇ ਲਾ ਦਿੱਤਾ। ਇਸੇ ਕਾਰਨ ਹੀ ਉਹ ਦੇਸ਼ ਭਰ ਵਿੱਚ ਸੁਰਖੀਆਂ ਦਾ ਹਿੱਸਾ ਬਣ ਗਏ। ਉਨ੍ਹਾਂ ਸ਼ਹਿਰ ਦੀ ਸਫ਼ਾਈ ਕਰਨ ਲਈ ਕੂੜੇ ਦੀ ਵੈਨ ਨੂੰ ਆਪਣੀ ਸਪੋਰਟਸ ਕਾਰ ਨਾਲ ਬੰਨ੍ਹਿਆ ਤੇ ਉਸ ਨੂੰ ਟਿਕਾਣੇ ਲਾਉਣ ਲਈ ਨਿਕਲ ਪਏ। ਇਹੋ ਨਹੀਂ, ਉਨ੍ਹਾਂ ਸਿਤਾਰਿਆਂ ਤੇ ਆਪਣੇ ਦੋਸਤਾਂ ਨੂੰ ਅਜਿਹਾ ਕਰਦੇ ਹੋਏ ਆਪਣੇ ਸ਼ਹਿਰ ਦੀ ਸਫਾਈ ਯੋਗਦਾਨ ਦੇਣ ਦੀ ਅਪੀਲ ਕੀਤੀ ਹੈ।

# ਰਾਜ ਕਰੇਗਾ ਖਾਲਸਾ ਦੇ ਸਕੰਲਪ ਵਾਲੀ ਸਿੱਖ ਕੌਮ ਨੇ ਖਾਲਸਾ ਰਾਜ ਦਾ ਸਥਾਪਨਾ ਦਿਹਾੜਾ ਵੀ ਵਿਸਾਰਿਆ



ਭਾਵੇਂ ਹਰ ਸਿੱਖ ਦਿਨ ਵਿੱਚ ਦੋ ਵੇਲੇ ਅਰਦਾਸ ਕਰਨ ਸਮੇਂ 'ਰਾਜ ਕਰੇਗਾ ਖਾਲਸਾ' ਦਾ ਦੋਹਰਾ ਪੜ ਰਿਹਾ ਹੈ, ਪਰ ਆਗੂ ਵਿਹੂਣੀ ਹੋਈ ਸਿੱਖ ਕੌਮ ਰਾਜਭਾਗ ਦੀ ਗੱਲ ਨੂੰ ਬਿਲਕੁਲ ਵਿਸਾਰ ਚੁੱਕੀ ਹੈ। ਜਿਸ ਦੀ ਤਾਜ਼ਾ ਉਦਾਹਰਣ ਇਸ ਗੱਲ ਤੋਂ ਲਈ ਜਾ ਸਕਦੀ ਹੈ ਕਿ ਸਿੱਖ ਕੌਮ ਪਹਿਲੇ 'ਸਿੱਖ ਰਾਜ' ਭਾਵ 'ਦਰਬਾਰ-ਏ-ਖਾਲਸਾ' ਦੀ ਸਥਾਪਨਾ ਦਾ ਦਿਹਾੜਾ ਮਨਾਉਣਾ ਵੀ ਭੁੱਲ ਗਈ ਹੈ। ਇੱਕ ਪਾਸੇ ਜਿਥੇ ਟਕਸਾਲੀਆਂ ਅਤੇ ਮਿਸ਼ਨਰੀਆਂ ਵਿੱਚ ਵਿਚਾਰਾਂ ਦੀ ਜੰਗ ਸਿਖਰਾਂ 'ਤੇ ਪੁੱਜ ਚੁੱਕੀ ਹੈ, ਉਥੇ ਦੂਜੇ ਪਾਸੇ ਸਿੱਖਾਂ ਦੀਆਂ ਸਿਆਸੀਆਂ ਪਾਰਟੀਆਂ ਨੇ ਵੋਟਾਂ ਵਟੋਰਨ ਲਈ ਸਾਰੇ ਸਿੱਖਂ ਸਿਧਾਂਤਾਂ ਨੂੰ ਤਿਲਾਂਜ਼ਲੀ ਦੇ ਦਿੱਤੀ ਹੈ। ਸਿੱਖਾਂ ਦੀਆਂ ਜੇਹੜੀਆਂ ਸਿਆਸੀ ਜਮਾਤਾਂ ਵੱਖਰੇ ਸਿੱਖ ਰਾਜ ਜਾਂ ਖਾਲਿਸਤਾਨ ਦੀ ਗੱਲ ਕਰਦੀਆਂ ਹਨ, ਉਹਨਾਂ ਜਥੇਬੰਦੀਆਂ ਵੱਲੋਂ ਵੀ ਪਹਿਲੇ ਸਿੱਖ ਰਾਜ ਦੇ ਸਥਾਪਨਾ ਦਿਹਾੜੇ 'ਤੇ ਕਿਤੇ ਕੋਈ ਸਮਾਗਮ ਕੀਤੇ ਜਾਣ ਜਾਂ ਕੌਮ ਨੂੰ ਸਿੱਖ ਰਾਜ ਦਾ ਚੇਤਾ ਕਰਵਾਉਣ ਲਈ ਕੋਈ ਵਿਸ਼ੇਸ ਉਪਰਾਲਾ ਕਰਨ ਦੀ ਕਿਧਰੇ ਵੀ ਕੋਈ ਇਕਟੀਵਿਟੀ ਨਜਰ ਨਹੀਂ ਆਈ। ਜਿਥੇ ਸਿੱਖਾਂ ਦੀਆਂ ਸਿਆਸੀ ਜਮਾਤਾਂ ਇਸ ਮੌਕੇ ਸ਼ਾਹਕੋਟ ਵਿਧਾਨ ਸਭਾ ਦੀ ਜ਼ਿਮਨੀ ਚੋਣ ਵਿੱਚ ਉਲਝੀਆਂ ਹੋਈਆਂ ਹਨ, ਉਥੇ ਸਿੱਖਾਂ ਦੀਆਂ ਧਾਰਮਿਕ ਜਥੇਬੰਦੀਆਂ ਟਕਸਾਲੀਆਂ ਅਤੇ ਮਿਸ਼ਨਰੀਆਂ ਦੀ ਵਿਚਾਰਕਧਾਰਕ ਲੜਾਈ ਵਿੱਚ ਜ਼ੋਰ ਅਜ਼ਮਾਈ ਕਰਨ ਲੱਗੀਆਂ ਹੋਈਆਂ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਕਿਸੇ ਵੀ ਧਾਰਮਿਕ ਜਥੇਬੰਦੀ ਵੱਲੋਂ ਵੀ ਕੋਈ ਅਜਿਹਾ ਉਪਰਾਲਾ ਨਹੀਂ ਕੀਤਾ ਗਿਆ, ਜਿਥੇ ਸਿੱਖ ਕੌਮ ਨੂੰ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿੱਚ ਕਾਇਮ ਹੋਏ ਪਹਿਲੇ ਸਿੱਖ ਰਾਜ ਦੀ ਯਾਦ ਦਿਵਾਈ ਜਾਂਦੀ। ਅਸਲ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਸਿੱਖ ਰਾਜ ਦਾ ਪਤਨ ਕਰਨ ਵਾਲੇ ਅੰਗਰੇਜ ਹਾਕਮਾਂ ਨੇ ਸਿੱਖਾਂ ਵਿਚੋਂ ਰਾਜ ਭਾਗ ਦੀ ਭਾਵਨਾ ਨੂੰ ਖਤਮ ਕਰਨ ਲਈ ਕਈ ਤਰਾਂ ਦੀਆਂ ਚਾਲਾਂ ਚੱਲੀਆਂ। ਅੰਗਰੇਜਾਂ ਨੇ ਜਿਥੇ ਸਿੱਖਾਂ ਦੇ ਆਖਰੀ ਮਹਾਰਾਜੇ ਦਲੀਪ ਸਿੰਘ ਨੂੰ ਸਿੱਖਾਂ ਤੋਂ ਦੂਰ ਕਰਕੇ ਇੰਗਲੈਂਡ ਦੀ ਧਰਤੀ 'ਤੇ ਲਿਜਾ, ਉਸਦਾ ਧਰਮ ਪਰਿਵਰਤਨ ਕਰਵਾ ਦਿੱਤਾ, ਉਥੇ ਸਿੱਖਾਂ ਦੀਆਂ ਹਥਿਆਰਬੰਦ ਨਿਹੰਗ ਸਿੰਘ ਜਥੇਬੰਦੀਆਂ ਨੂੰ ਸਰਕਾਰੀ ਰਸਦਾਂ ਆਦਿ ਬੰਨ ਕੇ ਰਾਜਭਾਗ ਦੇ ਸੁਪਨੇ ਤੋਂ ਦੂਰ ਕਰਨ ਦੀ ਚਾਲ ਚੱਲੀ। ਇਸ ਤੋਂ ਇਲਾਵਾ ਬਹੁਤ ਸਾਰੇ ਅਜਿਹੇ ਸਿੱਖ ਸੰਤਾਂ ਨੂੰ ਤਿਆਰ ਕੀਤਾ, ਜਿਹਨਾਂ ਨੇ ਸਿੱਖਾਂ ਨੂੰ ਰਾਜਭਾਗ ਦਾ ਸੁਪਨਾ ਭੁਲਾ ਕੇ ਸਿਰਫ ਭੋਰਿਆਂ ਵਿੱਚ ਬੈਠ ਕੇ ਮਾਲਾਂ ਫੇਰਨ ਤੱਕ ਸੀਮਤ ਕਰਨ ਦੇ ਮਿਸ਼ਨ 'ਤੇ ਕੰਮ ਕੀਤਾ। ਭਾਵੇਂ ਪੰਜਾਬ ਅੰਗਰੇਜਾਂ ਨੇ ਕਬਜੇ ਹੇਠ 100 ਸਾਲ ਰਿਹਾ, ਪਰ ਉਸ ਦੌਰਾਨ ਅੰਗਰੇਜਾਂ ਦੀਆਂ ਇਹਨਾ ਬਹੁਤ ਸਾਰੀਆਂ ਕੋਝੀਆਂ ਚਾਲਾਂ ਦੇ ਬਾਵਜੂਦ ਸਿੱਖਾਂ ਨੇ ਕਈ ਵਾਰ ਕਰਵੱਟ ਲਈ ਅਤੇ ਆਪਣੇ ਰਾਜਭਾਗ ਦੀ ਬਹਾਲੀ ਲਈ ਯਤਨ ਕੀਤੇ ਅਤੇ ਬੱਬਰ ਅਕਾਲੀ ਲਹਿਰ, ਗਦਰ ਲਹਿਰ ਅਤੇ ਸ੍ਰੋਮਣੀ ਅਕਾਲੀ ਦਲ ਦੀ ਕਾਇਮੀ ਇਸ ਦਾ ਸਬੂਤ ਹਨ।

ਇਸ ਨੂੰ ਕੌਮ ਦੀ ਬਦਕਿਸਮਤੀ ਹੀ ਕਿਹਾ ਜਾ ਸਕਦਾ ਹੈ ਕਿ ਸਿੱਖਾਂ ਦੇ ਆਗੂ 1947 ਵਿੱਚ ਭਾਰਤੀ ਲੀਡਰਸ਼ਿਪ ਦੇ ਚੁੰਗਲ ਵਿੱਚ ਫਸ ਗਏ ਅਤੇ ਵੱਡਾ ਨੁਕਸਾਨ ਕਰਵਾਕੇ ਵੀ ਆਪਣਾ ਰਾਜਭਾਗ ਵਾਪਸ ਲੈਣ ਦੀ ਥਾਂ ਭਾਰਤੀ ਹਾਕਮਾਂ ਦੀ ਝੋਲੀ ਜਾ ਪਏ। ਇਸ ਤੋਂ ਬਾਅਦ ਸਿੱਖ ਕੌਮ ਦੀ ਲੀਡਰਸ਼ਿਪ ਭਾਰਤੀ ਹਾਕਮਾਂ ਦੀਆਂ ਚਾਲਾਂ ਵਿੱਚ ਅਜਿਹੀ ਫਸੀ ਕਿ ਆਪਣੇ ਰਾਜਭਾਗ ਦੀ ਗੱਲ ਨੂੰ ਭੁੱਲ ਕੇ ਪੰਜਾਬੀ ਸੂਬੇ, ਪੰਜਾਬੀ ਬੋਲੀ ਅਤੇ ਹੋਰ ਇਲਕਾਈ ਮੰਗਾਂ ਮਨਵਾਉਣ ਲਈ ਹੀ ਕੌਮ ਦੀ ਸਾਰੀ ਊਰਜਾ ਲਗਾਉਂਦੀ ਰਹੀ। ਅਖੀਰ ਲੰਬੇ ਸਮੇਂ ਬਾਅਦ ਸਿੱਖ ਕੌਮ ਨੂੰ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਰੂਪ ਵਿੱਚ ਇੱਕ ਆਗੂ ਮਿਲਿਆ, ਜਿਸ ਨੇ ਸਿੱਖ ਕੌਮ ਰਾਜਭਾਗ ਚੇਤਾ ਵੀ ਨਹੀਂ ਕਰਵਾਇਆ, ਸਗੋਂ ਸੰਤ ਭਿੰਡਰਾਂਵਾਲਿਆਂ ਦੀ ਅਗਵਾਈ 'ਚ ਸਿੱਖ ਨੌਜਵਾਨੀ 'ਸਿੱਖ ਰਾਜ' ਦੀ ਕਾਇਮੀ ਲਈ ਮੈਦਾਨੇ ਜੰਗ ਵਿੱਚ ਕੁੱਦ ਪਈ। ਇਸ 'ਤੇ ਭਾਰਤ ਦੇ ਹਾਕਮਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ ਅਤੇ ਭਾਰਤ ਸਰਕਾਰ ਨੇ ਇੰਗਲੈਂਡ ਅਤੇ ਰੂਸ ਦੀ ਸਰਕਾਰ ਨਾਲ ਮਿਲ ਕੇ ਪੂਰੀ ਤਾਕਤ ਝੋਕਦਿਆਂ ਜੂਨ ਚੌਰਾਸੀ ਵਿੱਚ ਸਾਕਾ ਦਰਬਾਰ ਸਾਹਿਬ ਨੂੰ ਅੰਜਾਮ ਦਿਤਾ। ਸੰਤਾਂ ਦੀ ਸ਼ਹੀਦੀ ਉਪਰੰਤ ਨਵੰਬਰ ਚੌਰਾਸੀ ਵਿੱਚ ਸਿੱਖ ਕੌਮ ਦੀ ਨਸ਼ਲਕੁਸ਼ੀ ਕਰਕੇ ਸਿੱਖ ਕੌਮ ਨੂੰ ਰਾਜਭਾਗ ਦੀ ਗੱਲ ਭੁਲਾਉਣ ਲਈ ਲਗਾਤਾਰ ਦਸ ਸਾਲ ਪੰਜਾਬ ਦੀ ਧਰਤੀ 'ਤੇ ਸਿੱਖ ਨੌਜਵਾਨੀ ਦਾ ਸ਼ਿਕਾਰ ਖੇਡਿਆ। ਇਸ ਉਪਰੰਤ ਸਿੱਖਾਂ ਦੀ ਲੀਡਰਸ਼ਿਪ ਨੇ ਪੂਰੀ ਤਰਾਂ ਭਾਰਤੀ ਹਾਕਮਾਂ ਦੀ ਅਧੀਨਗੀ ਨੂੰ ਕਬੂਲਦਿਆਂ ਪੰਜਾਬ ਦੀ ਸੂਬੇਦਾਰੀ ਲੈ ਲਈ ਅਤੇ ਸਾਕਾ ਦਰਬਾਰ ਸਾਹਿਬ ਤੋਂ 34 ਸਾਲ ਬਾਅਦ ਵੀ ਸਿੱਖ ਰਾਜ ਦੀ ਗੱਲ ਕਰਨ ਦੀ ਕਿਸੇ ਵੱਲੋਂ ਜੁਰਅਤ ਤੱਕ ਨਹੀਂ ਕੀਤੀ ਗਈ।

ਭਾਵੇਂ ਇਹਨਾਂ 34 ਸਾਲਾਂ ਵਿੱਚ ਅੱਜ ਕੌਮ ਦੇ ਹਾਲਤ ਬਹੁਤ ਬਦਲ ਗਏ ਹਨ ਅਤੇ ਸਿੱਖ ਕੌਮ ਨੇ ਵਿਦੇਸ਼ਾਂ ਵਿੱਚ ਆਪਣੀ ਪੁਜੀਸ਼ਨ ਬਹੁਤ ਮਜਬੂਤ ਕਰ ਲਈ ਹੈ। ਅੱਜ ਜਦੋਂ ਕਨੇਡਾ ਵਰਗੇ ਮੁਲਕ ਦਾ ਰੱਖਿਆ ਮੰਤਰਾਲਾ ਸਿੱਖਾਂ ਕੋਲ ਹੈ, ਕਨੇਡਾ ਦੇ ਪ੍ਰਧਾਨ ਮੰਤਰੀ ਬਣਨ ਲਈ ਇੱਕ ਸਿੱਖ ਵੱਲੋਂ ਤਿਆਰੀ ਕੀਤੀ ਜਾ ਰਹੀ ਹੈ, ਅਮਰੀਕਾ, ਅਸਟਰੇਲੀਆ, ਇੰਗਲੈਂਡ ਸਮੇਤ ਯੂਰਪ ਦੇ ਬਹੁਤ ਸਾਰੇ ਦੇਸਾਂ ਵਿੱਚ ਸਿੱਖਾਂ ਨੇ ਆਪਣੀ ਧਾਂਕ ਜਮਾ ਰੱਖੀ ਹੈ ਤਾਂ ਅਜਿਹੇ ਹਾਲਤਾਂ ਵਿੱਚ ਵੀ ਪੰਜਾਬ ਦੇ ਸਿੱਖ ਆਗੂਆਂ ਵੱਲੋਂ 'ਸਿੱਖਰਾਜ' ਦੇ ਸਕੰਲਪ ਨੂੰ ਤਿਲਾਂਜ਼ਲੀ ਦੇਣਾ ਕੌਮ ਲਈ ਬਹੁਤ ਵੱਡੇ ਸਵਾਲ ਖੜੇ ਕਰਦਾ ਹੈ ਅਤੇ ਸਮਾਂ ਮੰਗ ਕਰਦਾ ਹੈ ਕਿ ਸਿੱਖਾਂ ਨੂੰ ਮੌਜੂਦਾ ਲੀਡਰਸ਼ਿਪ ਦੀ ਥਾਂ ਅਜਿਹੇ ਨਵੇਂ ਆਗੂ ਦੀ ਤਲਾਸ਼ ਕਰਨੀ ਚਾਹੀਦੀ ਹੈ, ਜੋ ਦੁਨੀਆਂ ਦੇ ਸੰਧਰਵ ਵਿੱਚ ਸਿੱਖ ਕੌਮ ਨੂੰ ਪੈਰਾਂ ਸਿਰ ਖੜੀ ਕਰਨ ਦੀ ਸਮਰੱਥਾ ਰੱਖਦਾ ਹੋਵੇ ਅਤੇ ਕੌਮ ਦਾ ਖੁਸਿਆ ਮਾਣ ਸਨਮਾਨ ਅਤੇ ਰਾਜਭਾਗ ਕਾਇਮ ਕਰ ਸਕੇ।

## ਬਰਗਾੜੀ ਬੇਅਦਬੀ ਕਾਂਡ 'ਚ ਸੌਦਾ ਸਾਧ ਦਾ ਹੱਥ ਜੱਗ ਜਾਹਰ ਹੋਇਆ

# ਸੌਦਾ ਸਾਧ ਦੀ 45 ਮੈਂਬਰੀ ਕਮੇਟੀ ਦਾ ਮੈਂਬਰ ਮੁੱਖ ਦੋਸ਼ੀ, ਚਾਰ ਸਾਥੀਆਂ ਸਮੇਤ ਪੁਲਿਸ ਨੇ ਕੀਤਾ ਕਾਬੂ

ਕੋਟਕਪੂਰਾ (ਪੱਤਰ ਪ੍ਰੇਰਕ)- : ਬਰਗਾੜੀ ਦੀ ਦਾਣਾ ਮੰਡੀ ਵਿਖੇ ਸ਼ੁਰੂ ਕੀਤੇ ਗਏ ਇਨਸਾਫ ਮੋਰਚੇ ਜਿਸ ਦੀ ਅਗਵਾਈ ਸਰਬੱਤ ਖਾਲਸਾ ਵੱਲੋਂ ਐਲਾਨੇ ਸਿੰਘ ਸਾਹਿਬ ਭਾਈ ਧਿਆਨ ਸਿੰਘ ਮੰਡ ਵੱਲੋਂ 1 ਜੂਨ ਤੋਂ ਲੈਕੇ ਨੋਵੇਂ ਦਿਨ ਵਿੱਚ ਸੰਘਰਸ਼ ਪਹੁੰਚ ਚੁੱਕਾ ਹੈ ਤਾਂ ਉਸ ਸਮੇਂ ਬੂਰ ਪੈਣਾ ਸ਼ੁਰੂ ਹੋਇਆ ਜਦੋਂ ਕੋਟਕਪੂਰਾ ਤੋਂ ਬਲਾਤਕਾਰੀ ਸੌਦਾ ਸਾਧ ਦੇ ਚੇਲੇ ਮਹਿੰਦਰਪਾਲ ਬਿੱਟੂ ਇੰਸਾਂ, ਉਸ ਦਾ ਭਰਾ ਸੁਰਿੰਦਰਪਾਲ ਇੰਸਾਂ ਸਮੇਤ ਸੁਖਜਿੰਦਰ ਸਿੰਘ ਸੰਨੀ ਪੁੱਤਰ ਹਰਜੀਤ ਸਿੰਘ ਸੁਖਵਿੰਦਰ ਸਿੰਘ ਪੁੱਤਰ ਹਰਜੀਤ ਸਿੰਘ (ਕੋਟਕਪੂਰਾ ਵਾਸੀ) ਅਤੇ ਇਨ੍ਹਾਂ ਦਾ ਨਜ਼ਦੀਕੀ ਜੱਗੀ ਮਾਨਸਾ ਨੂੰ ਪੰਜਾਬ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਹੈ । ਜਿਸ ਤੋਂ ਪੰਜਾਬ ਪੁਲਿਸ ਨੂੰ ਕਈ ਦਾਗ ਧੋਣ ਦੀ ਆਸ ਬੱਝੀ ਹੈ । ਕਰੀਬ



ਤਿੰਨ ਵਰਿਆ ਮਗਰੋ ਪੰਜਾਬ ਪੁਲਿਸ ਦੇ ਹੱਥ ਇੱਕ ਅਹਿਮ ਕੜੀ ਨੂੰ ਹੱਥ ਪਿਆ ਹੈ ਜੋ ਕਿ ਖਾਸ ਖੁਲਾਸੇ ਹੋਣ ਦੀ ਆਸ ਹੈ। ਪੰਜਾਬ ਪੁਲਿਸ ਵੱਲੋਂ ਵੱਖ ਵੱਖ ਟੀਮਾਂ ਬਣਾਕੇ ਅਲੱਗ ਅਲੱਗ ਥਾਵਾਂ ਤੇ ਗੁਪਤ ਤਰੀਕਿਆਂ ਨਾਲ ਦੋਸ਼ੀਆਂ ਦੀ ਪੈੜ ਨੱਪੀ ਜਾ ਰਹੀ ਸੀ। ਪੁਲਿਸ ਦੀ ਟੀਮ ਨੇ 7 ਜੂਨ ਦੀ ਦੁਪਿਹਰ ਦੇ ਕਰੀਬ ਹਿਮਾਚਲ ਪ੍ਰਦੇਸ਼ ਦੇ ਪਾਲਮਪੁਰ ਤੋਂ ਡੇਰਾ ਸਿਰਸਾ ਦੀ 45 ਮੈਂਬਰੀ ਕਮੇਟੀ ਦਾ ਇੱਕ ਆਗੂ ਮਹਿੰਦਰਪਾਲ ਇੰਸਾਂ ਜੋ ਕੋਟਕਪੂਰਾ ਦਾ ਵਸਨੀਕ ਹੈ ਨੂੰ ਗ੍ਰਿਫਤਾਰ ਕਰ ਲਿਆ ਹੈ ।ਇਸ ਉਪਰੰਤ 8 ਜੂਨ ਦੀ ਰਾਤ ਨੂੰ ਸੁਰਿੰਦਰਪਾਲ ਇੰਸਾਂ, ਸੁਖਜਿੰਦਰ ਸਿੰਘ ਸੰਨੀ ਪੁੱਤਰ ਹਰਜੀਤ ਸਿੰਘ, ਸੁਖਵਿੰਦਰ ਸਿੰਘ ਪੁੱਤਰ ਹਰਜੀਤ ਸਿੰਘ ਅਤੇ ਜੱਗੀ ਮਾਨਸਾ ਨੂੰ ਗ੍ਰਿਫਤਾਰ ਕਰਕੇ ਮੁੱਢਲੀ ਪੁੱਛਗਿੱਛ ਲਈ ਅਗਲੀ ਪੜਤਾਲ ਲਈ ਲੈ ਗਈ ਹੈ । ਜਦ ਪੱਤਰਕਾਰਾਂ ਦੀ ਟੀਮ ਨੇ ਇਨ੍ਹਾਂ ਪ੍ਰੇਮੀਆਂ ਦੇ ਘਰ ਗੱਲਬਾਤ ਕਰਨ ਪਹੁੰਚੀ ਤਾਂ ਸੁਖਜਿੰਦਰ ਸਿੰਘ ਸੰਨੀ ਦੀ ਮਾਤਾ ਨੂੰ ਪੁੱਛਿਆ ਤਾਂ ਦੱਸਿਆ ਕਿ ਉਹ ਅਤੇ ਉਸਦਾ ਪਰਿਵਾਰ ਪਿਛਲੇ 20-25 ਸਾਲਾਂ ਤੋਂ ਡੇਰੇ ਨਾਲ ਜੁੜੇ ਹੋਏ ਹਨ । ਜੋ ਕਿ ਸੀ.ਬੀ.ਆਈ ਦੀ ਅਦਾਲਤ ਵੱਲੋਂ ਡੇਰਾ ਸੌਦਾ ਸਾਧ ਨੂੰ ਬਲਾਤਕਾਰੀ ਮਾਮਲੇ ਵਿੱਚ ਦੋਸ਼ੀ ਕਰਾਰ ਦਿੱਤਾ ਗਿਆ ਸੀ ਤਾਂ ਸੂਤਰਾਂ ਅਨੁਸਾਰ ਪਤਾ ਲੱਗਾ ਕਿ ਸੁਖਜਿੰਦਰ ਸਿੰਘ ਸੰਨੀ ਉਸ ਰੋਸ ਵਜੋਂ ਸੰਨੀ ਨੇ ਪਟਰੋਲ ਬੰਬ ਬੋਤਲਾਂ ਬਿਜਲੀਘਰ ਗਰਿੱਡਾਂ ਤੇ ਸੁੱਟੀਆਂ ਸਨ । ਜਦ ਸਿੰਘ ਸਾਹਿਬ ਭਾਈ ਧਿਆਨ ਸਿੰਘ ਮੰਡ ਪਾਸੋਂ ਪੱਖ ਲੈਣਾ ਚਾਹਿਆ ਤਾਂ ਕਿਹਾ ਕਿ ਉਨ੍ਹਾਂ ਨੂੰ ਪੁਲਿਸ ਵੱਲੋਂ ਫੜੇ ਗਏ ਦੋਸ਼ੀਆਂ ਸਬੰਧੀ ਕੋਈ ਜਾਣਕਾਰੀ ਨਹੀਂ ਹੈ ।ਇਸ ਉਪਰੰਤ ਬਾਬਾ ਬਲਜੀਤ ਸਿੰਘ ਦਾਦੂਵਾਲ ਨਾਲ ਰਾਬਤਾ ਕਾਇਮ ਕੀਤਾ ਤਾਂ ਉਨ੍ਹਾਂ ਦੱਸਿਆ ਕਿ ਚਾਹੇ ਦੋਸ਼ੀ ਡੇਰਾ ਸਿਰਸਾ ਨਾਲ ਸਬੰਧਤ ਹੋਣ ਭਾਵੇਂ ਆਮ ਲੋਕ ਹੋਣ ਸਾਨੂੰ ਤਾਂ ਸਿਰਫ ਬੇਅਦਬੀ ਕਰਨ ਵਾਲੇ ਦੋਸ਼ੀਆਂ ਨੂੰ ਕੌਮ ਦੇ ਸਾਹਮਣੇ ਲਿਆਂਦਾ ਜਾਵੇ। ਜ਼ਿਕਰਯੋਗ ਹੈ ਕਿ ਸ਼੍ਰੀ ਗੁਰੂਗ੍ਰੰਥ ਸਾਹਿਬ ਜੀ ਦੇ ਦੋਸ਼ੀਆਂ ਨੂੰ ਕਦੋਂ ਕਰੜੀ ਤੋਂ ਕਰੜੀ ਸਜ਼ਾ ਮਿਲੇਗੀ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ।

# 135 ਕਤਲੇਆਮ ਪੀੜਤਾਂ ਦੇ ਲਾਲ ਕਾਰਡ ਰੱਦ, ਸਰਕਾਰੀ ਸਹਾਇਤਾ ਮੋੜਨ ਦਾ ਹੁਕਮ

ਅੰਮ੍ਰਿਤਸਰ:(ਪੱਤਰ ਪ੍ਰੇਰਕ)- ਲੁਧਿਆਣਾ ਵਿੱਚ ਰਹਿਣ ਵਾਲੇ ਸਿੱਖ ਕਤਲੇਆਮ ਪੀੜਤਾਂ ਦੇ 135 ਪਰਿਵਾਰਾਂ ਦੇ ਲਾਲ ਕਾਰਡ ਪੰਜਾਬ ਸਰਕਾਰ ਨੇ ਰੱਦ ਕਰ ਦਿੱਤੇ ਹਨ। ਇਸ ਕਾਰਨ ਇਨ੍ਹਾਂ ਪਰਿਵਾਰਾਂ ਵਿੱਚ ਕਾਫੀ ਰੋਸ ਹੈ। ਇਹ ਮਾਮਲਾ ਅੱਜ ਉਸ ਵੇਲੇ ਸਾਹਮਣੇ ਆਇਆ ਜਦੋਂ ਕਤਲੇਆਮ ਪੀੜਤ ਪਰਿਵਾਰ ਸ੍ਰੀ ਅਕਾਲ ਤਖਤ ਸਾਹਿਬ ਪੁੱਜੇ। ਉਨ੍ਹਾਂ ਨੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਮੰਗ ਪੱਤਰ ਦੇ ਕੇ ਉਨ੍ਹਾਂ ਨਾਲ ਹੋ ਰਹੇ ਅਨਿਆਂ ਖਿਲਾਫ ਪੰਜਾਬ ਸਰਕਾਰ ਨੂੰ ਸਖ਼ਤ ਹੁਕਮ ਜਾਰੀ ਕਰਨ ਦੀ ਅਪੀਲ ਕੀਤੀ। ਪੰਜਾਬ ਸਰਕਾਰ ਨੇ




ਵੱਖ-ਵੱਖ ਕਾਰਨਾਂ ਕਾਰਨ ਲੁਧਿਆਣਾ ਵਿੱਚ ਰਹਿ ਰਹੇ 135 ਪਰਿਵਾਰਾਂ ਦੇ ਲਾਲ ਕਾਰਡ ਰੱਦ ਕਰਕੇ ਉਨ੍ਹਾਂ ਵੱਲੋਂ ਕਾਰਡਾਂ ਰਾਹੀਂ ਲਈ ਵਿੱਤੀ ਸਹਾਇਤਾ ਵਾਪਸ ਕਰਨ ਲਈ ਕਿਹਾ ਹੈ। ਇਹ ਰਕਮ ਦੋ ਲੱਖ ਰੁਪਏ ਬਣਦੀ ਹੈ। ਹੋਰ ਤਾਂ ਹੋਰ ਇਸ ਮਾਮਲੇ ਵਿੱਚ ਲੁਧਿਆਣਾ ਵਿੱਚ ਪੰਜ ਕਤਲੇਆਮ ਪੀੜਤ ਪਰਿਵਾਰਾਂ ਖਿਲਾਫ ਮੁਕੱਦਮੇ ਵੀ ਦਰਜ ਕੀਤੇ ਗਏ ਹਨ ਜੋ ਪੈਸੇ ਵਾਪਸ ਨਹੀਂ ਕਰ ਰਹੇ। ਇਸ ਸੰਬੰਧੀ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਪਰਿਵਾਰਾਂ ਨੂੰ ਨੋਟਿਸ ਵੀ ਜਾਰੀ ਕੀਤੇ ਗਏ ਹਨ। ਉਧਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਇਸ ਮਾਮਲੇ ਵਿੱਚ ਇਨ੍ਹਾਂ ਪਰਿਵਾਰਾਂ ਨਾਲ ਮੁਲਾਕਾਤ ਕੀਤੀ।

# ਪਾਕਿਸਤਾਨ ਦੇ ਪੇਸ਼ਾਵਰ ਵਿਚ ਕਤਲ ਕੀਤੇ ਗਏ ਸਿੱਖ ਆਗੂ ਦਾ ਸ਼ੱਕੀ ਕਾਤਲ ਗ੍ਰਿਫਤਾਰ

ਇਸਲਾਮਾਬਾਦ: (ਪੱਤਰ ਪ੍ਰੇਰਕ)- ਪਾਕਿਸਤਾਨ ਦੇ ਖੈਬਰ ਪਖਤੂਨਵਾ ਸੂਬੇ ਵਿਚ ਕੁਝ ਹਫਤੇ ਪਹਿਲਾਂ ਕਤਲ ਕੀਤੇ ਗਏ ਸਿੱਖ ਆਗੂ ਸ. ਚਰਨਜੀਤ ਸਿੰਘ ਦੇ ਕਤਲ ਦੇ ਦੋਸ਼ ਵਿਚ ਪੁਲਿਸ ਵਲੋਂ ਇਕ ਸ਼ੱਕੀ ਕਾਤਲ ਨੂੰ ਗ੍ਰਿਫਤਾਰ ਕਰਨ ਦੀ ਖ਼ਬਰ ਹੈ। ਸਿੱਖ ਆਗੂ ਸ. ਚਰਨਜੀਤ ਸਿੰਘ ਅਖਬਾਰੀ



ਖ਼ਬਰਾਂ ਮੁਤਾਬਿਕ ਪੇਸ਼ਾਵਰ ਦੀ ਕੋਹਾਟ ਸੜਕ ਤੋਂ ਕੁਝ ਦਿਨ ਪਹਿਲਾਂ ਸ਼ਹਿਰਯਾਰ ਨਾਮੀਂ ਵਿਅਕਤੀ ਗ੍ਰਿਫ਼ਤਾਰ ਕੀਤਾ ਗਿਆ ਸੀ ਜਿਸ ਨੇ ਆਪਣਾ ਜ਼ੁਰਮ ਕਬੂਲ ਕਰ ਲਿਆ ਹੈ। ਖ਼ਬਰ ਮੁਤਾਬਿਕ ਉਕਤ ਵਿਅਕਤੀ ਨੇ ਮੰਨਿਅਤ ਕਿ ਉਸਨੇ ਸਿੱਖ ਆਗੂ 'ਤੇ ਗੋਲੀ ਚਲਾਈ ਸੀ ਅਤੇ ਉਸਨੇ ਆਪਣੇ ਸਾਥੀਆਂ ਦੇ ਨਾਂ ਵੀ ਪੁਲਿਸ ਨੂੰ ਦੱਸ ਦਿੱਤੇ ਹਨ। ਜਿਕਰਯੋਗ ਹੈ ਕਿ ਚਰਨਜੀਤ ਸਿੰਘ ਨੂੰ ਪੇਸ਼ਾਵਰ ਵਿਚ ਮੋਟਰਸਾਈਕਲ ਸਵਾਰ ਹਮਲਾਵਰਾਂ ਨੇ ਗੋਲੀ ਮਾਰ ਕੇ ਕਤਲ ਕਰ ਦਿੱਤਾ ਸੀ ।ਆਪਣੇ ਪਰਿਵਾਰ ਸਮੇਤ 2 ਦਹਾਕੇ ਪਹਿਲਾਂ ਪੇਸ਼ਾਵਰ ਆ ਕੇ ਵਸੇ ਚਰਨਜੀਤ ਸਿੰਘ ਦਾ ਇਲਾਕੇ ਵਿਚ ਕਾਫੀ ਮਾਣ ਸਤਿਕਾਰ ਸੀ। ਉਹ ਵੱਖ-ਵੱਖ ਧਰਮਾਂ ਵਿਚ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਲਈ ਯਤ ਕਰਦੇ ਰਹਿੰਦੇ ਸਨ ਤੇ ਹੋਰ ਵੀ ਸਮਾਜ ਸੇਵਾ ਦੇ ਕਾਰਜਾਂ ਵਿਚ ਵੱਡੀ ਸ਼ਮੂਲੀਅਤ ਕਰਦੇ ਸਨ।


# ਸਿੰਘ ਸਹਿਬਾਨ ਨੇ ਹਰਨੇਕ ਸਿੰਘ ਨੇਕੀ ਨੂੰ ਪੰਥ 'ਚੋਂ ਛੇਕਿਆ



ਅੰਮ੍ਰਿਤਸਰ(ਪੱਤਰ ਪ੍ਰੇਰਕ)- : ਤਖਤ ਸਹਿਬਾਨ ਦੇ ਜਥੇਦਾਰਾਂ ਨੇ ਨਿਊਜ਼ੀਲੈਂਡ ਤੋਂ ਰੇਡੀਓ ਵਿਰਸਾ ਚਲਾਉਂਦੇ ਹਰਨੇਕ ਸਿੰਘ ਨੇਕੀ ਨੂੰ ਪੰਥ ਵਿੱਚੋਂ ਛੇਕ ਦਿੱਤਾ ਹੈ। ਸਿੰਘ ਸਹਿਬਾਨ ਦੀ ਮੀਟਿੰਗ ਮਗਰੋਂ ਸ੍ਰੀ ਅਕਾਲ ਤਖਤ ਦੇ ਜਥੇਦਾਰ ਗੁਰਬਚਨ ਸਿੰਘ ਨੇ ਇਹ ਹੁਕਮ ਸੁਣਾਇਆ।

ਉਨ੍ਹਾਂ ਕਿਹਾ ਕਿ ਹਰਨੇਕ ਸਿੰਘ ਨੇਕੀ ਨੂੰ ਤਿੰਨ ਵਾਰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਤਲਬ ਕੀਤਾ ਸੀ। ਉਹ ਪੇਸ਼ ਨਹੀਂ ਹੋਏ ਜਿਸ ਕਰਕੇ ਉਨ੍ਹਾਂ ਨੂੰ ਸਿੰਘ ਪੰਥ ਵਿੱਚੋਂ ਛੇਕ ਦਿੱਤਾ ਹੈ। ਉਨ੍ਹਾਂ ਕਿਹਾ ਕਿ ਹਰਨੇਕ ਸਿੰਘ ਨੇਕੀ ਤੇ ਸਾਥੀਆਂ ਵੱਲੋਂ ਗੁਰੂ ਸਾਹਿਬਾਨ, ਇਤਿਹਾਸ ਤੇ ਸਿਖ ਸਿਧਾਂਤਾਂ ਪ੍ਰਤੀ ਕੀਤੇ ਜਾ ਰਹੇ ਪ੍ਰਚਾਰ ਨਾਲ ਸਿੱਖ ਤੇ ਸੰਗਤਾਂ ਦੇ ਹਿਰਦੇ ਵਲੂੰਧਰੇ ਗਏ ਹਨ। ਉਸ ਖ਼ਿਲਾਫ਼ ਨਿਊਜ਼ੀਲੈਂਡ ਹੀ ਨਹੀਂ ਦੇਸ਼ ਵਿਦੇਸ਼ ਦੀਆਂ ਅਮਨ ਪਸੰਦ ਸਿੱਖ ਸੰਗਤਾਂ ਵਿੱਚ ਭਾਰੀ ਰੋਸ ਦੀ ਲਹਿਰ ਹੈ। ਸਿੱਖ ਹਿਰਦਿਆਂ ਨੂੰ ਪਹੁੰਚੀ ਠੇਸ ਤੇ ਸਿੱਖ ਸੰਗਤਾਂ ਦੇ ਰੋਸ ਨੂੰ ਦੇਖਦਿਆਂ ਨੇਕੀ ਨੂੰ ਤਿੰਨ ਵਾਰ ਤਲਬ ਕੀਤਾ ਗਿਆ ਪਰ ਉਹ ਨਹੀਂ ਆਏ। ਉਨ੍ਹਾਂ ਕਿਹਾ ਕਿ ਸਮੂਹ ਨਾਨਕ ਨਾਮ ਲੇਵਾ ਸੰਗਤਾਂ ਨੂੰ ਆਦੇਸ਼ ਕੀਤਾ ਜਾਂਦਾ ਹੈ ਕਿ ਹਰਨੇਕ ਸਿੰਘ ਨਾਲ ਕਿਸੇ ਵੀ ਕਿਸਮ ਦਾ ਧਾਰਮਿਕ ਰਾਜਨੀਤਕ ਤੇ ਸਮਾਜਿਕ ਸਬੰਧ ਨਾ ਰੱਖਿਆ ਜਾਵੇ। ਇਸ ਦਾ ਜੋ ਵਿਰਸਾ ਨਾਮਕ ਰੇਡੀਓ ਚੱਲ ਰਿਹਾ ਹੈ, ਉਸ ਨੂੰ ਬੰਦ ਕਰਵਾਉਣ ਵਾਸਤੇ ਕਾਨੂੰਨੀ ਕਾਰਵਾਈ ਕੀਤੀ ਜਾਵੇ। ਯਾਦ ਰਹੇ ਕੁਝ ਦਿਨ ਪਹਿਲਾਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਦਿੱਲੀ ਕਮੇਟੀ ਤੇ ਦਮਦਮੀ ਟਕਸਾਲ ਦੇ ਵਫ਼ਦ ਨੇ ਨਿਊਜ਼ੀਲੈਂਡ ਦੀ ਹਾਈ ਕਮਿਸ਼ਨ ਜੋਆਨਾ ਕੇਮਪਕਰਜ਼ ਨਾਲ ਮੁਲਾਕਾਤ ਕਰਕੇ ਨੇਕੀ ਖਿਲਾਫ ਕਾਰਵਾਈ ਮੰਗੀ ਸੀ। ਸ਼੍ਰੋਮਣੀ ਕਮੇਟੀ ਨੇ ਨੇਕੀ 'ਤੇ ਰੇਡੀਓ ਵਿਰਸਾ ਰਾਹੀਂ ਗੁਰਮਤਿ ਵਿਰੋਧੀ ਪ੍ਰਚਾਰ ਦਾ ਇਲਜ਼ਾਮ ਲਾਉਂਦਿਆਂ ਪੰਥ ਵਿਰੋਧੀ ਗਤੀਵਿਧੀਆਂ ਨੂੰ ਠੱਲ੍ਹ ਪਾਉਣ, ਰੇਡੀਓ ਲਾਇੰਸਸ ਰੱਦ ਕਰਨ ਤੇ ਉਸ ਵਿਰੁੱਧ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਲਈ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ ਸੀ।

# ਜਗਤਾਰ ਸਿੰਘ ਜੱਗੀ 'ਤੇ ਤਸ਼ੱਦਦ ਕਰਨ ਵਿਚ ਪੰਜਾਬ ਪੁਲਿਸ ਦੇ ਉੱਚ ਅਧਿਕਾਰੀਆਂ ਦੀ ਕਥਿਤ ਸ਼ਮੂਲੀਅਤ



ਚੰਡੀਗੜ (ਪੱਤਰ ਪ੍ਰੇਰਕ)- : ਭਾਰਤੀ ਜੇਲ੍ਹ ਵਿਚ ਨਜ਼ਰਬੰਦ ਬਰਤਾਨਵੀ ਸਿੱਖ ਨੌਜਵਾਨ ਜਗਤਾਰ ਸਿੰਘ ਜੱਗੀ ਜੌਹਲ ਨਾਲ ਪੰਜਾਬ ਪੁਲਿਸ ਵਲੋਂ ਕੀਤੇ ਅਣਮਨੁੱਖੀ ਤਸ਼ੱਦਦ ਦੀ ਚਿੱਠੀ ਜਨਤਕ ਹੋਣ ਤੋਂ ਬਾਅਦ ਇਹ ਤੱਥ ਵੀ ਸਾਹਮਣੇ ਆਏ ਹਨ ਕਿ ਜੱਗੀ ਜੌਹਲ 'ਤੇ ਅਣਮਨੁੱਖੀ ਤਸ਼ੱਦਦ ਕਰਨ ਵਾਲਿਆਂ ਵਿਚ ਪੰਜਾਬ ਪੁਲਿਸ ਦੇ ਡੀ.ਆਈ.ਜੀ ਅਤੇ ਦੋ ਐਸ.ਐਸ.ਪੀ ਪੱਧਰ ਦੇ ਉੱਚ ਅਧਿਕਾਰੀ ਵੀ ਸ਼ਾਮਿਲ ਸਨ। ਪਿਛਲੇ ਦਿਨੀਂ ਜਗਤਾਰ ਸਿੰਘ ਜੱਗੀ ਦੇ ਪਰਿਵਾਰ ਅਤੇ #FreeJaggiNow ਮੁਹਿੰਮ ਚਲਾਉਣ ਵਾਲਿਆਂ ਨੇ 2 ਹੱਥ ਲਿਖਤ ਪੰਨੇ ਜਨਤਕ ਕੀਤੇ ਸਨ ਜਿਹਨਾਂ ਬਾਰੇ ਦਾਅਵਾ ਕੀਤਾ ਗਿਆ ਸੀ ਕਿ ਉਹ ਜਗਤਾਰ ਸਿੰਘ ਜੱਗੀ ਨੇ ਭਾਰਤੀ ਜੇਲ੍ਹ ਵਿਚੋਂ ਲਿਖੇ ਸਨ। ਇਸ ਚਿੱਠੀ ਵਿਚ ਜਗਤਾਰ ਸਿੰਘ ਜੱਗੀ ਨੇ ਉਸ ਉੱਤੇ ਭਾਰਤੀ ਜੇਲ੍ਹ ਵਿਚ ਭਾਰਤੀ ਅਧਿਕਾਰੀਆਂ (ਪੰਜਾਬ ਪੁਲਿਸ) ਵਲੋਂ ਕੀਤੇ ਗਏ ਅਣਮਨੁੱਖੀ ਤਸ਼ੱਦਦ ਬਾਰੇ ਦੱਸਿਆ ਸੀ। ਇਨ੍ਹਾਂ ਹੱਥਲਿਖਤ ਪੰਨਿਆਂ ਉੱਤੇ ਹਲਾਂਕਿ ਕਿਸੇ ਦੇ ਵੀ ਹਸਤਾਖਰ ਨਹੀਂ ਸਨ ਅਤੇ ਨਾ ਹੀ ਕਿਸੇ ਪੁਲਿਸ ਅਧਿਕਾਰੀ ਦਾ ਨਾਂ ਸੀ ਜਿਸ ਨੇ ਤਸ਼ੱਦਦ ਕੀਤਾ। ਪਰ ਸਿੱਖ ਸਿਆਸਤ ਨਿਊਜ਼ ਨੂੰ ਕੁਝ ਹੋਰ ਦਸਤਾਵੇਜ ਹਾਸਿਲ ਹੋਏ ਹਨ ਜੋ ਨਾ ਕਿ ਸਿਰਫ ਇਨ੍ਹਾਂ ਹੱਥਲਿਖਤ ਪੰਨਿਆਂ ਦੀ ਪ੍ਰਮਾਣਿਕਤਾ ਬਿਆਨ ਕਰਦੇ ਹਨ ਬਲਕਿ ਉਨ੍ਹਾਂ ਕਾਰਨਾਂ ਦੀ ਵੀ ਨਿਸ਼ਾਨਦੇਹੀ ਕਰਦੇ ਹਨ ਜਿਹਨਾਂ ਕਾਰਨ ਹੱਥਲਿਖਤ ਪੰਨਿਆਂ 'ਤੇ ਕਿਸੇ ਪੁਲਿਸ ਅਧਿਕਾਰੀ ਦਾ ਨਾਮ ਜਾ ਕਿਸੇ ਦੇ ਹਸਤਾਖਰ ਨਹੀਂ ਹਨ। ਦਸਤਾਵੇਜ਼ਾਂ ਅਨੁਸਾਰ ਜਗਤਾਰ ਸਿੰਘ ਜੱਗੀ ਦੀ ਹੱਥਲਿਖਤ ਚਿੱਠੀ ਫਰਵਰੀ 2018 ਦੀ ਹੈ ਅਤੇ ਇਸਦੀ ਨਕਲ ਭਾਰਤ ਵਿਚ ਮੌਜੂਦ ਬਰਤਾਨਵੀ ਅਧਿਕਾਰੀਆਂ ਨੂੰ ਵੀ ਭੇਜੀ ਗਈ ਸੀ। ਬਰਤਾਨਵੀ ਅਧਿਕਾਰੀਆਂ ਨੂੰ ਇਹ ਵੀ ਜਾਣਕਾਰੀ ਦਿੱਤੀ ਗਈ ਸੀ ਕਿ ਜਗਤਾਰ ਸਿੰਘ ਜੱਗੀ ਨੇ ਪੁਲਿਸ ਅਧਿਕਾਰੀਆਂ ਦੇ ਨਾਮ ਨਸ਼ਰ ਨਹੀਂ ਕੀਤੇ ਕਿਉਂਕਿ ਜੇਲ੍ਹ ਤੋਂ ਅਦਾਲਤ ਲਿਜਾਂਦਿਆਂ ਸਮੇਂ ਚਿੱਠੀ ਪੁਲਿਸ ਹੱਥ ਲੱਗਣ ਦਾ ਡਰ ਸੀ।

# ਮੋਗਾ ਦੇ ਪਿੰਡ ਦੀ ਕੁੜੀ ਅਮਰੀਕਾ 'ਚ ਬਣੀ ਜੱਜ

ਕੈਲੇਫ਼ੋਰਨੀਆ (ਪੱਤਰ ਪ੍ਰੇਰਕ)- : ਦੁਨੀਆ ਦੇ ਹਰ ਕੋਨੇ 'ਚ ਪੰਜਾਬੀਆਂ ਨੇ ਆਪਣੀ ਸਫਲਤਾ ਦੇ ਝੰਡੇ ਗੱਡੇ ਹੋਏ ਹਨ। ਲਗਭਗ ਹਰ ਵੱਡੇ ਦੇਸ਼ 'ਚ ਅੱਜ ਵੀ ਪੰਜਾਬੀ ਉੱਚੇ ਅਹੁਦਿਆਂ 'ਤੇ ਕੰਮ ਕਰ ਰਹੇ ਹਨ। ਇਸੇ ਤਰ੍ਹਾਂ ਦੀ ਮਿਸਾਲ ਕਾਇਮ ਕੀਤੀ ਹੈ ਮੋਗਾ ਦੇ ਪਿੰਡ ਲੁਹਾਰਾ ਦੀ ਗੁਰਦੀਪ ਕੌਰ ਨੇ, ਜੋ ਕਿ ਆਪਣੀ ਮਿਹਨਤ ਤੇ ਲਗਨ ਸਦਕਾ ਅਮਰੀਕਾ 'ਚ ਜੱਜ ਬਣ ਗਈ ਹੈ । ਪਤਾ ਲੱਗਾ ਹੈ ਕਿ ਕੈਲੀਫੋਰਨੀਆ ਸ਼ਹਿਰ 'ਚ ਰਹਿ ਰਹੀ ਗੁਰਦੀਪ ਕੌਰ ਵਕਾਲਤ ਦੀ ਪੜ੍ਹਾਈ ਕਰਨ ਲਈ ਅਮਰੀਕਾ ਗਈ ਸੀ, ਜਿੱਥੇ ਉਸਨੇ ਪੜ੍ਹਾਈ ਦੇ ਨਾਲ-ਨਾਲ



ਅਖਬਾਰਾਂ ਵੰਡ ਕੇ ਆਪਣਾ ਖਰਚਾ ਚੁੱਕਿਆ ਅਤੇ ਡੱਟ ਕੇ ਮਿਹਨਤ ਕਰਕੇ 8 ਸਾਲ ਦੀ ਵਕਾਲਤ ਕੀਤੀ। ਦੱਸਣਯੋਗ ਹੈ ਕਿ ਈਮਾਨਦਾਰੀ ਨਾਲ ਨਿਭਾਈ ਜ਼ਿੰਮੇਵਾਰੀ ਤੋਂ ਬਾਅਦ ਗੁਰਦੀਪ ਕੌਰ ਦੀ ਜੱਜ ਦੇ ਅਹੁਦੇ ਲਈ ਨਿਯੁਕਤੀ ਹੋਈ। ਗੁਰਦੀਪ ਕੌਰ ਦੇ ਅਮਰੀਕਾ 'ਚ ਜੱਜ ਬਣਨ 'ਤੇ ਉਸਦੇ ਪਿਤਾ ਦੇ ਨਾਲ - ਨਾਲ ਪੂਰੇ ਪਿੰਡ 'ਚ ਇਸ ਸਮੇਂ ਖੁਸ਼ੀ ਦਾ ਮਾਹੌਲ ਪੈਦਾ ਹੋ ਚੁੱਕਾ ਹੈ। ਕਹਿੰਦੇ ਹਨ ਕਿ ਜੇਕਰ ਆਪਣੇ ਮਨ 'ਚ ਕਿਸੇ ਟੀਚੇ ਨੂੰ ਧਾਰ ਲਿਆ ਜਾਵੇ ਤਾਂ ਮਿਹਨਤ ਨਾਲ ਉਸ ਤੱਕ ਜ਼ਰੂਰ ਪਹੁੰਚਿਆ ਜਾ ਸਕਦਾ ਹੈ।

# ਟੋਰਾਂਟੋ 'ਚ ਆਇਆ ਤੇਜ਼ ਤੂਫਾਨ, ਲੋਕ ਹੋਏ ਪਰੇਸ਼ਾਨ

ਟੋਰਾਂਟੋ (ਪੱਤਰ ਪ੍ਰੇਰਕ)- — ਕੈਨੇਡਾ ਦੇ ਸ਼ਹਿਰ ਟੋਰਾਂਟੋ 'ਚ ਬੁੱਧਵਾਰ ਨੂੰ ਤੇਜ਼ ਤੂਫਾਨ ਆਇਆ, ਜਿਸ ਕਾਰਨ ਲੋਕਾਂ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਤੂਫਾਨ ਕਾਰਨ ਕਈ ਦਰੱਖਤ ਟੁੱਟ ਕੇ ਡਿੱਗ ਪਏ, ਜਿਸ ਕਾਰਨ ਬਿਜਲੀ ਸਪਲਾਈ ਠੱਪ ਹੋ ਗਈ। ਟੋਰਾਂਟੋ ਪੁਲਸ ਦੇ ਬੁਲਾਰੇ ਨੇ ਦੱਸਿਆ ਕਿ ਲੱਗਭਗ 46,000 ਲੋਕ ਬਿਨਾਂ ਬਿਜਲੀ ਦੇ ਰਹਿਣ ਨੂੰ ਮਜਬੂਰ ਹੋਏ। ਉਨ੍ਹਾਂ ਦੱਸਿਆ ਕਿ ਰਾਤ ਤਕਰੀਬਨ 10.00 ਵਜੇ ਤੱਕ ਬਿਜਲੀ ਸਪਲਾਈ ਨੂੰ ਮੁੜ ਬਹਾਲ ਕੀਤਾ ਗਿਆ। ਦੁਪਹਿਰ ਦੇ ਸਮੇਂ ਆਏ ਇਸ ਤੂਫਾਨ ਦਾ ਅਸਰ ਸ਼ਾਮ ਤੱਕ ਰਿਹਾ ਅਤੇ ਲੋਕਾਂ ਨੂੰ ਵੱਡੀ ਪਰੇਸ਼ਾਨੀ ਝੱਲਣੀ ਪਈ। ਪੁਲਸ ਅਤੇ ਪੈਰਾ-ਮੈਡੀਕਲ ਅਧਿਕਾਰੀ ਨੂੰ ਕਈ ਫੋਨ ਕਾਲ ਆਏ। ਤੇਜ਼ ਤੂਫਾਨ ਕਾਰਨ ਦਰੱਖਤ ਟੁੱਟ ਕੇ ਵਾਹਨਾਂ 'ਤੇ ਡਿੱਗ ਪਏ ਪਰ ਚੰਗੀ ਗੱਲ ਇਹ ਰਹੀ ਕਿ ਕੋਈ ਜ਼ਖਮੀ ਨਹੀਂ ਹੋਇਆ। ਓਧਰ ਟੋਰਾਂਟੋ ਫਾਇਰ ਸੇਵਾ ਦੇ ਅਧਿਕਾਰੀ ਮੈਥਿਊ ਪੈਗ ਨੇ ਟਵਿੱਟਰ 'ਤੇ ਟਵੀਟ ਕਰ ਕੇ ਕਿਹਾ ਕਿ ਫਾਇਰ ਫਾਈਟਰਜ਼ ਬਚਾਅ ਕੰਮ 'ਚ ਲੱਗੇ ਹੋਏ ਹਨ। ਪੁਲਸ ਅਤੇ ਬਚਾਅ ਅਧਿਕਾਰੀਆਂ ਨੇ ਦੱਸਿਆ ਕਿ ਤੂਫਾਨ ਕਾਰਨ ਕਈ ਸਟੋਰ ਪ੍ਰਭਾਵਿਤ ਹੋਏ, ਜਿਨ੍ਹਾਂ ਨੂੰ ਸਮੇਂ ਤੋਂ ਪਹਿਲਾਂ ਬੰਦ ਕਰਨਾ ਪਿਆ।

# ਸਿੰਗਾਪੁਰ 'ਚ ਟਰੰਪ ਤੇ ਕਿਮ ਦੇ ਅਮਨ ਤਰਾਨੇ

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਅਤੇ ਡੀਪੀਆਰ ਕੋਰੀਆ (ਉੱਤਰੀ ਕੋਰੀਆ) ਦੇ ਤਾਨਾਸ਼ਾਹ ਕਿਮ ਜੌਂਗ-ਉਨ ਵਿਚਕਾਰ ਸਿੰਗਾਪੁਰ ਵਿਚ ਹੋਈ ਸਿਖ਼ਰ ਵਾਰਤਾ ਨੂੰ ਪੂਰੀ ਦੁਨੀਆਂ ਨੇ ਜੇ ਤੌਖ਼ਲਿਆਂ ਨਾਲ ਨਹੀਂ, ਤਾਂ ਸਮਝਣ-ਸਮਝਾਉਣ ਵਾਲੀ ਦਿਲਚਸਪੀ ਨਾਲ ਜ਼ਰੂਰ ਦੇਖਿਆ ਹੈ। ਟਰੰਪ ਦੀ ਸ਼ਖ਼ਸੀ ਭਰੋਸੇਯੋਗਤਾ ਦਾਅ ਉੱਪਰ ਲੱਗੀ ਹੋਈ ਸੀ ਕਿਉਂਕਿ ਪਿਛਲੇ ਕਰੀਬ ਢਾਈ ਦਹਾਕਿਆਂ ਦੌਰਾਨ ਬਿਲ ਕਲਿੰਟਨ, ਜਾਰਜ ਡਬਲਿਊ ਬੁਸ਼ ਅਤੇ ਬਰਾਕ ਓਬਾਮਾ ਦੇ ਕਾਰਜਕਾਲ ਦੌਰਾਨ ਸੰਧੀਆਂ ਤੇ ਸਮਝੌਤੇ ਤਾਂ ਬਥੇਰੇ ਹੋਏ ਪਰ ਇਨ੍ਹਾਂ ਦੀ ਪੂਰੀ ਤਰ੍ਹਾਂ ਪਾਲਣਾ ਕਦੇ ਵੀ ਨਹੀਂ ਹੋਈ। ਇਥੇ ਮਾਮਲਾ ਕੋਰੀਅਨ ਪ੍ਰਾਇਦੀਪ ਵਿਚ ਸੰਤੁਲਨ, ਇਸ ਦੀ ਪਰਮਾਣੂ ਹਥਿਆਰਾਂ ਤੋਂ ਮੁਕਤੀ ਅਤੇ ਹੋਰ ਖ਼ਿੱਤਿਆਂ ਤੇ ਇਰਾਨ ਵਰਗੇ ਮੁਲਕਾਂ ਉਪਰ ਪੈਣ ਵਾਲੇ ਪ੍ਰਭਾਵ ਦਾ ਹੈ। ਇਸ ਦਾ ਪ੍ਰਭਾਵ ਚੀਨ ਦੀਆਂ ਰਣਨੀਤਕ ਗਿਣਤੀਆਂ-ਮਿਣਤੀਆਂ ਅਤੇ ਇਸ ਦੇ ਜਿੱਚ ਕਰਨ ਵਾਲੇ ਪਿੱਛਲੱਗਾਂ ਨਾਲ ਸਬੰਧਾਂ ਉਪਰ ਵੀ ਪੈਣ ਦੀ ਸੰਭਾਵਨਾ ਹੈ।

ਇਰਾਨ ਵੱਲੋਂ ਸਿੰਗਾਪੁਰ ਦੀਆਂ ਗਤੀਵਿਧੀਆਂ ਉਪਰ ਧਿਆਨਪੂਰਬਕ ਨਜ਼ਰ ਰੱਖੀ ਜਾ ਰਹੀ ਸੀ ਅਤੇ ਉਸ ਨੇ ਟਰੰਪ-ਕਿਮ ਸਿਖ਼ਰ ਵਾਰਤਾ ਸ਼ੁਰੂ ਹੋਣ ਤੋਂ ਪਹਿਲਾਂ ਸਵੇਰ ਸਮੇਂ ਹੀ ਚਿਤਾਵਨੀ ਜਾਰੀ ਕਰ ਦਿੱਤੀ ਸੀ ਕਿ ਉੱਤਰੀ ਕੋਰੀਆ ਨੂੰ ਇਰਾਨ ਨਾਲ ਹੋਈ ਪਰਮਾਣੂ ਸੰਧੀ ਤੋਂ ਟਰੰਪ ਦੇ ਭਗੌੜੇ ਹੋਣ ਨੂੰ ਜ਼ਰੂਰ ਧਿਆਨ ਵਿਚ ਰੱਖਣਾ ਚਾਹੀਦਾ ਹੈ। ਅਮਰੀਕਾ ਤੇ ਉੱਤਰੀ ਕੋਰੀਆ ਦੀਆਂ ਆਪਸੀ ਸਹਿਮਤੀਆਂ, ਅਮਰੀਕਾ ਦੇ ਇਰਾਨ ਨਾਲ ਪਰਮਾਣੂ ਸਮਝੌਤੇ ਉੱਪਰ ਆਈ ਖੜੋਤ ਤੋੜਨ ਵਿਚ ਕੁਦਰਤੀ ਤੌਰ 'ਤੇ ਅਸਰਦਾਰ ਸਾਬਤ ਹੋਣਗੀਆਂ। ਪਿਛਲੇ ਇਕ ਦਹਾਕੇ ਤੋਂ ਇਰਾਨ ਦੇ ਪਰਮਾਣੂ ਸੋਧ ਪ੍ਰੋਗਰਾਮ ਨੂੰ ਰੋਕ ਕੇ ਰੱਖਿਆ ਗਿਆ ਅਤੇ ਫਿਰ ਸਮਝੌਤਾ ਤੋੜ ਦਿੱਤਾ ਗਿਆ। ਅਸਲ ਵਿੱਚ ਮੁਕੰਮਲ ਪਰਮਾਣੂ-ਮੁਕਤੀ ਕਦੇ ਅੰਤਿਮ ਟੀਚਾ ਹੈ ਹੀ ਨਹੀਂ ਸੀ ਪਰ ਉੱਤਰੀ ਕੋਰੀਆ ਨਾਲ ਅਮਰੀਕਾ ਪਰਮਾਣੂ ਹਥਿਆਰਾਂ ਬਾਰੇ ਪ੍ਰੋਗਰਾਮ ਦਾ ਮੁਕੰਮਲ, ਤਸਦੀਕਸ਼ੁਦਾ ਅਤੇ ਅਬਦਲ ਖ਼ਾਤਮਾ ਚਾਹੁੰਦਾ ਹੈ। ਸਾਂਝੇ ਐਲਾਨਨਾਮੇ ਵਿਚ ਜਿੱਥੇ ਅਮਰੀਕਾ ਨੇ ਉੱਤਰੀ ਕੋਰੀਆ ਨੂੰ ਸੁਰੱਖਿਆ ਦੀ ਗਰੰਟੀ ਦੇਣ ਦਾ ਵਾਅਦਾ ਕੀਤਾ ਹੈ, ਉਥੇ ਬਦਲੇ ਵਿਚ ਇਸ ਨੇ ਉੱਤਰੀ ਕੋਰੀਆ ਤੋਂ ਕੋਰੀਅਨ ਪ੍ਰਾਇਦੀਪ ਦੀ ਮੁਕੰਮਲ ਪਰਮਾਣੂ-ਮੁਕਤੀ ਦੀ ਪੱਕੀ ਤੇ ਅਡੋਲ ਵੱਚਨਬੱਧਤਾ ਹਾਸਲ ਕੀਤੀ ਹੈ।

ਦੁਪਹਿਰ ਦੇ ਭੋਜ ਸਮੇਂ ਦੀ ਮੀਟਿੰਗ ਬਾਅਦ ਟਰੰਪ ਤੇ ਕਿਮ ਦੀ ਮੀਡੀਆ ਸਾਹਮਣੇ ਚਹਿਲਕਦਮੀ ਉਨ੍ਹਾਂ ਦੇ ਆਪਸ ਵਿਚ ਘੁਲਮਿਲ ਜਾਣ ਦਾ ਪ੍ਰਭਾਵ ਪਾਉਂਦੀ ਸੀ ਜਿਸ ਦਾ ਟਰੰਪ ਮੀਡੀਆ ਸਾਹਮਣੇ ਕਈ ਵਾਰ ਜ਼ਿਕਰ ਕਰ ਚੁੱਕੇ ਸਨ। ਮੁਕੰਮਲ ਪਰਮਾਣੂ-ਮੁਕਤੀ ਬਾਰੇ ਪੁੱਛਣ 'ਤੇ ਟਰੰਪ ਨੇ ਤੁਰੰਤ ਕਿਹਾ ਕਿ ਉਹ ਇਹ ਅਮਲ ਬਹੁਤ ਛੇਤੀ ਆਰੰਭ ਕਰ ਰਹੇ ਹਨ । ਟਰੰਪ ਨੇ ਮੀਡੀਆ ਨਾਲ ਦੋ ਹੋਰ ਨੁਕਤੇ ਵੀ ਸਾਂਝੇ ਕੀਤੇ ਜਿਨ੍ਹਾਂ ਉੱਪਰ ਦੋਵਾਂ ਵਿਚਕਾਰ ਸਹਿਮਤੀ ਬਣੀ। ਪਹਿਲਾ, ਅਮਰੀਕਾ ਦੱਖਣੀ ਕੋਰੀਆ ਨਾਲ ਸਾਂਝੀਆਂ ਜੰਗੀ ਮਸ਼ਕਾਂ ਬੰਦ ਕਰ ਦੇਵੇਗਾ ਜੋ ਮਹਿੰਗੀਆਂ, ਬੇਲੋੜੀਆਂ ਤੇ ਭੜਕਾਹਟ ਪੈਦਾ ਕਰਨ ਵਾਲੀਆਂ ਹਨ। ਦੂਜਾ, ਉੱਤਰੀ ਕੋਰੀਆ ਛੇ ਹਜ਼ਾਰ ਅਮਰੀਕੀ ਫ਼ੌਜੀਆਂ ਦੀਆਂ ਅਸਥੀਆਂ ਵਾਪਸ ਕਰੇਗਾ। ਇਹ ਨੁਕਤਾ ਅਮਰੀਕਾ ਦੀਆਂ ਮੱਧਕਾਲੀ ਚੋਣਾਂ ਵਿਚ ਟਰੰਪ ਦੀ ਝੰਡੀ ਗੱਡ ਸਕਦਾ ਹੈ।

2000 ਵਿਚ ਉੱਤਰੀ ਕੋਰੀਆ ਦਾ ਵਾਈਸ ਮਾਰਸ਼ਲ, ਕਿਮ ਦੇ ਪਿਤਾ ਵੱਲੋਂ ਲਿਖਿਆ ਨਿੱਜੀ ਪੱਤਰ ਲੈ ਕੇ ਤਤਕਾਲੀ ਰਾਸ਼ਟਰਪਤੀ ਬਿਲ ਕਲਿੰਟਨ ਕੋਲ ਗਿਆ ਸੀ। ਕਿਮ ਦੇ ਪਿਤਾ ਦੀ 2001 ਵਿਚ ਮੌਤ ਹੋ ਗਈ ਸੀ। ਮਗਰੋਂ ਜਾਰਜ ਡਬਲਿਊ ਬੁਸ਼ ਨੇ ਰਾਸ਼ਟਰਪਤੀ ਵਜੋਂ ਅਹੁਦਾ ਸੰਭਾਲਿਆ ਅਤੇ 9/11 ਵਾਲਾ ਭਾਣਾ ਵਾਪਰ ਗਿਆ। ਇਸ ਤੋਂ ਬਾਅਦ ਅਮਰੀਕਾ ਨੇ ਅਫ਼ਗਾਨਿਸਤਾਨ ਤੇ ਇਰਾਕ ਵਿਚ ਕ੍ਰਮਵਾਰ 2001 ਅਤੇ 2003 ਵਿਚ ਤਖ਼ਤੇ ਪਲਟਣ ਲਈ ਦਖ਼ਲ ਦਿੱਤਾ। ਬੁਸ਼ ਨੇ ਆਪਣੇ 2002 ਦੇ ਭਾਸ਼ਣ ਵਿਚ ਜਿਨ੍ਹਾਂ ਮੁਲਕਾਂ ਨੂੰ 'ਬੁਰਾਈਆਂ ਦੇ ਧੁਰੇ' ਕਰਾਰ ਦਿੱਤਾ, ਉਨ੍ਹਾਂ ਵਿਚ ਉੱਤਰੀ ਕੋਰੀਆ ਨੂੰ ਵੀ ਸ਼ਾਮਲ ਕਰ ਦਿੱਤਾ। ਇਸ ਨੇ ਉੱਤਰੀ ਕੋਰੀਆ ਦਾ ਮਾਹੌਲ ਪੂਰੀ ਤਰ੍ਹਾਂ ਬਦਲ ਕੇ ਰੱਖ ਦਿੱਤਾ ਅਤੇ ਉਹ 2003 ਵਿਚ ਪਰਮਾਣੂ ਅਪ੍ਰਸਾਰ ਸੰਧੀ ਵਿੱਚੋਂ ਬਾਹਰ ਹੋ ਗਿਆ। 2003-07 ਵਿਚਕਾਰ ਛੇ-ਮੁਲਕੀ ਗੱਲਬਾਤ ਚੱਲਦੀ-ਟੁੱਟਦੀ ਰਹੀ। ਉੱਤਰੀ ਕੋਰੀਆ ਵੱਲੋਂ 9 ਅਕਤੂਬਰ 2006 ਨੂੰ ਇੱਕ ਪਰਮਾਣੂ ਯੰਤਰ ਦੀ ਅਜ਼ਮਾਇਸ਼ ਦੇ ਬਾਵਜੂਦ 13 ਫਰਵਰੀ 2007 ਨੂੰ ਇਕ ਹੋਰ ਸਮਝੌਤਾ ਕੀਤਾ ਗਿਆ। ਉੱਤਰੀ ਕੋਰੀਆ ਇਰਾਨੀਆਂ ਵੱਲੋਂ ਘੜੇ ਮੁਹਾਵਰੇ ਵਾਂਗ 'ਨਹਿਲੇ 'ਤੇ ਦਹਿਲਾ' ਵਾਲੀ ਨੀਤੀ 'ਤੇ ਚੱਲਦਾ ਰਿਹਾ ਪਰ ਹਕੀਕਤ ਵਿੱਚ ਉਨ੍ਹਾਂ ਆਰਥਿਕ ਲਾਭ ਲੈਣ ਲਈ ਗੱਲਬਾਤ ਵੀ ਜਾਰੀ ਰੱਖੀ ਅਤੇ ਪਰਮਾਣੂ ਹਥਿਆਰ ਤੇ ਮਿਜ਼ਾਈਲ ਤਕਨਾਲੋਜੀ ਵੀ ਵਿਕਸਿਤ ਕਰਦੇ ਰਹੇ।

ਹੁਣ ਉਸ ਸਮੇਂ ਤੋਂ ਵੱਖਰਾ ਕੀ ਹੈ ? ਸ਼ਾਇਦ ਦੋ ਮੁੱਖ ਪਾਤਰ। ਜਿਵੇਂ ਸੀਐੱਨਐੱਨ ਦੀ ਕ੍ਰਿਸਟੀਆਨੇ ਐਮਨਪੋਰ ਨੇ ਟਰੰਪ ਬਾਰੇ ਕਿਹਾ ਹੈ ਕਿ ਉਹ ਜਾਂ ਤਾਂ ਧੱਕੜ ਹੋ ਸਕਦਾ ਹੈ ਅਤੇ ਜਾਂ ਫਿਰ ਤਾਉਮਰ ਆਪਣੇ ਕਾਰੋਬਾਰ ਦੌਰਾਨ ਸਿੱਖੇ ਕਾਰ-ਵਿਹਾਰ ਮੁਤਾਬਿਕ ਨਰਮੀ ਵੀ ਵਰਤ ਸਕਦਾ ਹੈ। ਇਹ ਸੰਭਵ ਹੈ ਕਿ ਨੌਜਵਾਨ ਕਿਮ, ਜਿਹੜਾ ਬੁਨਿਆਦੀ ਤੌਰ 'ਤੇ ਆਪਣੇ ਪੁਰਖਿਆਂ ਵਾਲੀ ਰੀਤ ਦਾ ਹੀ ਰਾਹੀ ਹੈ, ਨੇ ਇੰਨੀ ਕੁ ਤਾਕਤ ਜੁਟਾ ਲਈ ਹੋਵੇਗੀ ਕਿ ਉਹ ਰਣਨੀਤਕ ਤੌਰ 'ਤੇ ਨੁਕਰੇ ਲੱਗੇ ਆਪਣੇ ਮੁਲਕ ਨੂੰ ਇਸ ਮਾਹੌਲ ਵਿਚੋਂ ਬਾਹਰ ਕੱਢ ਲਿਆਏ। ਟਰੰਪ ਮੁਤਾਬਿਕ ਕਿਮ ਦੀ ਇੱਛਾ ਮੁਲਕ ਨੂੰ ਇੰਨਾ ਅੱਗੇ ਲਿਜਾਣ ਦੀ ਹੈ। ਅਜਿਹਾ ਇਸ ਕਰ ਕੇ ਸੰਭਵ ਹੋਇਆ ਕਿਉਂਕਿ ਉਹ (ਟਰੰਪ) ਆਪਣੀ ਕਹਿਣੀ ਉੱਤੇ ਖ਼ਰਾ ਉੱਤਰਨ ਦੇ ਸਮਰੱਥ ਹੈ। ਉਂਜ ਇਰਾਨ ਦੀ ਅਮਰੀਕੀ ਗਰੰਟੀ ਬਾਰੇ ਚਿਤਾਵਨੀ ਅਤੇ ਗੱਦਾਫੀ (ਜਿਸ ਨੇ ਭਿਆਨਕ ਤਬਾਹੀ ਵਾਲੇ ਹਥਿਆਰਾਂ ਵਾਲਾ ਪ੍ਰੋਗਰਾਮ ਆਪੇ ਹੀ ਤਿਆਗ ਦਿੱਤਾ ਸੀ) ਤੇ ਸੱਦਾਮ ਹੁਸੈਨ ਦਾ ਜੋ ਹਸ਼ਰ ਹੋਇਆ (ਦੋਵੇਂ ਗੱਦੀਓਂ ਲਾਹ ਦਿੱਤੇ ਤੇ ਮਾਰੇ ਗਏ), ਉਸ ਨਾਲ ਉੱਤਰੀ ਕੋਰੀਅਨਾਂ ਦੇ ਮਨ ਵਿਚ ਸ਼ੱਕ ਤਾਂ ਪੈਦਾ ਹੋਣਗੇ। ਟਰੰਪ ਦੀ ਭਰੋਸੇਯੋਗਤਾ ਜੀ-7 ਮੁਲਕਾਂ ਦੇ ਸੰਮੇਲਨ ਵਿਚ ਆਪਣੇ ਸਾਥੀਆਂ ਨਾਲ ਕੀਤੇ ਝਗੜੇ, ਖਾਸ ਕਰ ਕੇ ਕੈਨੇਡਾ ਨਾਲ, ਤੋਂ ਹੀ ਦੇਖੀ ਜਾ ਸਕਦੀ ਹੈ। ਇਹ ਝਗੜਾ ਸਾਂਝਾ ਐਲਾਨਨਾਮਾ ਜਾਰੀ ਕਰਨ ਲਈ ਸਹਿਮਤੀ ਹੋਣ ਦੇ ਕੁਝ ਘੰਟਿਆਂ ਵਿਚ ਹੀ ਹੋ ਗਿਆ ਸੀ। ਸਾਂਝਾ ਸਮਝੌਤਾ ਜਾਂ ਐਲਾਨਨਾਮਾ ਮੁਲਕ ਦੇ ਅੰਦਰ ਅਤੇ ਬਾਹਰ ਹੋਰ ਅਹਿਮ ਮੁਲਕਾਂ ਦੀਆਂ ਰਾਜਧਾਨੀਆਂ ਵਿਚ ਗਹਿਰਾਈ ਨਾਲ ਪੜਚੋਲਿਆ ਜਾਵੇਗਾ। ਰਾਸ਼ਟਰਪਤੀ ਬਰਾਕ ਓਬਾਮਾ ਦੀ ਕਿਊਬਾ ਦੇ ਮਨੁੱਖੀ ਅਧਿਕਾਰ ਰਿਕਾਰਡ ਦਾ ਧਿਆਨ ਰੱਖੇ ਬਗ਼ੈਰ ਉਸ ਨਾਲ ਸਬੰਧ ਸੁਧਾਰਨ ਦੀ ਵਿਆਪਕ ਆਲੋਚਨਾ ਹੁੰਦੀ ਆਈ ਹੈ। ਇਹ ਪੈਮਾਨਾ ਇਥੇ ਵੀ ਅਪਣਾਇਆ ਜਾ ਸਕਦਾ ਹੈ, ਭਾਵੇਂ ਟਰੰਪ ਨੇ ਕਿਹਾ ਹੈ ਕਿ ਉਸ ਨੇ ਇਹ ਮੁੱਦਾ ਉਠਾਇਆ ਤਾਂ ਸੀ ਪਰ ਬਹੁਤਾ ਜ਼ੋਰ ਨਹੀਂ ਸੀ ਦਿੱਤਾ। ਉੱਤਰੀ ਕੋਰੀਆ ਪਹਿਲਾਂ ਹੀ ਆਪਣੀ ਉਹ ਪਰਮਾਣੂ ਜਗ੍ਹਾ ਨਸ਼ਟ ਕਰ ਚੁੱਕਾ ਹੈ ਜੋ ਇਸ ਵੱਲੋਂ ਪਰਮਾਣੂ ਹਥਿਆਰਾਂ ਦੀ ਅਜ਼ਮਾਇਸ਼ ਕਰ ਲੈਣ ਬਾਅਦ ਹੁਣ ਅਹਿਮੀਅਤ ਨਹੀਂ ਰੱਖਦੀ। ਇਹ ਆਪਣਾ ਮਿਜ਼ਾਈਲ ਪ੍ਰੋਗਰਾਮ ਤਿਆਗ ਸਕਦਾ ਹੈ ਜਿਹੜਾ ਅਮਰੀਕਾ ਲਈ ਸੰਭਾਵੀ ਖ਼ਤਰਾ ਹੈ।

ਟਰੰਪ ਨੇ ਇਹ ਐਲਾਨ ਵੀ ਕੀਤਾ ਹੈ ਕਿ ਉੱਤਰੀ ਕੋਰੀਆ ਆਪਣਾ ਮਿਜ਼ਾਈਲ ਪ੍ਰੋਗਰਾਮ ਤਿਆਗ ਸਕਦਾ ਹੈ ਪਰ ਦੋਵਾਂ ਆਗੂਆਂ ਵਿਚ ਹੋਈਆਂ ਸਹਿਮਤੀਆਂ ਜਪਾਨ ਦੀ ਚਿੰਤਾ ਵਧਾ ਸਕਦੀਆਂ ਹਨ ਅਤੇ ਪਰਮਾਣੂ ਮਾਮਲੇ ਵਿਚ ਸਵੈ-ਨਿਰਭਰ ਹੋਣ ਬਾਰੇ ਸੋਚ ਸਕਦਾ ਹੈ। ਇਹ ਵੀ ਹੋ ਸਕਦਾ ਹੈ ਕਿ ਇਰਾਨ ਸੰਧੀ ਤਹਿਤ ਛੇ ਮਹੀਨੇ ਪਰਮਾਣੂ ਬਾਲਣ ਸੋਧਣ ਲਈ ਮਿਲੀ ਛੋਟ ਤਿਆਗਣ ਅਤੇ ਪਰਮਾਣੂ ਪ੍ਰੋਗਰਾਮ ਉਤੇ ਹੋਰ ਬੰਦਿਸ਼ਾਂ ਸਵੀਕਾਰਨ ਲਈ ਮਜਬੂਰ ਹੋ ਜਾਵੇ। ਟਰੰਪ ਦਾ ਵਿਚਾਰ ਹੈ ਕਿ ਬਤੌਰ ਮੁਲਕ ਇਰਾਨ ਕੋਲ ਹੁਣ ਦ੍ਰਿੜ੍ਹਤਾ ਨਹੀਂ ਹੈ ਅਤੇ ਅਸਲ ਸਮਝੌਤੇ ਲਈ ਇਸ ਦਾ ਸਵਾਗਤ ਕੀਤਾ ਜਾਵੇਗਾ। ਹੋ ਸਕਦਾ ਹੈ ਕਿ ਉਹ ਇਰਾਨੀ ਦੇਸ਼ ਭਗਤੀ ਨੂੰ ਘਟਾ ਕੇ ਦੇਖ ਰਹੇ ਹੋਣ।

ਟਰੰਪ ਨੇ ਸਗੋਂ ਹੰਕਾਰੀ ਲਹਿਜੇ ਵਿੱਚ ਕਿਹਾ ਹੈ ਕਿ ਜੇ ਕਿਤੇ ਉਸ ਨੇ ਦਹਾਕੇ ਪਹਿਲਾਂ ਗੱਲਬਾਤ ਚਲਾਈ ਹੁੰਦੀ ਤਾਂ ਹੋਰ ਵੀ ਸੁਖਾਲੀ ਕਾਮਯਾਬੀ ਹਾਸਲ ਕਰ ਲਈ ਹੁੰਦੀ। ਬੀਤੇ ਸਮੇਂ ਦੌਰਾਨ ਪੱਛਮੀ ਏਸ਼ੀਆ ਵਿਚ ਅਮਨ ਸਥਾਪਤੀ ਜਾਂ ਓਬਾਮਾ ਦੀ ਪਰਮਾਣੂ-ਮੁਕਤੀ ਵਾਲੇ ਭਾਸ਼ਣ ਲਈ ਨੋਬੇਲ ਇਨਾਮ ਦਿੱਤੇ ਗਏ ਸਨ। ਇਨ੍ਹਾਂ ਵਿਚੋਂ ਬਗ਼ੈਰ ਟੀਚੇ ਪ੍ਰਾਪਤ ਕੀਤਿਆਂ ਕੁਝ ਰਾਸ਼ਟਰਪਤੀ ਮਰ ਗਏ ਜਾਂ ਮਾਰੇ ਗਏ ਤੇ ਜਾਂ ਅਹੁਦੇ ਦੀ ਮਿਆਦ ਪੂਰੀ ਕਰ ਗਏ। ਆਸ ਕੀਤੀ ਜਾਂਦੀ ਹੈ ਕਿ ਟਰੰਪ ਅਤੇ ਕਿਮ ਇਨ੍ਹਾਂ ਨਾਲੋਂ ਵਧੇਰੇ ਕਾਮਯਾਬ ਹੋਣਗੇ।

# ਲੋਕਾਂ ਦੇ ਚੇਤਿਆਂ ਵਿੱਚ ਵਸਣ ਦੀ ਕਲਾ

*ਜ਼ਿੰਦਗੀ ਦੀ ਤੁਲਨਾ ਨਿਰਛਲ ਵਹਿੰਦੇ ਪਾਣੀਆਂ ਨਾਲ ਕੀਤੀ ਜਾਂਦੀ ਹੈ। ਵਹਿੰਦੇ ਨਿਰਛਲ ਅਤੇ ਸਾਫ਼ ਪਾਣੀ ਨੂੰ ਨਿਹਾਰਦਿਆਂ ਸਕੂਨ ਮਿਲਦਾ ਹੈ। ਦੂਜੇ ਪਾਸੇ ਦੁਰਗੰਧ ਮਾਰਦੇ ਖੜੋਤੇ ਪਾਣੀ ਲਾਗੇ ਕੋਈ ਨਹੀਂ ਖੜ੍ਹਦਾ। ਕੋਲੋਂ ਗੁਜ਼ਰਦਿਆਂ ਕਈ ਵਾਰ ਮੂੰਹ ਫੇਰ ਕੇ ਲੰਘਣਾ ਪੈਂਦਾ ਹੈ। ਅਜਿਹਾ ਖੜ੍ਹਾ ਪਾਣੀ ਜਦੋਂ ਸੁੱਕ ਜਾਂਦਾ ਹੈ ਤਾਂ ਖਿਲਰਿਆ ਚਿੱਕੜ ਆਵਾਜਾਈ ਵਿੱਚ ਵਿਘਨ ਵੀ ਪਾਉਂਦਾ ਹੈ ਅਤੇ ਕਈ ਵਾਰ ਕੱਪੜਿਆਂ 'ਤੇ ਪਏ ਚਿੱਕੜ ਦੇ ਨਿਸ਼ਾਨ ਸਫ਼ਰ ਦਾ ਮਜ਼ਾ ਹੀ ਕਿਰਕਿਰਾ ਕਰ ਦਿੰਦੇ ਹਨ। ਕਈਆਂ ਨੇ ਆਪਣੀ ਜ਼ਿੰਦਗੀ ਨੂੰ ਚੰਗੇ ਕਰਮਾਂ ਦੀ ਖ਼ੁਸ਼ਬੂ ਨਾਲ ਵਹਿੰਦੇ ਪਾਣੀਆਂ ਵਰਗਾ ਬਣਾ ਕੇ ਰੱਖਿਆ ਹੋਇਆ ਹੈ। ਲੋਕਾਂ ਦੇ ਚੇਤਿਆਂ ਵਿੱਚ ਵਸਣ ਲਈ, ਲੋਕਾਂ ਤੋਂ ਪਿਆਰ, ਅਪਣੱਤ ਅਤੇ ਸਤਿਕਾਰ ਪ੍ਰਾਪਤ ਕਰਨ ਲਈ ਆਪਣਾ ਜੀਵਨ ਨਿੱਜ ਤੋਂ ਉੱਪਰ ਉੱਠ ਕੇ ਸਮੂਹ ਨੂੰ ਸਮਰਪਿਤ ਕਰਨਾ ਜ਼ਰੂਰੀ ਹੈ। ਭਲਾਂ ਜਿਹੜੇ ਸਾਰੀ ਉਮਰ ਭਾਨ ਹੀ ਗਿਣਦੇ ਰਹੇ, ਜਿਨ੍ਹਾਂ ਦਾ ਧਿਆਨ ਆਪਣੀ ਫੁੱਲੀ ਹੋਈ ਜੇਬ 'ਤੇ ਹੀ ਕੇਂਦਰਿਤ ਰਿਹਾ, ਜਿਨ੍ਹਾਂ ਦੇ ਕਹਿਕਹਿਆਂ ਨੇ ਅੱਥਰੂਆਂ ਦਾ ਮਜ਼ਾਕ ਉਡਾਇਆ, ਜਿਨ੍ਹਾਂ ਨੇ ਦੂਜਿਆਂ ਦੀ ਇੱਜ਼ਤ ਦੀ ਸੰਘਣੀ ਛਾਂ ਵਾਲਾ ਟਾਹਣਾ ਹੀ ਕੱਟਣ ਦੀ ਕੋਸ਼ਿਸ਼ ਕੀਤੀ, ਜਿਨ੍ਹਾਂ ਨੇ ਜ਼ਿੰਦਗੀ ਦਾ ਸਫ਼ਰ ਤੈਅ ਕਰਦਿਆਂ ਆਪਣੇ ਪਿੱਛੇ ਨਿਸ਼ਾਨ ਨਹੀਂ ਸਗੋਂ ਦਾਗ਼ ਛੱਡੇ, ਜਿਨ੍ਹਾਂ ਨੇ ਸਾਂਝ ਲੱਭਣ ਦੀ ਥਾਂ ਵਖਰੇਵਿਆਂ ਨੂੰ ਤਰਜੀਹ ਦਿੱਤੀ, ਜਿਹੜਾ ਲੋਕਾਂ ਦੇ ਦਿਲ ਦਾ ਦਰਦ ਬਣਨ ਦੀ ਥਾਂ ਉਨ੍ਹਾਂ ਲਈ ਸਿਰਦਰਦ ਬਣਿਆ, ਜਿਹੜਾ ਜੰਗਲ ਵਾਲੀ ਸੋਚ ਲੈ ਕੇ ਬਾਗ਼ ਵਿੱਚ ਘੁਸ ਆਇਆ, ਉਹ ਧਰਤੀ 'ਤੇ ਭਾਰ ਨਹੀਂ ਤਾਂ ਹੋਰ ਕੀ ਹੈ? ਅਜਿਹੇ ਥੱਕੀ ਹੋਈ ਮਾਨਸਿਕਤਾ ਵਾਲੇ ਲੋਕਾਂ ਕੋਲੋਂ ਵਿੱਥ ਰੱਖਣ ਵਿੱਚ ਹੀ ਭਲਾ ਹੈ। ਲੋਕਾਂ ਦੇ ਚੇਤਿਆਂ ਵਿੱਚ ਵਸਣ ਵਾਲੇ ਸੁਹਿਰਦ ਲੋਕ ਤੂੰ, ਮੋਮਬੱਤੀ ਅਤੇ ਸੂਈ-ਧਾਗੇ ਵਾਲਾ ਕਰਮ ਕਰਦਿਆਂ ਹਯਾਤੀ ਨੂੰ ਸਮਰਪਿਤ ਹੋ ਜਾਂਦੇ ਹਨ। ਸੂਈ ਧਾਗੇ ਦਾ ਕਰਮ ਕੱਪੜਾ ਜੋੜਨਾ ਹੈ। ਉਸ ਕਰਮ 'ਤੇ ਚਲਦਿਆਂ ਨੇਕ ਇਨਸਾਨ ਰਿਸ਼ਤਿਆਂ ਦੀ ਗੰਢ ਨੂੰ ਹੋਰ ਪੀਢੀ ਕਰਨ ਦੀ ਹਰ ਸੰਭਵ ਕੋਸ਼ਿਸ਼ ਕਰਦੇ ਹਨ। ਦੋ ਧਿਰਾਂ ਦੇ ਰਿਸ਼ਤਿਆਂ ਵਿੱਚ ਆਈ ਕੁੜੱਤਣ ਨੂੰ ਦੂਰ ਕਰਨ ਲਈ ਕਈ ਵਾਰ ਅਜਿਹੇ ਭਲੇ ਪੁਰਸ਼ ਝੂਠ ਬੋਲਣ ਤੋਂ ਵੀ ਗੁਰੇਜ਼ ਨਹੀਂ ਕਰਦੇ। ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਸੱਚ ਵਰਗਾ ਬੋਲਿਆ ਝੂਠ ਰਿਸ਼ਤਿਆਂ ਦੀ ਕੁੜੱਤਣ ਮਿਠਾਸ ਵਿੱਚ ਬਦਲਣ ਲਈ ਸਹਾਈ ਹੋਵੇਗਾ। ਮੋਮਬੱਤੀ ਦਾ ਕੰਮ ਹਨੇਰੇ ਨੂੰ ਦੂਰ ਕਰਕੇ ਚਾਨਣ ਬਿਖੇਰਨਾ ਹੈ। ਲੋਕਾਂ ਨੂੰ ਸਮਰਪਿਤ ਸੁਹਿਰਦ ਇਨਸਾਨ ਆਪਣੇ ਯਤਨਾਂ ਰਾਹੀਂ ਅਗਿਆਨੀ ਲੋਕਾਂ ਸਾਹਮਣੇ ਗਿਆਨ ਦਾ ਦੀਵਾ ਬਾਲ ਕੇ ਭਟਕੀ ਹੋਈ ਮਨੁੱਖਤਾ ਲਈ ਪੱਥ ਪ੍ਰਦਰਸ਼ਕ ਦਾ ਕੰਮ ਵੀ ਕਰਦੇ ਹਨ।ਦਿੱਲੀ ਤੋਂ ਆਗਰਾ ਜਾਂਦਿਆਂ ਰਾਹ ਵਿਚ ਇੱਕ ਖੂਹ ਆਉਂਦਾ ਹੈ। ਇਸ ਖੂਹ ਦੀ ਉਸਾਰੀ ਕੀਤਿਆਂ ਕਾਫ਼ੀ ਸਮਾਂ ਹੋ ਗਿਆ ਹੈ। ਇਸ ਖੂਹ ਨੂੰ ਲੋਕ 'ਪੀਸਣ ਵਾਲੀ ਦਾ ਖੂਹ' ਦੇ ਤੌਰ 'ਤੇ ਜਾਣਦੇ ਹਨ। ਇਸ ਰਾਹ 'ਤੇ ਰਾਹਗੀਰਾਂ ਦੀ ਪਿਆਸ ਮਿਟਾਉਣ ਲਈ ਜਿਸ ਔਰਤ ਨੇ ਖੂਹ ਉਸਾਰਿਆ, ਉਹ ਲੋਕਾਂ ਦੇ ਘਰਾਂ ਵਿੱਚ ਚੱਕੀ 'ਤੇ ਆਟਾ ਪੀਸ ਕੇ ਗੁਜ਼ਾਰਾ ਕਰਦੀ ਸੀ। ਆਪਣੀ ਨੇਕ ਕਮਾਈ ਦੇ ਨਾਲ-ਨਾਲ ਕੁਝ ਪੈਸਾ ਲੋਕਾਂ ਤੋਂ ਦਾਨ ਦੇ ਰੂਪ ਵਿੱਚ ਇਕੱਠਾ ਕਰਕੇ ਪਿਆਸੇ ਲੋਕਾਂ ਦੀ ਪਿਆਸ ਮਿਟਾਉਣ ਲਈ ਉਸ ਨੇ ਖੂਹ ਦੀ ਉਸਾਰੀ ਕਰਕੇ ਮਾਨਸਿਕ ਸਕੂਨ ਪ੍ਰਾਪਤ ਕੀਤਾ ਅਤੇ ਉਹ ਔਰਤ ਹੁਣ ਵੀ ਲੋਕਾਂ ਦੇ ਚੇਤਿਆਂ ਵਿੱਚ ਵਸੀ ਹੋਈ ਹੈ। ਦਰਅਸਲ, ਪਰਉਪਕਾਰੀ, ਨੇਕ, ਦਾਨੀ ਸ਼ਬਦ ਉਨ੍ਹਾਂ ਦੇ ਨਾਂ ਨਾਲ ਜੁੜਦਾ ਹੈ ਜਿਨ੍ਹਾਂ ਨੇ ਸੁਹਿਰਦਤਾ ਦਾ ਪੱਲਾ ਫੜ ਕੇ ਲੋਕਾਂ ਦੇ ਦਰਦ ਆਪਣੇ ਮਨ ਦੇ ਪਿੰਡੇ 'ਤੇ ਹੰਢਾਉਣ ਦੀ ਜਾਚ ਸਿੱਖੀ ਹੋਵੇ। ਬਿਨਾਂ ਸ਼ੱਕ ਪਦਾਰਥਕ ਦੌੜ ਅਤੇ ਖ਼ੁਦਗਰਜ਼ੀ ਦੀ ਭਾਵਨਾ ਨੇ ਮਨੁੱਖੀ ਰਿਸ਼ਤਿਆਂ ਨੂੰ ਪਤਲਾ ਕਰ ਦਿੱਤਾ ਹੈ। ਨਿੱਜ ਤੋਂ ਨਿੱਜ ਦੇ ਸਫ਼ਰ ਨੇ ਇੱਕ ਦੂਜੇ ਦੇ ਕੰਮ ਆਉਣ ਦੀ ਭਾਵਨਾ ਨੂੰ ਜ਼ਖ਼ਮੀ ਕਰ ਦਿੱਤਾ ਹੈ। ਰਿਸ਼ਤਿਆਂ ਵਿੱਚ ਵੀ ਉਹ ਪਹਿਲਾਂ ਵਾਲਾ ਨਿੱਘ ਨਹੀਂ ਰਿਹਾ। ਜਿਸ ਕੋਲ ਰਿਸ਼ਤਿਆਂ ਦੀ ਲਾਜ ਰੱਖਣ ਦੀ ਜਾਚ ਨਹੀਂ, ਜਿਸ ਅੰਦਰ ਆਪਣਿਆਂ ਪ੍ਰਤੀ ਪਿਆਰ ਦਾ ਜਜ਼ਬਾ ਨਹੀਂ, ਜਿਸ ਨੂੰ ਮਨੁੱਖਤਾ ਦੀ ਸੇਵਾ ਕਰਨ ਦਾ ਚਾਅ ਨਹੀਂ, ਅਜਿਹੇ ਵਿਅਕਤੀ ਸਾਰੀ ਉਮਰ ਹਨੇਰਾ ਹੀ ਢੋਂਹਦੇ ਹਨ। ਅਜਿਹੇ ਵਿਅਕਤੀ ਲੋਕਾਂ ਦੇ ਚੇਤਿਆਂ ਵਿੱਚੋਂ ਵੀ ਛੇਤੀ ਹੀ ਮਨਫ਼ੀ ਹੋ ਜਾਂਦੇ ਹਨ ਅਤੇ ਅਜਿਹੇ ਵਿਅਕਤੀਆਂ ਦੀ ਤੁਲਨਾ ਉਸ ਗੰਦੇ ਛੱਪੜ ਨਾਲ ਕੀਤੀ ਜਾਂਦੀ ਹੈ ਜਿਸ ਦਾ ਥੱਲਾ ਵਿਖਾਈ ਨਹੀਂ ਦਿੰਦਾ ਭਾਵੇਂ ਉਸ ਵਿੱਚ ਪਾਣੀ ਗੋਡੇ-ਗੋਡੇ ਹੀ ਹੋਵੇ। ਘੱਟ ਬੋਲਣ, ਵੱਧ ਸੁਣਨ ਅਤੇ ਮਿਠਾਸ ਭਰੀ ਮੁਸਕਾਨ ਨਾਲ ਆਪਣੇ ਆਲੇ-ਦੁਆਲੇ ਰਿਸ਼ਤੇ ਉਸਾਰਨ ਵਾਲੇ ਲੋਕ ਹੀ ਜ਼ਿੰਦਗੀ ਦੇ ਜਗਦੇ ਦੀਵੇ ਦੀ ਲੋਅ ਨਾਲ ਆ ਲੇ-ਦੁਆਲੇ ਨੂੰ ਰੁਸ਼ਨਾ ਦਿੰਦੇ ਹਨ।*

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜਮਾਨ
ਪੰਜਾਬੀ ਦੁਨੀਆ
PUNJABI DUNIYA

ISSN No. 1554 06X

**Chairman : Karam Singh Thind**
**President: Bhupinder Kaur Thind**
**Editor in Chief & Publisher : Sharanjit Singh Thind**
**Deputy Managing Editor : RAJRAHI**
**Contributing Writers: Navjot Kaur Thind, Sonia Gaba**

**Chief Photographer : Vijay Shah**
**Photographers: Hamad**
**Editorial Intern: Roubin Singh Thind**
**Special Correspondent : Gagandeep Singh (INDIA)**
**Web Coordinator : Jatinder Kumar**

**A Publication of Media Partners Capital, Inc.**

**REGD & MAILING OFFICE :**
**P.O Box 7005 Hicksville New York 11801**

**Phone: 917 612 3158 TelFax : 516 342 1076**
**editor@thesouthasianinsider.com, thesouthasianinsider@gmail.com**
**www.punjabiduniya.com**

**Disclaimer** The South Asian Insider is a weekly newspaper published every week by The South Asian Insider. It's available in community & religious centers, ethnic grocery stores and also available by mail, email & online to subscribers. The opinions, beliefs and viewpoints expressed by the various writers, authors and forum participants in The South Asian Insider do not necessarily reflect the opinions, beliefs and viewpoints of the Editor. All advertisers advertising in The South Asian Insider assume responsibility for accuracy of their advertisements. The South Asian Insider and/or people associated with it are not responsible for any claims made by the advertisers and don't endorse any product or services advertised in The South Asian Insider. We strongly urge consulting your lawyer before buying/contracting /hiring through the ads published in the newspaper. We are in the business of selling space and claims made by the advertisers are not authenticated or confirmed by an independent source

# ਪੰਜਾਬ ਵਿਚਲੇ ਭਾਰਤ ਪੱਖੀ ਸਿਆਸਤਦਾਨ ਸਿੱਖ ਸਟੇਟ ਦੇ ਮਾਮਲੇ 'ਤੇ ਇਕ ਦੂਜੇ ਨੂੰ ਭੰਡਣ ਵਿੱਚ ਰੁੱਝੇ







ਚੰਡੀਗੜ੍ਹ:(ਪੱਤਰ ਪ੍ਰੇਰਕ)- ਆਮ ਕਰਕੇ ਭਾਰਤੀ ਮੀਡੀਆ ਅਦਾਰੇ ਜਦੋਂ ਸਿੱਖ ਸਟੇਟ ਦੇ ਮਸਲੇ ਜਾਂ ਖਾਲਿਸਤਾਨ ਦੇ ਮਾਮਲੇ 'ਤੇ ਬਹਿਸ ਕਰਵਾਉਂਦੇ ਹਨ ਤਾਂ ਬਹਿਸ ਨੂੰ ਸਰਬਪੱਖੀ ਵਿਖਾਉਣ ਲਈ ਵੱਖ-ਵੱਖ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਸ਼ਾਮਲ ਕਰਵਾਇਆ ਜਾਂਦਾ ਹੈ। ਓਪਰੀ ਨਜ਼ਰੇ ਵੇਖਣ ਵਾਲਿਆਂ ਨੂੰ ਮੰਚ ਨਿਰਪੱਖ ਲੱਗ ਸਕਦਾ ਹੈ ਕਿਉਂਕਿ ਇਕ ਦੂਜੇ ਦਾ ਵਿਰੋਧ ਕਰਨ ਵਾਲੀਆਂ ਧਿਰਾਂ ਦੇ ਨੁਮਾਇੰਦਿਆਂ ਨੂੰ ਬਹਿਸ ਵਿੱਚ ਸ਼ਾਮਲ ਕਰਵਾਇਆ ਜਾਂਦਾ ਹੈ। ਜ਼ਰਾ ਕੁ ਡੂੰਘਾਈ ਨਾਲ ਵੇਖਿਆਂ ਪਤਾ ਲੱਗਦਾ ਹੈ ਕਿ ਅਸਲ ਵਿੱਚ ਇਹ ਇਕ ਦੂਜੇ ਦੇ ਵਿਰੋਧੀ ਇਕੋ ਧਿਰ ਭਾਰਤੀ ਸਟੇਟ ਦੇ ਹੀ ਨੁਮਾਇੰਦੇ ਹਨ ਤੇ ਇਹ ਅਸਲ ਵਿੱਚ ਮਾਮਲੇ ਦੇ ਹੱਕ-ਵਿਰੋਧ ਵਿੱਚ ਬੋਲ ਕੇ ਅਖੀਰੀ ਅਸਰ ਵਜੋਂ ਸਿੱਖ ਸਟੇਟ ਜਾਂ ਸਿੱਖਾਂ ਦੀ ਅਜ਼ਾਦੀ ਦੀ ਖਾਹਿਸ਼ ਦਾ ਵਿਰੋਧ ਹੀ ਕਰ ਰਹੇ ਹੁੰਦੇ ਹਨ। ਚੈਨਲਾਂ ਉੱਤੇ ਬਣਦਾ ਆ ਰਿਹਾ ਅਜਿਹਾ ਮਹੌਲ ਹੁਣ ਪੰਜਾਬ ਦੇ ਸਿਆਸੀ ਚਿੱਤਰਪਟ 'ਤੇ ਆਣ ਬਣਿਆ ਹੈ ਜਿੱਥੇ ਭਾਰਤੀ ਸੰਵਿਧਾਨ ਵਿੱਚ ਪੂਰੀ ਸ਼ਰਧਾ ਰੱਖਣ ਵਾਲੇ ਇਕ ਦੂਜੇ ਦੇ ਸਿਆਸੀ ਵਿਰੋਧੀ ਤੇ ਭਾਰਤੀ ਸਟੇਟ ਤੋਂ ਪੰਜਾਬ ਦੀ ਸੂਬੇਦਾਰੀ ਹਾਸਲ ਕਰਨ ਦੇ ਖਾਹਿਸ਼ਮੰਦ ਸਿੱਖਾਂ ਦੀ ਆਜ਼ਾਦੀ ਦੀ ਖਾਹਿਸ਼ ਦੀ ਵਾਜ਼ਬੀਅਤ ਦੇ ਹੱਕ-ਵਿਰੋਧ ਵਿੱਚ ਬੋਲ ਰਹੇ ਹਨ।

ਗੱਲ ਅਸਲ ਵਿੱਚ ਸਾਬਕਾ ਕਾਂਗਰਸੀ ਤੇ ਮੌਜੂਦਾ ਸਮੇਂ ਆਮ ਆਦਮੀ ਪਾਰਟੀ ਦੇ ਵਿਧਾਇਕ ਅਤੇ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਦਲ ਦੇ ਆਗੂ ਸੁਖਪਾਲ ਸਿੰਘ ਖਹਿਰਾ ਵੱਲੋਂ ਰਿਫਰੈਂਡਮ 2020 ਬਾਰੇ ਦਿੱਤੇ ਇਕ ਬਿਆਨ ਤੋਂ ਸ਼ੁਰੂ ਹੋਈ। ਬੀਤੇ ਕਲ੍ਹ ਇਕ ਪੱਤਰਕਾਰ ਮਿਲਣੀ ਦੌਰਾਨ ਖਹਿਰਾ ਨੇ ਪੱਤਰਕਾਰਾਂ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਕਿਹਾ ਕਿ ਉਹ ਰੈਫਰੈਂਡਮ 2020 ਦੀ ਹਮਾਇਤ ਕਰਦੇ ਹਨ ਕਿਉਂਕਿ ਭਾਰਤ ਵਿਚ ਸਿੱਖਾਂ ਨਾਲ ਹੋਏ ਵਿਤਕਰਿਆਂ ਅਤੇ ਜ਼ੁਲਮਾਂ ਖਿਲਾਫ ਇਨਸਾਫ ਮੰਗਣ ਦਾ ਸਿੱਖ ਕੌਮ ਨੂੰ ਪੂਰਾ ਹੱਕ ਹੈ। ਹਲਾਂਕਿ ਖਹਿਰਾ ਨੇ ਨਾਲ ਹੀ ਇਹ ਵੀ ਕਿਹਾ ਕਿ ਉਹ ਭਾਰਤ ਦੇ ਸੰਵਿਧਾਨ ਦੇ ਵਫਾਦਾਰ ਹਨ ਤੇ ਸੰਯੁਕਤ ਭਾਰਤ ਦੇ ਹੱਕ ਵਿਚ ਖੜ੍ਹੇ ਹਨ।

ਖਹਿਰਾ ਦੇ ਇਸ ਬਿਆਨ 'ਤੇ ਟਿੱਪਣੀ ਕਰਦਿਆਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਇਸ ਨੂੰ ਆਮ ਆਦਮੀ ਪਾਰਟੀ ਵਲੋਂ ਵੰਡੀਆਂ ਪਾਉਣ ਦੀ ਰਾਜਨੀਤੀ ਕਰਾਰ ਦਿੱਤਾ। ਖਹਿਰਾ ਦੇ ਬਿਆਨ ਦੀ ਨਿੰਦਾ ਕਰਦਿਆਂ ਬਾਦਲ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਰੈਫਰੈਂਡਮ 2020 ਦਾ ਮੁੱਖ ਮੁੱਦਾ ਭਾਰਤ ਤੋਂ ਅਜ਼ਾਦ ਸਿੱਖ ਰਾਜ ਦੀ ਸਿਰਜਣਾ ਕਰਨਾ ਹੈ। ਮਜੀਠੀਆ ਨੇ ਪੱਤਰਕਾਰਾਂ ਨੂੰ ਦਿੱਤੇ ਬਿਆਨ ਵਿਚ ਕਿਹਾ ਕਿ ਅਕਾਲੀ ਦਲ (ਬਾਦਲ ਦਲ) ਸਿੱਖਾਂ ਦੇ ਇਨਸਾਫ ਲਈ ਲੜਦਾ ਰਿਹਾ ਹੈ, ਪਰ ਕਿਸੇ ਨੂੰ ਵੀ ਦੇਸ਼ ਨੂੰ ਵੰਡਣ ਦੀ ਪਰਵਾਨਗੀ ਨਹੀਂ ਦਿੱਤੀ ਜਾਵੇਗੀ।

ਪੰਜਾਬ ਦੇ ਸਿਆਸੀ ਮੰਚ 'ਤੇ ਖੇਡੇ ਜਾ ਰਹੇ ਇਸ ਨਾਟਕ ਵਿਚ ਆਪਣੀ ਭੂਮਿਕਾ ਸਾਂਭਦਿਆਂ ਪੰਜਾਬ ਸਰਕਾਰ ਨੇ ਵੀ ਖਹਿਰਾ ਦੇ ਇਸ ਬਿਆਨ 'ਤੇ ਸਖਤ ਪ੍ਰਤੀਕਰਮ ਜਾਰੀ ਕੀਤਾ ਹੈ। ਪੰਜਾਬ ਸਰਕਾਰ ਵਲੋਂ ਮੁੱਖ ਮੰਤਰੀ ਅਤੇ ਕਾਂਗਰਸੀ ਵਿਧਾਇਕਾਂ ਨੇ ਅਲਗ-ਅਲਗ ਬਿਆਨ ਜਾਰੀ ਕਰਕੇ ਖਹਿਰਾ ਖਿਲਾਫ ਹਮਲਾ ਬੋਲਿਆ ਹੈ। ਮੁੱਖ ਮੰਤਰੀ ਵਲੋਂ ਜਾਰੀ ਬਿਆਨ ਵਿਚ ਖਹਿਰਾ ਦੀ ਰੈਫਰੈਂਡਮ 2020 ਦਾ ਸਮਰਥਨ ਕਰਕੇ ਕਥਿਤ ਵੱਖਵਾਦ ਦੀ ਹਮਾਇਤ ਕਰਨ ਲਈ ਨਿੰਦਾ ਕੀਤੀ ਗਈ ਹੈ। ਕੈਪਟਨ ਅਮਰਿੰਦਰ ਨੇ ਆਮ ਆਦਮੀ ਪਾਰਟੀ ਦੀ ਕੇਂਦਰੀ ਅਗਵਾਈ ਤੋਂ ਪੁੱਛਿਆ ਹੈ ਕਿ ਇਹ ਬਿਆਨ ਖਹਿਰਾ ਦਾ ਨਿਜੀ ਹੈ ਜਾ ਪਾਰਟੀ ਦਾ ਇਸ ਨੂੰ ਸਮਰਥਨ ਹੈ।

ਕਾਂਗਰਸ ਦੇ ਸੀਨੀਅਰ ਆਗੂਆਂ ਅਤੇ ਵਿਧਾਇਕਾਂ ਵਲੋਂ ਸਾਂਝੇ ਬਿਆਨ 'ਚ ਆਮ ਆਦਮੀ ਪਾਰਟੀ (ਆਪ) ਦੇ ਮੁਖੀ ਅਰਵਿੰਦ ਕੇਜਰੀਵਾਲ ਤੋਂ ਖਹਿਰਾ ਵਿਰੁੱਧ ਤੁਰੰਤ ਕਾਰਵਾਈ ਦੀ ਮੰਗ ਕਰਦਿਆਂ ਕਿਹਾ ਹੈ ਕਿ ਕੇਜਰੀਵਾਲ ਨੂੰ ਖਹਿਰਾ ਨੂੰ ਪਾਰਟੀ ਵਿੱਚੋਂ ਬਰਤਰਫ਼ ਕਰਨਾ ਚਾਹੀਦਾ ਹੈ ਅਤੇ ਜੇ ਉਹ ਅਜਿਹਾ ਨਹੀਂ ਕਰਦੇ ਤਾਂ ਇਸ ਦਾ ਮਤਲਬ ਹੈ ਕਿ ਉਹ ਖਹਿਰਾ ਦੇ ਮਨਸੂਬਿਆਂ ਨਾਲ ਸਹਿਮਤ ਹੋਣਗੇ। ਕਾਂਗਰਸੀ ਵਿਧਾਇਕਾਂ ਰਮਨਜੀਤ ਸਿੰਘ ਸਿੱਕੀ, ਹਰਮਿੰਦਰ ਸਿੰਘ ਗਿੱਲ ਅਤੇ ਹਰਦੇਵ ਸਿੰਘ ਲਾਡੀ ਨੇ ਸਾਂਝੇ ਬਿਆਨ ਵਿੱਚ ਖਹਿਰਾ ਦਾ ਮਜ਼ਾਕ ਉਡਾਉਂਦਿਆਂ ਕਿਹਾ ਕਿ ਜਦੋਂ ਉਹ ਰਾਇਸ਼ੁਮਾਰੀ 2020 ਦੀ ਹਮਾਇਤ ਕਰ ਰਹੇ ਹਨ ਤਾਂ ਕੀ ਉਹ ਇੱਕਜੁਟ ਭਾਰਤ ਦੇ ਹੱਕ ਵਿੱਚ ਵੀ ਖੜ੍ਹੇ ਹਨ।

ਇਸ ਤੋਂ ਪਹਿਲਾਂ ਅੱਜ ਸੁਖਪਾਲ ਸਿੰਘ ਖਹਿਰਾ ਨੇ ਬੀਤੇ ਕੱਲ ਬਿਕਰਮ ਸਿੰਘ ਮਜੀਠੀਆ ਵੱਲੋਂ ਸੁਖਪਾਲ ਸਿੰਘ ਖਹਿਰਾ ਦੇ ਬਿਆਨ ਦੀ ਕੀਤੀ ਗਈ ਅਲੋਚਨਾ ਖਿਲਾਫ ਫੇਸਬੁੱਕ 'ਤੇ ਇਕ ਬੋਲਦਾ ਬਿਆਨ ਜਾਰੀ ਕੀਤਾ। ਖਹਿਰਾ ਨੇ ਬਿਕਰਮ ਮਜੀਠੀਆ ਨੂੰ ਸਿਆਸਤ ਵਿਚ ਨਵੇਂ ਦਾਖਲ ਹੋਏ ਤੇ ਅਕਾਲੀ ਦਲ ਦੇ ਇਤਿਹਾਸ ਤੋਂ ਅਣਜਾਨ ਦੱਸਿਆ ਤੇ ਪਰਕਾਸ਼ ਸਿੰਘ ਬਾਦਲ ਵੱਲੋਂ ਅਨੰਦਪੁਰ ਸਾਹਿਬ ਦੇ ਮਤੇ 'ਤੇ ਸਹੀ ਪਾਉਣ, ਭਾਰਤੀ ਸੰਵਿਧਾਨ ਦੀਆਂ ਧਾਰਾਵਾਂ ਸਾੜਨ, ਦਰਬਾਰ ਸਾਹਿਬ 'ਤੇ ਹਮਲੇ ਤੋਂ ਬਾਅਦ ਸਿੱਖ ਫੌਜੀਆਂ ਨੂੰ ਬਗਾਵਤ ਕਰਨ ਲਈ ਕਹਿਣ ਅਤੇ ਸੰਯੁਕਤ ਰਾਸ਼ਟਰ ਦੇ ਤਤਕਾਲੀ ਮੁਖੀ ਬੁਤਰਸ-ਬੁਤਰਸ ਘਾਲੀ ਨੂੰ ਵੱਖਰੇ ਸਿੱਖ ਰਾਜ ਲਈ ਦਿੱਤੇ ਗਏ ਯਾਦ ਪੱਤਰ 'ਤੇ ਸਹੀ ਪਾਉਣ ਦਾ ਹਵਾਲਾ ਦਿੱਤਾ ਹੈ। ਖਹਿਰਾ ਨੇ ਇਸ ਬਿਆਨ ਵਿੱਚ ਮੁੜ ਭਾਰਤੀ ਸੰਵਿਧਾਨ ਵਿੱਚ ਯਕੀਨਦਾਹੀ ਪਰਗਟ ਕੀਤੀ ਹੈ ਤੇ ਦਰਬਾਰ ਸਾਹਿਬ 'ਤੇ ਹਮਲੇ ਤੋਂ ਬਾਅਦ ਭਾਰਤੀ ਫੌਜ ਦੀਆਂ ਛਾਉਣੀਆਂ ਵਿਚੋਂ ਦਰਬਾਰ ਸਾਹਿਬ ਵੱਲ ਚਾਲੇ ਪਾਉਣ ਵਾਲੇ ਫੌਜੀਆਂ ਨੂੰ ਧਰਮ ਫੌਜੀ ਕਹਿਣ ਦੀ ਬਜਾਏ ਭਗੌੜੇ ਫੌਜੀ ਕਹਿ ਕੇ ਸੰਬੋਧਨ ਕੀਤਾ ਹੈ।

ਖਹਿਰਾ ਨੇ 1947 ਤੋਂ ਬਾਅਦ ਭਾਰਤ ਵਿਚ ਸਿੱਖਾਂ ਨਾਲ ਹੋਏ ਵਿਤਕਰਿਆਂ, ਜ਼ੁਲਮਾਂ ਅਤੇ ਕਤਲੇਆਮਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਰੈਫਰੈਂਡਮ 2020 ਇਸ ਦਾ ਨਤੀਜਾ ਹੈ।

ਬਿਆਨਾਂ ਦੇ ਇਸ ਦੌਰ ਵਿਚ ਆਮ ਆਦਮੀ ਪਾਰਟੀ ਦੀ ਪੰਜਾਬ ਇਕਾਈ ਵਲੋਂ ਵੀ ਬਿਆਨ ਜਾਰੀ ਕਰਦਿਆਂ ਕਿਹਾ ਗਿਆ ਹੈ ਕਿ ਪਾਰਟੀ 'ਰੈਫਰੈਂਡਮ 2020 ਮੁਹਿੰਮ' ਦਾ ਪ੍ਰਤੱਖ ਜਾਂ ਅਪ੍ਰਤੱਖ ਰੂਪ 'ਚ ਕਿਸੇ ਕਿਸਮ ਦਾ ਸਮਰਥਨ ਨਹੀਂ ਕਰਦੀ। ਆਪ' ਵੱਲੋਂ ਜਾਰੀ ਸਾਂਝੇ ਬਿਆਨ ਰਾਹੀਂ ਪਾਰਟੀ ਦੇ ਸੂਬਾ ਸਹਿ-ਪ੍ਰਧਾਨ ਡਾ. ਬਲਬੀਰ ਸਿੰਘ, ਮਾਝਾ ਜੋਨ ਦੇ ਪ੍ਰਧਾਨ ਕੁਲਦੀਪ ਸਿੰਘ ਧਾਲੀਵਾਲ, ਮਾਲਵਾ ਜੋਨ-1 ਦੇ ਪ੍ਰਧਾਨ ਨਰਿੰਦਰ ਸਿੰਘ ਸੰਧੂ, ਮਾਲਵਾ ਜੋਨ-2 ਦੇ ਪ੍ਰਧਾਨ ਗੁਰਦਿੱਤ ਸਿੰਘ ਸੇਖੋਂ ਅਤੇ ਮਾਲਵਾ ਜੋਨ-3 ਦੇ ਪ੍ਰਧਾਨ ਦਲਬੀਰ ਸਿੰਘ ਢਿੱਲੋਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਸਾਫ਼ ਸ਼ਬਦਾਂ 'ਚ ਸਪੱਸ਼ਟ ਕਰਦੀ ਹੈ ਕਿ ਪਾਰਟੀ ਭਾਰਤੀ ਸੰਵਿਧਾਨ ਅਤੇ ਏਕਤਾ-ਅਖੰਡਤਾ 'ਚ ਸੰਪੂਰਨ ਵਿਸ਼ਵਾਸ ਰੱਖਦੀ ਹੈ, ਇਸ ਲਈ ਪਾਰਟੀ ਦੇਸ਼ ਨੂੰ ਵੰਡਣ ਜਾ ਤੋੜਨ ਵਾਲੇ ਕਿਸੇ ਵੀ ਪ੍ਰਕਾਰ ਦੇ 'ਰੈਫਰੈਂਡਮ' 'ਚ ਨਾ ਯਕੀਨ ਰੱਖਦੀ ਹੈ ਅਤੇ ਨਾ ਹੀ ਸਮਰਥਨ ਕਰਦੀ ਹੈ।

ਪਾਰਟੀ ਦੇ ਸੀਨੀਅਰ ਆਗੂ ਅਤੇ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਸੁਖਪਾਲ ਸਿੰਘ ਖਹਿਰਾ ਵੱਲੋਂ 'ਰੈਫਰੈਂਡਮ 2020' ਦੇ ਸਮਰਥਨ ਕੀਤੇ ਜਾਣ 'ਤੇ ਹੈਰਾਨਗੀ ਪ੍ਰਗਟ ਕਰਦੇ ਹੋਏ ਪਾਰਟੀ ਆਗੂਆਂ ਨੇ ਕਿਹਾ ਕਿ ਰੈਫਰੈਂਡਮ 2020 ਨੂੰ ਹਮਾਇਤ ਸੁਖਪਾਲ ਸਿੰਘ ਖਹਿਰਾ ਦੀ ਆਪਣੀ ਨਿੱਜੀ ਰਾਇ ਹੋ ਸਕਦੀ ਹੈ, ਪ੍ਰੰਤੂ ਇਸ ਤਰ੍ਹਾਂ ਦੀ ਰਾਇ ਨਾਲ ਆਮ ਆਦਮੀ ਪਾਰਟੀ ਦਾ ਕੋਈ ਸੰਬੰਧ ਨਹੀਂ। ਸੁਖਪਾਲ ਸਿੰਘ ਖਹਿਰਾ ਦੇ ਬਿਆਨ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਪਾਰਟੀ ਦੇ ਸੂਬਾ ਸਹਿ-ਪ੍ਰਧਾਨ ਅਤੇ ਜੋਨ ਪ੍ਰਧਾਨਾਂ ਨੇ ਕਿਹਾ ਕਿ ਪਾਰਟੀ ਸੁਖਪਾਲ ਸਿੰਘ ਖਹਿਰਾ ਤੋਂ ਇਸ ਸੰਬੰਧੀ ਸਪੱਸ਼ਟੀਕਰਨ ਮੰਗੇਗੀ। 'ਆਪ' ਆਗੂਆਂ ਨੇ ਚਿਤਾਵਨੀ ਭਰੇ ਲਹਿਜ਼ੇ ਵਿਚ ਕਿਹਾ ਕਿ 'ਆਪ' ਪਾਰਟੀ ਦੇ ਸਿਧਾਂਤਾਂ ਅਤੇ ਪਾਰਟੀ ਦੇ ਦੇਸ਼ ਅਤੇ ਦੇਸ਼ ਵਾਸੀਆਂ ਪ੍ਰਤੀ ਸਮਰਪਣ ਦੀਆਂ ਹੱਦਾਂ ਉਲੰਘਣ ਵਾਲੇ ਆਗੂਆਂ ਜਾਂ ਵਲੰਟੀਅਰਾਂ ਉੱਪਰ ਕਾਰਵਾਈ ਕਰਨ ਤੋਂ ਵੀ ਨਹੀਂ ਝਿਜਕੇਗੀ, ਇਸ ਲਈ ਪਾਰਟੀ ਦਾ ਹਰੇਕ ਆਗੂ ਅਤੇ ਅਹੁਦੇਦਾਰ ਪਾਰਟੀ ਦੇ ਸੰਵਿਧਾਨ, ਸਿਧਾਂਤਾਂ, ਫ਼ਰਜ਼ਾਂ ਅਤੇ ਅਨੁਸ਼ਾਸਨਿਕ ਸੀਮਾਵਾਂ ਦਾ ਪਾਲਨ ਕਰਨ ਲਈ ਪਾਬੰਦ ਹੈ। ਸੋ, ਮੀਡੀਆ ਵੱਲੋਂ ਖੇਡੇ ਜਾਂਦੇ ਸੰਜੀਦਾ ਬਹਿਸ ਦੇ ਨਾਟਕ ਵਾਂਗ ਹੀ ਸਿਆਸੀ ਮੰਚ 'ਤੇ ਖੇਡੇ ਜਾ ਰਹੇ ਇਸ ਨਾਟਕ ਦੇ ਵੀ ਸਾਰੇ ਪਾਤਰ ਭਾਰਤੀ ਸੰਵਿਧਾਨ ਦੇ ਸ਼ਰਧਾਲੂ ਤੇ ਏਕਤਾ-ਅਖੰਡਤਾ ਦੇ ਆਪੂ ਬਣੇ ਪੈਰੋਕਾਰ ਹਨ ਜੋ ਇਕ ਦੂਜੇ ਦੇ ਵਿਰੋਧ ਦੇ ਨਾਂ 'ਤੇ ਅਸਲ ਵਿੱਚ ਅਜ਼ਾਦ ਸਿੱਖ ਰਾਜ ਦੀ ਸਿੱਖਾਂ ਦੀ ਸਿਆਸੀ ਖਾਹਿਸ ਨੂੰ ਹੀ ਛੁਟਿਆਉਣ ਦੀ ਕੋਸ਼ਿਸ਼ ਕਰ ਰਹੇ ਹਨ। ਭਾਰਤੀ ਮੀਡੀਆ ਦੀ ਬਹਿਸਾਂ ਵਾਂਗ ਹੀ ਇਸ ਬਹਿਸ ਦਾ ਨਿਚੋੜ ਪਹਿਲਾਂ ਤੋਂ ਤਹਿਤ ਹੈ ਉਹ ਹੈ ਕਿ ਸਿੱਖ ਰਾਜ ਦੇ ਮਾਮਲੇ ਦੀ ਹਰ ਸੰਭਵ ਤਰੀਕੇ ਨਾਲ ਭੰਡੀ ਕਰਨੀ।

# ਯੂ.ਐਨ.ਓ. ਤੋਂ ਹੀ ਸਿੱਖਾਂ ਨੂੰ ਇਨਸਾਫ਼ ਦੀ ਉਮੀਦ






ਚੰਡੀਗੜ੍ਹ, (ਪੱਤਰ ਪ੍ਰੇਰਕ)- ਕਸ਼ਮੀਰ ਵਾਦੀ ਤੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ 'ਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਸਬੰਧੀ ਯੂ.ਐਨ.ਓ. ਵਲੋਂ ਪਿਛਲੇ ਦਿਨੀਂ ਦਿਤੀ ਰੀਪੋਰਟ ਅਤੇ ਭਾਰਤ ਤੇ ਪਾਕਿਸਤਾਨ ਵਿਰੁਧ ਲਏ ਨੋਟਿਸ ਤੋਂ ਹੌਸਲਾ ਤੇ ਖ਼ੁਸ਼ੀ ਜ਼ਾਹਰ ਕਰਦਿਆਂ ਗ਼ੈਰ ਸਿਆਸੀ ਜਥੇਬੰਦੀਆ, ਯੂਨਾਈਟਿਡ ਸਿੱਖ ਮੂਵਮੈਂਟ ਨੇ ਇਸ ਅੰਤਰਰਾਸ਼ਟਰੀ ਸੰਸਥਾ 'ਤੇ ਗੁੱਸਾ ਤੇ ਹਿਰਖ ਕੀਤਾ ਹੈ ਕਿ ਮੁਲਕ ਵਿਚ ਘੱਟ ਗਿਣਤੀ ਕੌਮ ਭਾਵ ਸਿੱਖਾਂ ਦਾ ਯੂ.ਐਨ.ਓ. ਨੂੰ ਕਦੇ ਚੇਤਾ ਨਹੀਂ ਆਇਆ।

ਜ਼ਿਕਰਯੋਗ ਹੈ ਕਿ ਦਰਬਾਰ ਸਾਹਿਬ 'ਤੇ ਹਮਲਾ, ਸੈਂਕੜੇ ਸਿੱਖਾਂ ਦਾ ਕਤਲ ਹੋਇਆ, ਨਵੰਬਰ 84 'ਚ ਦਿੱਲੀ ਤੇ ਹੋਰ ਥਾਵਾਂ 'ਤੇ ਹਜ਼ਾਰਾਂ ਸਿੱਖਾਂ ਨੂੰ ਤਬਾਹ ਕੀਤਾ, ਸੈਂਕੜੇ ਨੌਜਵਾਨ ਜੇਲ੍ਹਾਂ 'ਚ ਡੱਕੇ, 34 ਸਾਲਾਂ 'ਚ ਉਹ ਬੁੱਢੇ ਹੋ ਗਏ, ਅਜੇ ਵੀ ਛੱਡੇ ਨਹੀਂ ਗਏ। ਅੱਜ ਇਥੇ ਮੀਡੀਆ ਨਾਲ ਗੱਲਬਾਤ ਕਰਦਿਆਂ ਯੂਨਾਈਟਿਡ ਸਿੱਖ ਮੂਵਮੈਂਟ ਦੇ ਚੇਅਰਮੈਨ ਡਾ. ਭਗਵਾਨ ਸਿੰਘ ਤੇ ਸਕੱਤਰ ਜਨਰਲ ਸੇਵਾਮੁਕਤ ਕੈਪਟਨ ਚੰਨਣ ਸਿੰਘ ਨੇ ਦਸਿਆ ਕਿ ਯੂਨਾਈਟਿਡ ਨੇਸ਼ਨਜ਼ ਵਲੋਂ ਜੰਮੂ-ਕਸ਼ਮੀਰ ਦੇ ਲੋਕਾਂ ਬਾਰੇ ਵਿਖਾਏ ਤੌਖਲੇ ਤੇ ਲਏ ਗੰਭੀਰ ਨੋਟਿਸ ਨਾਲ ਸਿੱਖਾਂ ਨੂੰ ਕਾਫ਼ੀ ਹੌਸਲਾ ਮਿਲਿਆ ਹੈ ਪਰ ਦੁੱਖ ਦੀ ਗੱਲ ਇਹ ਹੈ ਕਿ ਇਸੇ ਯੂ.ਐਨ.ਓ. ਦੇ ਨੁਮਾਇੰਦੇ ਦਿੱਲੀ ਰਾਜਧਾਨੀ ਅਤੇ ਹੋਰ ਥਾਵਾਂ 'ਤੇ ਵੀ ਹਨ ਜਿਨ੍ਹਾਂ ਪਿਛਲੇ 34 ਸਾਲਾਂ 'ਚ ਸਿੱਖਾਂ ਨਾਲ ਹੋ ਰਹੀ ਬੇਇਨਸਾਫ਼ੀ ਦਾ ਕਦੇ ਨੋਟਿਸ ਨਹੀਂ ਲਿਆ, ਸਿੱਖਾਂ ਦੀ ਕਦੇ ਸਾਰ ਨਹੀਂ ਲਈ ਅਤੇ ਨਾ ਹੀ ਕਦੇ ਇਨਸਾਫ਼ ਦਿਵਾਉਣ 'ਚ ਮਦਦ ਕੀਤੀ। ਕੈਪਟਨ ਚੰਨਣ ਸਿੰਘ ਨੇ ਕਿਹਾ ਕਿ ਨਵੀਂ ਦਿੱਲੀ, ਲੋਧੀ ਅਸਟੇਟ ਵਿਚ ਸਥਾਪਤ ਯੂ.ਐਨ. ਦਫ਼ਤਰ 'ਚ ਭਲਕੇ ਜਾ ਕੇ ਸਿੱਖਾਂ ਲਈ ਇਨਸਾਫ਼ ਦੀ ਮੰਗ ਵਾਲਾ ਮੈਮੋਰੰਡਮ ਦਿਤਾ ਜਾਵੇਗਾ ਜਿਸ ਦੀ ਇਕ ਕਾਪੀ ਰੈਜ਼ੀਡੈਂਟ ਕੋਆਰਡੀਨੇਟਰ ਦੇ ਨਾਲ-ਨਾਲ ਬ੍ਰਿਟਿਸ਼ ਹਾਈ ਕਮਿਸ਼ਨਰ, ਅਮਰੀਕਨ ਦੂਤਾਵਾਸ, ਪ੍ਰਧਾਨ ਮੰਤਰੀ ਤੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਨੂੰ ਵੀ ਦਿਤੀ ਜਾਵੇਗੀ। ਡਾ. ਭਗਵਾਨ ਸਿੰਘ, ਕੈਪਟਨ ਚੰਨਣ ਸਿੰਘ, ਗੁਰਨਾਮ ਸਿੰਘ ਸਿੱਧੂ ਤੇ ਹਰਪ੍ਰੀਤ ਸਿੰਘ ਨੇ ਪਿਛਲੇ ਚਾਰ ਦਹਾਕਿਆਂ ਤੋਂ ਸਿੱਖਾਂ ਨਾਲ ਕੀਤੇ ਅਤਿਆਚਾਰਾਂ, ਵਿਤਕਰਿਆਂ ਤੇ ਬੇਇਨਸਾਫ਼ੀਆਂ ਦੇ ਨਾਲ ਨਾਲ ਭਾਰਤ ਸਰਕਾਰ ਵਲੋਂ ਕਿਸੇ ਵੀ ਪੱਧਰ 'ਤੇ ਨਾ ਕੀਤੀ ਸੁਣਵਾਈ ਦੀ ਲੰਬੀ ਕਹਾਣੀ ਸੁਣਾਉਂਦਿਆਂ ਕਿਹਾ ਕਿ ਪੰਜਾਬ ਅੰਦਰ 3 ਸਾਲ ਤੋਂ ਬਾਦਲ ਸਰਕਾਰ ਵੇਲੇ ਤੇ ਡੇਢ ਸਾਲ ਤੋਂ ਕੈਪਟਨ ਸਰਕਾਰ ਵੇਲੇ ਵੀ ਗ੍ਰੰਥਾਂ ਦੀ ਬੇਅਦਬੀ ਅਤੇ ਧਾਰਮਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲਿਆਂ ਵਿਰੁਧ ਕੋਈ ਕਾਰਵਾਈ ਨਹੀਂ ਹੋਈ। ਇਨ੍ਹਾਂ ਨੁਮਾਇੰਦਿਆਂ ਨੇ ਕਿਹਾ ਕਿ 40 ਦੇ ਕਰੀਬ ਸਿੱਖ ਅਜੇ ਵੀ ਜੇਲਾਂ ਵਿਚ ਡੱਕੇ ਹੋਏ ਹਨ, ਮੁਕੱਦਮੇ ਖ਼ਤਮ ਹੋ ਗਏ, ਸਜ਼ਾ ਪੂਰੀ ਹੋ ਗਈ ਪਰ ਫਿਰ ਵੀ ਕੇਂਦਰ ਸਰਕਾਰ ਬਿਨਾਂ ਕਾਰਨ ਉਨ੍ਹਾਂ ਨੂੰ ਤੜਫਾ ਰਹੀ ਹੈ। ਯੂ.ਐਨ.ਓ. ਦੇ ਰੈਜ਼ੀਡੈਂਟ ਕੋਆਰਡੀਨੇਟਰ ਨੂੰ ਦਿਤੇ ਜਾਣ ਵਾਲੇ ਮੈਮੋਰੰਡਮ ਵਿਚ ਲਿਖਿਆ ਹੈ ਕਿ ਭਾਰਤ ਵਿਚ ਸਿੱਖ ਘੱਟ ਗਿਣਤੀ ਕੌਮਾਂ ਵਿਚ ਆਉਂਦੇ ਹਨ 'ਮੈਜੋਰੀਟੇਰੀਅਨ ਰਾਸ਼ਟਰਵਾਦ' ਯਾਨੀ ਬਹੁਗਿਣਤੀ ਕੌਮ ਵਾਲੇ ਰਾਸ਼ਟਰਵਾਦ ਦੀ ਸੋਚ ਦੀ ਹਾਜ਼ਰੀ ਵਿਚ ਸਿੱਖਾਂ ਦੀ ਕੋਈ ਸੁਣਵਾਈ ਨਹੀਂ। ਹਰ ਵੇਲੇ ਘੱਟ ਗਿਣਤੀ ਕੌਮ ਨੂੰ ਵੱਡੇ ਧਰਮ ਵੱਡੀ ਸੰਸਕ੍ਰਿਤੀ ਤੇ ਵੱਡੇ ਸਭਿਆਚਾਰ ਵਿਚ ਜਜ਼ਬ ਹੋਣ ਜਾਂ ਕਰਨ ਦਾ ਖੌਫ਼ ਬਣਿਆ ਰਹਿੰਦਾ ਹੈ। ਯੂਨਾਈਟਿਡ ਸਿੱਖ ਮੂਵਮੈਂਟ ਦੇ ਲੀਡਰਾਂ ਨੇ ਕਿਹਾ ਕਿ ਜੇ ਸਿੱਖਾਂ ਦੀ ਪੀੜਾ ਬਾਰੇ ਯੂ.ਐਨ.ਓ. ਦਾ ਦਿੱਲੀ ਵਿਖੇ ਦਫ਼ਤਰ ਕੋਈ ਗੰਭੀਰ ਨੋਟਿਸ ਲਵੇ ਅਤੇ ਕਸ਼ਮੀਰ ਵਾਲੇ ਇਲਾਕੇ ਵਿਚ ਮਨੁੱਖੀ ਅਧਿਕਾਰਾਂ ਦੇ ਹਨਨ ਬਾਰੇ ਕੀਤੀ ਚਿੰਤਾ ਵਾਂਗ ਗੌਰ ਕਰੇ ਤਾਂ ਸਿੱਖਾਂ ਨੂੰ ਸੰਤੋਖ ਤੇ ਤਸੱਲੀ ਹੋਵੇਗੀ ਕਿ ਉਨ੍ਹਾਂ ਦੀ ਪੁਛ ਅੰਤਰਰਾਸ਼ਟਰੀ ਪੱਧਰ 'ਤੇ ਹੋ ਰਹੀ ਹੈ। ਡਾ. ਭਗਵਾਨ ਸਿੰਘ ਤੇ ਕੈਪਟਨ ਚੰਨਣ ਸਿੰਘ ਦਾ ਮੰਨਣਾ ਹੈ ਕਿ ਕੇਂਦਰ ਸਰਕਾਰ ਜੇ ਸਿੱਖਾਂ ਨੂੰ ਅਪਣੇ ਨਾਲ ਜੋੜ ਕੇ ਉਨ੍ਹਾਂ ਦੇ ਗਿਲੇ ਸ਼ਿਕਵੇ ਸੁਣ ਕੇ ਛੇਤੀ ਹੱਲ ਕੱਢਣ ਦੀ ਕੋਸ਼ਿਸ਼ ਕਰੇ ਤਾਂ ਸਿੱਖ ਕੌਮ ਪਿਛਲੇ ਇਤਿਹਾਸ ਦੀ ਦੋਹਰਾਈ ਕਰ ਸਕਦੀ ਹੈ ਅਤੇ ਪੂਰੇ ਮੁਲਕ ਦੀ ਸੁਰੱਖਿਆ ਤੇ ਆਰਥਕ ਨੀਤੀਆਂ ਨੂੰ ਕਾਮਯਾਬ ਕਰਨ ਵਿਚ ਵੱਡਾ ਹਿੱਸਾ ਪਾ ਸਕਦੀ ਹੈ। ਵਿਦੇਸ਼ਾਂ ਵਿਚ ਵਸੇ ਬਲੈਕ ਲਿਸਟ ਹੋਏ ਸਿੱਖਾਂ ਨੂੰ ਮੁਲਕ ਨਾਲ ਜੋੜਨ ਤੇ ਪ੍ਰੇਮ ਭਾਵ, ਹਮਦਰਦੀ ਨਾਲ ਸਲੂਕ ਕਰਨ ਦਾ ਮਸ਼ਵਰਾ ਦਿੰਦੇ ਹੋਏ ਡਾ. ਭਗਵਾਨ ਸਿੰਘ ਨੇ ਕਿਹਾ ਕਿ ਪਿਛਲੇ 35 ਸਾਲਾਂ ਵਿਚ ਪੰਜਾਬ ਵਿਚ ਸਿੱਖਾਂ ਦੇ ਹੱਕਾਂ ਲਈ ਛਿੜੇ ਸੰਘਰਸ਼ ਨਾਲ ਸਰਹੱਦੀ ਸੂਬੇ ਤੇ ਮੁਲਕ ਦਾ ਹਰ ਪਾਸਿਉਂ ਨੁਕਸਾਨ ਹੋਇਆ ਹੈ।

# ਬਰਤਾਨੀਆ ਨੇ ਜਗਤਾਰ ਸਿੰਘ ਜੱਗੀ ਦੇ ਵਕੀਲ ਨੂੰ ਪਰਿਵਾਰ ਨਾਲ ਮਿਲਾਉਣ ਤੋਂ ਇਨਕਾਰ ਕੀਤਾ



ਚੰਡੀਗੜ੍ਹ (ਪੱਤਰ ਪ੍ਰੇਰਕ)- : ਭਾਰਤ ਵਿਚ ਕੈਦ ਕੀਤੇ ਗਏ ਬਰਤਾਨਵੀ ਸਿੱਖ ਨੌਜਵਾਨ ਜਗਤਾਰ ਸਿੰਘ ਜੱਗੀ ਜੌਹਲ ਨਾਲ ਬਰਤਾਨਵੀ ਹਾਈ ਕਮਿਸ਼ਨ ਦੇ ਅਧਿਕਾਰੀਆਂ ਦੀ ਨਿਜੀ ਮੁਲਾਕਾਤ ਦੀ ਪਰਵਾਨਗੀ ਨਾ ਦੇਣ ਦੇ ਇਲਜ਼ਾਮ ਜਿੱਥੇ ਪੰਜਾਬ ਪੁਲਿਸ ਅਤੇ ਭਾਰਤ ਦੀ ਕੌਮੀ ਜਾਂਚ ਅਜੈਂਸੀ ਐਨ.ਆਈ.ਏ ਉੱਤੇ ਲਗਦੇ ਰਹੇ ਹਨ ਉੱਥੇ ਉਨ੍ਹਾਂ ਹੀ ਲੀਹਾਂ 'ਤੇ ਚਲਦਿਆਂ ਬਰਤਾਨਵੀ ਅਧਿਕਾਰੀਆਂ ਨੇ ਵੀ ਜਗਤਾਰ ਸਿੰਘ ਜੱਗੀ ਦੇ ਪੰਜਾਬ ਵਿਚ ਕੇਸ ਲੜ ਰਹੇ ਵਕੀਲ ਜਸਪਾਲ ਸਿੰਘ ਮੰਝਪੁਰ ਦੀ ਜੱਗੀ ਦੇ ਪਰਿਵਾਰ ਨਾਲ ਮੁਲਾਕਾਤ ਕਰਾਉਣ ਤੋਂ ਇਨਕਾਰ ਕਰ ਦਿੱਤਾ ਹੈ। ਐਡਵੋਕੇਟ ਜਸਪਾਲ ਸਿੰਘ ਮੰਝਪੁਰ ਜਗਤਾਰ ਸਿੰਘ ਜੌਹਲ ਦੇ ਨਾਲ 19 ਨਵੰਬਰ ਨੂੰ ਜ਼ਿਲ੍ਹਾ ਕਚਹਿਰੀਆਂ ਲੁਧਿਆਣਾ 'ਚ ਹਾਸਿਲ ਜਾਣਕਾਰੀ ਮੁਤਾਬਿਕ ਜਗਤਾਰ ਸਿੰਘ ਜੱਗੀ ਦੇ ਭਾਰਾ ਗੁਰਪ੍ਰੀਤ ਸਿੰਘ ਵਲੋਂ ਵਕੀਲ ਜਸਪਾਲ ਸਿੰਘ ਮੰਝਪੁਰ ਨੂੰ ਕੇਸ ਸਬੰਧੀ ਜਾਣਕਾਰੀ ਹਾਸਿਲ ਕਰਨ ਲਈ ਬਰਤਾਨੀਆ ਸੱਦਿਆ ਗਿਆ ਸੀ। ਬਰਤਾਨਵੀ ਅਫਸਰਾਂ ਨੂੰ ਭੇਜੀ ਚਿੱਠੀ ਵਿਚ ਜੱਗੀ ਦੇ ਭਰਾ ਨੇ ਆਪਣੇ ਭਰਾ ਦੀ ਗ੍ਰਿਫਤਾਰੀ ਅਤੇ ਤਸ਼ੱਦਦ ਦੀ ਜਾਣਕਾਰੀ ਦਿੰਦਿਆਂ ਦੱਸਿਆ ਸੀ ਕਿ ਉਨ੍ਹਾਂ ਦਾ ਤੇ ਉਨ੍ਹਾਂ ਦੇ ਪਰਿਵਾਰ ਦੇ ਕਿਸੇ ਹੋਰ ਜੀਅ ਦਾ ਭਾਰਤ ਜਾਣਾ ਸੁਰੱਖਿਅਤ ਨਹੀਂ। ਇਸ ਲਈ ਉਹ ਵਕੀਲ ਨੂੰ ਬਰਤਾਨੀਆ ਬੁਲਾ ਕੇ ਉਸ ਨਾਲ ਕੇਸ ਸਬੰਧੀ ਸਾਰੀ ਗੱਲਬਾਤ ਕਰਨੀ ਚਾਹੁੰਦੇ ਹਨ।

ਪਰ ਬਰਤਾਨਵੀ ਹਾਈ ਕਮਿਸ਼ਨ ਨੇ ਵਕੀਲ ਜਸਪਾਲ ਸਿੰਘ ਮੰਝਪੁਰ ਨੂੰ ਬਰਤਾਨੀਆ ਦਾ ਵੀਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ। ਇਸ ਗੱਲ ਦੀ ਪੁਸ਼ਟੀ ਕਰਦਿਆਂ ਵਕੀਲ ਜਸਪਾਲ ਸਿੰਘ ਮੰਝਪੁਰ ਨੇ ਦੱਸਿਆ ਕਿ ਬਰਤਾਨਵੀ ਹਾਈ ਕਮਿਸ਼ਨ ਨੇ ਬੜੇ ਹਾਸੋਹੀਣੇ ਅਧਾਰ 'ਤੇ ਉਨ੍ਹਾਂ ਨੂੰ ਵੀਜ਼ਾ ਦੇਣ ਤੋਂ ਇਹ ਕਹਿੰਦਿਆਂ ਇਨਕਾਰ ਕੀਤਾ ਹੈ ਕਿ ਜੇ ਉਨ੍ਹਾਂ ਨੂੰ ਵੀਜ਼ਾ ਦੇ ਦਿੱਤਾ ਗਿਆ ਤਾਂ ਉਹ ਉੱਥੇ ਰੁਕਣ ਦੀ ਸਮਾਂ ਹੱਦ ਤੋਂ ਬਾਅਦ ਵੀ ਬਰਤਾਨੀਆ ਤੋਂ ਵਾਪਿਸ ਨਹੀਂ ਪਰਤਣਗੇ। ਜਸਪਾਲ ਸਿੰਘ ਮੰਝਪੁਰ ਨੇ ਕਿਹਾ, ਜਿੱਥੇ ਭਾਰਤੀ ਰਾਜ ਨੇ ਅਦਾਲਤੀ ਹੁਕਮਾਂ ਦੇ ਬਾਵਜੂਦ ਬਰਤਾਨਵੀ ਹਾਈ ਕਮਿਸ਼ਨ ਨੂੰ ਨਿਜੀ ਮੁਲਾਕਾਤ ਦੀ ਪ੍ਰਵਾਨਗੀ ਨਹੀਂ ਦਿੱਤੀ, ਉਸੇ ਤਰ੍ਹਾਂ ਬਰਤਾਨਵੀ ਹਾਈ ਕਮਿਸ਼ਨ ਨੇ ਵੀ ਆਪਣੇ ਨਾਗਰਿਕ ਦੇ ਪਰਿਵਾਰਕ ਮੈਂਬਰਾਂ ਨੂੰ ਉਸਦੇ ਵਕੀਲ ਨਾਲ ਮੁਲਾਕਾਤ ਕਰਕੇ ਕੇਸ ਸਬੰਧੀ ਜਾਣਕਾਰੀ ਲੈਣ ਤੋਂ ਰੋਕਿਆ ਹੈ। ਉਨ੍ਹਾਂ ਕਿਹਾ, ਐਨ.ਆਈ.ਏ ਨੇ ਜਗਤਾਰ ਸਿੰਘ ਜੱਗੀ ਖਿਲਾਫ ਲਗਭਗ ਅੱਧੀ ਦਰਜਨ ਕੇਸਾਂ ਵਿਚ ਚਾਰਜਸ਼ੀਟ ਦਾਇਰ ਕੀਤੀ ਹੈ। ਬਾਕੀ ਹੋਰ ਕੇਸਾਂ ਵਿਚ ਚਾਰਜਸ਼ਟਿ ਛੇਤੀ ਦਾਖਲ ਹੋਣ ਦੀ ਉਮੀਦ ਹੈ। ਪੰਜਾਬ ਪੁਲਿਸ ਨੇ ਵੀ ਬਾਘਾਪੁਰਾਣਾ ਕੇਸ ਵਿਚ ਜੱਗੀ ਖਿਲਾਫ ਚਾਰਜਸ਼ੀਟ ਦਾਖਲ ਕੀਤੀ ਹੈ। ਇਹਨਾਂ ਚਾਰਜਸ਼ੀਟਾਂ 'ਤੇ ਬਹਿਸ ਅਦਾਲਤਾਂ ਦੀਆਂ ਛੁੱਟੀਆਂ ਖਤਮ ਹੋਣ ਤੋਂ ਬਾਅਦ ਸ਼ੁਰੂ ਹੋਣ ਦੀ ਆਸ ਹੈ। ਇਸ ਕਾਰਨ ਜਗਤਾਰ ਸਿੰਘ ਜੱਗੀ ਦਾ ਕੇਸ ਸਹੀ ਢੰਗ ਨਾਲ ਅਦਾਲਤ ਵਿਚ ਰੱਖਣ ਲਈ ਜ਼ਰੂਰੀ ਸੀ ਕਿ ਉਸਦੇ ਪਰਿਵਾਰਕ ਮੈਂਬਰਾਂ ਨਾਲ ਗੱਲਬਾਤ ਕੀਤੀ ਜਾਵੇ ਜੋ ਡਰ ਕਾਰਨ ਭਾਰਤ ਨਹੀਂ ਆ ਸਕਦੇ। ਉਨ੍ਹਾਂ ਕਿਹਾ, ਮੇਰੀ ਸਮਝ ਅਨੁਸਾਰ ਬਰਤਾਨੀਆ ਸਰਕਾਰ ਖੁਦ ਆਪਣੇ ਨਾਗਰਿਕ ਜਗਤਾਰ ਸਿੰਘ ਜੱਗੀ ਅਤੇ ਉਸਦੇ ਪਰਿਵਾਰ ਲਈ ਮੁਸ਼ਕਿਲਾਂ ਖੜੀਆਂ ਕਰ ਰਹੀ ਹੈ ਅਤੇ ਇਸ ਤਰ੍ਹਾਂ ਅਜ਼ਾਦ ਅਤੇ ਨਿਰਪੱਖ ਜਾਂਚ ਦੀ ਸੰਭਾਵਨਾ ਉੱਤੇ ਵੱਡਾ ਖਤਰਾ ਬਣਿਆ ਹੋਇਆ ਹੈ।

# ਕੈਨੇਡਾ 'ਚ ਸਭ ਤੋਂ ਤੇਜ਼ ਵਾਈ-ਫਾਈ ਦੀ ਸੂਹੁਲਤ ਦਿੰਦਾ ਹੈ 'ਕੈਲਗਰੀ ਹਵਾਈ ਅੱਡਾ'




ਟੋਰਾਂਟੋ—(ਪੱਤਰ ਪ੍ਰੇਰਕ)- ਕੈਨੇਡਾ 'ਚ ਕੈਲਗਰੀ ਦੇ ਕੌਮਾਂਤਰੀ ਹਵਾਈ ਅੱਡੇ ਨੂੰ ਵਾਈ ਫਾਈ ਦੀ ਸਭ ਤੋਂ ਤੇਜ਼ ਸੇਵਾ ਦੇਣ ਲਈ ਪਹਿਲਾ ਸਥਾਨ ਪ੍ਰਾਪਤ ਹੋਇਆ ਹੈ। ਕੈਲਗਰੀ ਕੌਮਾਂਤਰੀ ਹਵਾਈ ਅੱਡੇ ਨੂੰ 24 ਸਭ ਤੋਂ ਵੱਡੇ ਉੱਤਰੀ ਅਮਰੀਕੀ ਹਵਾਈ ਅੱਡਿਆਂ 'ਚੋਂ ਤੀਜਾ ਸਥਾਨ ਮਿਲਿਆ ਹੈ, ਭਾਵ ਕੈਨੇਡਾ 'ਚ ਕੈਲਗਰੀ ਹਵਾਈ ਅੱਡਾ ਸਭ ਤੋਂ ਵਧੀਆ ਵਾਈ-ਫਾਈ ਸਹੂਲਤ ਦਿੰਦਾ ਹੈ। ਰਿਪੋਰਟ ਮੁਤਾਬਕ ਅਮਰੀਕਾ ਦੇ ਸਿਆਟਲ ਹਵਾਈ ਅੱਡਾ ਅਤੇ ਡੈਨੇਵਰ ਹਵਾਈ ਅੱਡਾ ਕੈਲਗਰੀ ਤੋਂ ਵੀ ਤੇਜ਼ ਸਪੀਡ ਦੀ ਵਾਈ-ਫਾਈ ਸੇਵਾ ਦੇਣ ਵਾਲੇ ਹਨ। ਇਸੇ ਲਈ ਸਿਆਟਲ ਨੂੰ ਪਹਿਲਾ ਅਤੇ ਡੈਨੇਵਰ ਨੂੰ ਦੂਜਾ ਸਥਾਨ ਮਿਲਿਆ ਹੈ। ਇਸ ਸੂਚੀ 'ਚ ਵੈਨਕੂਵਰ ਹਵਾਈ ਅੱਡੇ ਨੂੰ 7ਵਾਂ ਸਥਾਨ ਮਿਲਿਆ ਹੈ। ਇਹ ਰਿਪੋਰਟ 'ਇੰਟਰਨੈੱਟ ਸਪੀਡ ਟੈੱਸਟ ਮੈਟਰਿਕਸ ਸਰਵਿਸ', ਊਕਲਾ ਵੱਲੋਂ ਪੇਸ਼ ਕੀਤੀ ਗਈ ਹੈ। 2017 ਤੋਂ 2018 ਦੇ ਸਮੇਂ ਵਿਚਕਾਰ ਦੇ ਡਾਟੇ 'ਤੇ ਇਸ ਰਿਪੋਰਟ ਨੂੰ ਤਿਆਰ ਕੀਤਾ ਗਿਆ ਹੈ। ਪਿਛਲੇ ਸਾਲ ਵੈਨਕੂਵਰ ਨੂੰ ਦੂਜਾ ਸਥਾਨ ਹਾਸਲ ਹੋਇਆ ਸੀ ਪਰ ਇਸ ਵਾਰ ਉਹ ਸੱਤਵੇਂ ਨੰਬਰ 'ਤੇ ਹੀ ਆਪਣੀ ਥਾਂ ਬਣਾ ਸਕਿਆ ਹੈ। ਟੋਰਾਂਟੋ ਪੀਅਰਸਨ ਹਵਾਈ ਅੱਡਾ ਵੀ ਕੋਈ ਚੰਗਾ ਸਥਾਨ ਪ੍ਰਾਪਤ ਨਹੀਂ ਕਰ ਸਕਿਆ ਅਤੇ ਇਸ ਨੂੰ 23ਵਾਂ ਸਥਾਨ ਮਿਲਿਆ ਹੈ। ਸਭ ਤੋਂ ਮਾੜਾ ਹਾਲ ਮਾਂਟਰੀਅਲ ਹਵਾਈ ਅੱਡੇ ਦਾ ਹੈ, ਜਿਸ ਨੂੰ ਇਸ 'ਚ 24ਵਾਂ ਸਥਾਨ ਪ੍ਰਾਪਤ ਹੋਇਆ ਹੈ।

# ਮਾਊਂਟ ਐਵਰੈਸਟ ਕੂੜੇ ਦੇ ਢੇਰ 'ਚ ਹੋ ਰਿਹੈ ਤਬਦੀਲ



ਕਾਠਮੰਡੂ (ਪੱਤਰ ਪ੍ਰੇਰਕ)- — ਦਹਾਕਿਆਂ ਦੇ ਪੇਸ਼ੇਵਰ ਹਾਈਕਿੰਗ ਕਾਰਨ ਦੁਨੀਆ ਦੀ ਸਭ ਤੋਂ ਉੱਚੀ ਚੋਟੀ ਮਾਊਂਟ ਐਵਰੈਸਟ 'ਤੇ ਆਉਣ-ਜਾਣ ਵਾਲੇ ਅਮੀਰ ਪਰਬਤਾਰੋਹੀਆਂ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਹੈ। ਪਰੇਸ਼ਾਨੀ ਦੀ ਗੱਲ ਇਹ ਹੈ ਕਿ ਇਹ ਸੈਲਾਨੀ ਇੱਥੋਂ ਦੇ ਵਾਤਾਵਰਣ ਵੱਲ ਕੋਈ ਧਿਆਨ ਨਹੀਂ ਦੇ ਰਹੇ ਹਨ। ਇਸ ਲਈ ਮਾਊਂਟ ਐਵਰੇਸਟ ਕੂੜੇ ਦੇ ਢੇਰ ਵਿਚ ਤਬਦੀਲ ਹੁੰਦਾ ਜਾ ਰਿਹਾ ਹੈ। ਮਾਊਂਟ ਐਵਰੇਸਟ ਦੇ 8,848 ਮੀਟਰ ਲੰਬੇ ਰਸਤੇ ਵਿਚ ਪਰਬਤਾਰੋਹੀ ਆਪਣੇ ਟੈਂਟ, ਬੇਕਾਰ ਹੋ ਚੁੱਕੇ ਉਪਕਰਣ, ਖਾਲੀ ਗੈਸ ਸਿਲੰਡਰ ਅਤੇ ਇੱਥੋਂ ਤੱਕ ਕਿ ਮਨੁੱਖੀ ਰਹਿੰਦ-ਖੂਹੰਦ ਵੀ ਛੱਡ ਆਉਂਦੇ ਹਨ। 18 ਵਾਰੀ ਐਵਰੇਸਟ ਦੀ ਚੜ੍ਹਾਈ ਕਰਨ ਵਾਲੇ ਪੇਮਬਾ ਦੋਰਜੇ ਸ਼ੇਰਪਾ ਨੇ ਕਿਹਾ,"ਇਹ ਬਹੁਤ ਬੁਰਾ ਹੈ। ਅੱਖਾਂ ਵਿਚ ਚੁੱਭਦਾ ਹੈ।" ਪਹਾੜ 'ਤੇ ਟਨਾਂ ਦੀ ਮਾਤਰਾ ਵਿਚ ਕੂੜੇ ਦੇ ਢੇਰ ਲੱਗੇ ਹਨ। ਐਵਰੇਸਟ 'ਤੇ ਚੜ੍ਹਨ ਵਾਲਿਆਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਇਸ ਸਾਲ ਘੱਟ ਤੋਂ ਘੱਟ 600 ਲੋਕ ਹੁਣ ਤੱਕ ਚੋਟੀ ਤੱਕ ਪਹੁੰਚ ਚੁੱਕੇ ਹਨ। ਇਸ ਨਾਲ ਸਮੱਸਿਆ ਹੋਰ ਵੀ ਵਿਗੜ ਰਹੀ ਹੈ।

ਇਸ ਦੇ ਨਾਲ ਹੀ ਗਲੋਬਲ ਤਾਪਮਾਨ ਵਿਚ ਵਾਧੇ ਨਾਲ ਪਿਘਲ ਰਹੀਆਂ ਹਿਮਨਦੀਆਂ ਦੇ ਨਾਲ-ਨਾਲ ਇਹ ਕੂੜਾ ਵੀ ਰੁੜ ਕੇ ਆ ਰਿਹਾ ਹੈ। ਬੇਸ਼ੱਕ ਕੂੜਾ ਘੱਟ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। 5 ਸਾਲ ਪਹਿਲਾਂ ਨੇਪਾਲ ਨੇ ਨਿਯਮ ਬਣਾਇਆ ਸੀ ਕਿ ਪਰਬਤ 'ਤੇ ਚੜ੍ਹਨ ਵਾਲੀ ਹਰ ਟੀਮ ਨੂੰ ਕਰੀਬ ਢਾਈ ਲੱਖ ਰੁਪਏ ਜਮਾਂ ਕਰਵਾਉਣੇ ਹੋਣਗੇ। ਜੋ ਪਰਬਤਾਰੋਹੀ ਆਪਣੇ ਨਾਲ ਘੱਟ ਤੋਂ ਘੱਟ 8 ਕਿਲੋਗ੍ਰਾਮ ਕੂੜਾ ਲਿਆਵੇਗਾ, ਉਸ ਨੂੰ ਇਹ ਰਾਸ਼ੀ ਵਾਪਸ ਕਰ ਦਿੱਤੀ ਜਾਵੇਗੀ। ਸਾਗਰਮਾਥਾ ਪ੍ਰਦੂਸ਼ਣ ਕੰਟਰੋਲ ਕਮੇਟੀ ਮੁਤਾਬਕ ਸਾਲ 2017 ਵਿਚ ਨੇਪਾਲ ਦੇ ਪਰਬਤਾਰੋਹੀ ਕਰੀਬ 25 ਟਨ ਕੂੜਾ ਅਤੇ 15 ਟਨ ਮਨੁੱਖੀ ਰਹਿੰਦ-ਖੂਹੰਦ ਥੱਲੇ ਲੈ ਕੇ ਆਏ। ਇਸ ਮੌਸਮ ਵਿਚ ਇਸ ਤੋਂ ਜ਼ਿਆਦਾ ਕੂੜਾ ਹੇਠਾਂ ਲਿਆਂਦਾ ਗਿਆ ਪਰ ਇਹ ਤਾਂ ਹਰੇਕ ਸਾਲ ਉੱਥੇ ਜਮਾਂ ਹੋਣ ਵਾਲੇ ਕੂੜੇ ਦਾ ਹਿੱਸਾ ਭਰ ਹੈ।

# ਵਸਾ, ਕਾਰਬੋਹਾਈਡ੍ਰੇਟ ਦੀ ਜ਼ਿਆਦਾ ਮਾਤਰਾ ਵਾਲੇ ਖੁਰਾਕ ਪਦਾਰਥਾਂ ਦਾ ਦਿਮਾਗ 'ਤੇ ਜ਼ਿਆਦਾ ਪ੍ਰਭਾਵ

ਬਰਲਿਨ (ਪੱਤਰ ਪ੍ਰੇਰਕ)- – ਵਿਗਿਆਨੀਆਂ ਦਾ ਕਹਿਣਾ ਹੈ ਕਿ ਜੰਕ ਫੂਡ ਵਿਚ ਵਸਾ ਅਤੇ ਕਾਰਬੋਹਾਈਡ੍ਰੇਟ ਦੀ ਮਾਤਰਾ ਜ਼ਿਆਦਾ ਹੁੰਦੀ ਹੈ, ਜਿਸ ਨਾਲ ਸਾਡੇ ਦਿਮਾਗ ਦੇ ਰਿਵਾਰਡ ਸਿਸਟਮ ਉੱਤੇ ਜ਼ਿਆਦਾਤਰ ਪ੍ਰਭਾਵ ਪੈਂਦਾ ਹੈ। ਵਿਗਿਆਨੀਆਂ ਦਾ ਸਵਾਲ ਹੈ ਕਿ ਅਸੀਂ ਫ੍ਰੈਂਚ ਫ੍ਰਾਈਜ਼ ਅਤੇ ਕੈਂਡੀ ਬਾਰਸ ਵਰਗੇ ਅਨਹੈਲਦੀ ਜੰਕ ਫੂਡ ਨਾਲ ਦੂਰੀ ਕਿਉਂ ਬਣਾ ਸਕਦੇ। ਵਸਾ ਅਤੇ ਕਾਰਬੋਹਾਈਡ੍ਰੇਟ ਦੀ ਜ਼ਿਆਦਾ ਮਾਤਰਾ ਵਾਲੇ ਖੁਰਾਕ ਪਦਾਰਥ ਦਿਮਾਗ ਵਿਚ ਰਿਵਾਰਡ ਸਿਸਟਮ ਨੂੰ ਸਰਗਰਮ ਕਰਦੇ ਹਨ। ਹਾਲਾਂਕਿ ਅਜਿਹਾ ਵੱਖ-ਵੱਖ ਸਿਗਨਲ ਮਾਰਗਾਂ ਰਾਹੀਂ



ਹੁੰਦਾ ਹੈ। ਜਦੋਂ ਕਾਰਬੋਹਾਈਡ੍ਰੇਟ ਅਤੇ ਵਸਾ ਭੋਜਨ ਵਿਚ ਇਕੱਠੇ ਆਉਂਦੇ ਹਨ, ਤਾਂ ਇਹ ਪ੍ਰਭਾਵ ਤੇਜ਼ ਹੋ ਜਾਂਦਾ ਹੈ। ਕੁਦਰਤ ਵਿਚ ਅਜਿਹੇ ਕੋਈ ਖੁਰਾਕ ਪਦਾਰਥ ਨਹੀਂ ਹੁੰਦੇ ਹਨ ਜਿਨ੍ਹਾਂ ਵਿਚ ਵਸਾ ਅਤੇ ਕਾਰਬੋਹਾਈਡ੍ਰੇਟ ਦਾ ਉੱਚ ਅਨੁਪਤ ਹੁੰਦਾ ਹੈ ਜਾਂ ਤਾਂ ਖੁਰਾਕ ਪਦਾਰਥਾਂ ਵਿਚ ਨਟਸ ਦੇ ਰੂਪ ਵਿਚ ਵਸਾ ਦੀ ਜ਼ਿਆਦਾ ਮਾਤਰਾ ਹੁੰਦੀ ਹੈ ਜਾਂ ਫਿਰ ਆਲੂ ਜਾਂ ਅਨਾਜ ਦੇ ਰੂਪ ਵਿਚ ਕਾਰਬੋਹਾਈਡ੍ਰੇਟਡ ਦੀ ਜ਼ਿਆਦਾ ਮਾਤਰਾ ਹੁੰਦੀ ਹੈ। ਜਰਮਨੀ ਵਿਚ ਮੈਟਾਬੋਲਿਜ਼ਮ ਰਿਸਰਚ ਦੇ ਮੈਕਸ ਪਲੈਂਕ ਇੰਸਟੀਚਿਊਟ ਦੇ ਮਾਰਕ ਟਿਟਗੇਮੇਅਰ ਨੇ ਦੱਸਿਆ ਕਿ ਅਸੀਂ ਹਰ ਸਮੇਂ ਨਾ ਨਹੀਂ ਆਖਦੇ। ਇਹੀ ਕਾਰਨ ਹੈ ਕਿ ਅਸੀਂ ਖੁਦ ਨੂੰ ਆਮ ਤੌਰ ਉੱਤੇ ਖਾਣੇ ਤੋਂ ਨਹੀਂ ਰੋਕ ਪਾਉਂਦੇ, ਭਾਵੇਂ ਹੀ ਸਾਡਾ ਪੇਟ ਭਰਿਆ ਹੋਇਆ ਹੋਵੇ।

# ਇਟਲੀ ਨੇ ਨਾ ਦਿੱਤੀ ਸ਼ਰਣ ਤਾਂ ਸਪੇਨ ਨੇ ਪ੍ਰਵਾਸੀਆਂ ਲਈ ਖੋਲ੍ਹੇ ਆਪਣੇ ਦਰਵਾਜ਼ੇ



ਵੇਲੇਂਸਿਆ/ ਇਟਲੀ(ਪੱਤਰ ਪ੍ਰੇਰਕ)- — ਸਪੇਨ ਦੇ ਵੇਲੇਂਸਿਆ ਬੰਦਰਗਾਹ 'ਤੇ ਐਤਵਾਰ ਨੂੰ ਕਿਸ਼ਤੀਆਂ 'ਚ ਸਵਾਰ ਹੋ ਕੇ 620 ਪ੍ਰਵਾਸੀਆਂ ਨਾਲ ਸਮੁੰਦਰੀ ਫੌਜ ਦਾ ਇਕ ਕਾਫਲਾ ਪੁੱਜੇਗਾ। ਇਸ ਦੇ ਨਾਲ ਹੀ ਪ੍ਰਵਾਸੀਆਂ ਵੱਲੋਂ ਸਮੁੰਦਰ 'ਚ ਬਤੀਤ ਕੀਤੇ 9 ਦਿਨਾਂ ਦੀ ਯਾਤਰਾ ਦਾ ਅੰਤ ਹੋ ਜਾਵੇਗਾ। ਇਸ ਘਟਨਾ ਨੂੰ ਲੈ ਕੇ ਪ੍ਰਵਾਸੀਆਂ ਨੂੰ ਸੰਭਾਲਣ ਦੇ ਤਰੀਕੇ 'ਤੇ ਯੂਰਪ 'ਚ ਵੱਡੇ ਪੈਮਾਨੇ 'ਤੇ ਬਹਿਸ ਸ਼ੁਰੂ ਹੋ ਗਈ ਹੈ। ਸਪੇਨ ਨੇ ਅਫਰੀਕੀ ਸਮੂਹ ਦੇ ਪ੍ਰਵਾਸੀਆਂ ਨੂੰ ਪਿਛਲੇ ਹਫਤੇ ਆਪਣੇ ਕੋਲ ਸ਼ਰਣ ਦੇਣ ਦੀ ਪੇਸ਼ਕਸ਼ ਕੀਤੀ ਸੀ। ਉਸ ਸਮੇਂ ਜਹਾਜ਼ 700 ਸਮੁੰਦਰੀ ਮੀਲ ਦੀ ਦੂਰੀ 'ਤੇ ਸੀ ਅਤੇ ਇਟਲੀ ਤੇ ਮਾਲਟਾ ਨੇ ਇਸ ਨੂੰ ਆਪਣੀਆਂ ਬੰਦਰਗਾਹਾਂ 'ਤੇ ਸ਼ਰਣ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਸਪੈਨਿਸ਼ ਪ੍ਰਧਾਨ ਮੰਤਰੀ ਪੇਡਰੋ ਸਾਂਚੇਜ਼ ਨੂੰ ਆਪਣਾ ਉਦਾਰ ਰਵੱਈਆ ਦਿਖਾਉਣ ਦਾ ਵਧੀਆ ਮੌਕਾ ਮਿਲਿਆ।

ਰੈੱਡ ਕਰਾਸ ਦੇ ਜਨਰਲ ਸਕੱਤਰ ਇਲਹਾਦ ਐੱਜ. ਸੀ. ਨੇ ਸ਼ਨੀਵਾਰ ਨੂੰ ਵੇਲੇਂਸਿਆ 'ਚ ਕਿਹਾ,"ਲੋਕ ਯੂਰਪੀ ਮੁੱਲਾਂ, ਇਕਜੁੱਟਤਾ ਅਤੇ ਸਮਰਥਨ ਦੀ ਮੰਗ ਕਰਨ ਲਈ ਯੂਰਪ ਆ ਰਹੇ ਹਨ।" ਸਵੈਸੇਵੀ, ਟਰਾਂਸਲੇਟਰਾਂ, ਪੁਲਸ ਅਤੇ ਸਿਹਤ ਅਧਿਕਾਰੀਆਂ ਸਮੇਤ 2,320 ਕਰਮਚਾਰੀ ਪ੍ਰਵਾਸੀਆਂ ਅਤੇ ਦੋ ਜਹਾਜ਼ਾਂ ਦਾ ਇੰਤਜ਼ਾਰ ਕਰ ਰਹੇ ਹਨ, ਜਿਨ੍ਹਾਂ ਨੇ ਪ੍ਰਵਾਸੀਆਂ ਦੀ ਯਾਤਰਾ ਨੂੰ ਸੁਰੱਖਿਅਤ ਬਣਾਉਣ ਲਈ ਆਪਣੇ ਜਹਾਜ਼ ਸਾਂਝੇ ਕੀਤੇ। ਸਪੈਨਿਸ਼ ਰੈੱਡ ਕ੍ਰਾਸ ਦੇ ਅਧਿਕਾਰੀਆਂ ਨੇ ਕਿਹਾ ਕਿ ਜਿਵੇਂ ਹੀ ਕਿਸ਼ਤੀਆਂ ਆਉਂਦੀਆਂ ਹਨ, ਉਨ੍ਹਾਂ 'ਚ ਸਵਾਰ ਸੱਤ ਗਰਭਵਤੀ ਔਰਤਾਂ ਨੂੰ ਤੁਰੰਤ ਚੈੱਕ-ਅਪ ਲਈ ਜ਼ਮੀਨ 'ਤੇ ਲਿਆਂਦਾ ਜਾਵੇਗਾ ਅਤੇ 123 ਨਾਬਾਲਗਾਂ ਸਮੇਤ ਕਿਸ਼ਤੀਆਂ 'ਤੇ ਸਵਾਰ ਹਰ ਕਿਸੇ ਵਿਅਕਤੀ ਦੇ ਮਨੋਵਿਗਿਆਨ 'ਤੇ ਧਿਆਨ ਦਿੱਤਾ ਜਾਵੇਗਾ। ਇਟਲੀ 'ਚ ਪਿਛਲੇ ਪੰਜ ਸਾਲਾਂ 'ਚ 600,000 ਤੋਂ ਵਧੇਰੇ ਲੋਕ ਉੱਥੇ ਪੁੱਜੇ ਹਨ, ਜੋ ਰਾਸ਼ਟਰਵਾਦੀ ਲੀਗ ਦੀ ਗਠਜੋੜ ਸਰਕਾਰ ਨੂੰ ਅੱਗੇ ਵਧਾਉਣ 'ਚ ਮਦਦ ਕਰਦੇ ਹਨ। ਸਪੇਨ 'ਚ ਇਹ ਗਿਣਤੀ ਬਹੁਤ ਘੱਟ ਹੈ ਪਰ ਇਸ 'ਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ।

# ਨਿਕਾਰਗੁਆ : ਹਿੰਸਾ 'ਚ 8 ਲੋਕਾਂ ਦੀ ਮੌਤ, ਸ਼ਾਂਤੀ ਵਾਰਤਾ 'ਤੇ ਛਾਏ ਸੰਕਟ ਦੇ ਬੱਦਲ



ਮਾਨਾਗੁਆ(ਪੱਤਰ ਪ੍ਰੇਰਕ)- — ਨਿਕਾਰਗੁਆ 'ਚ ਰਾਸ਼ਟਰਪਤੀ ਡੈਨੀਅਲ ਓਰਟੇਗਾ ਦੇ ਖਿਲਾਫ ਪ੍ਰਦਰਸ਼ਨ ਦੌਰਾਨ ਪੁਲਸ ਅਤੇ ਪ੍ਰਦਰਸ਼ਨਕਾਰੀਆਂ ਵਿਚਕਾਰ ਹੋਈ ਝੜਪ 'ਚ ਸ਼ਨੀਵਾਰ ਨੂੰ 8 ਲੋਕਾਂ ਦੀ ਮੌਤ ਹੋ ਗਈ। ਨਿਕਾਰਗੁਆ ਦੀ ਰਾਜਧਾਨੀ 'ਚ ਹਥਿਆਰਬੰਦ ਹਮਲਾਵਰਾਂ ਨੇ ਇਕ ਘਰ 'ਚ ਅੱਗ ਲਗਾ ਦਿੱਤੀ ਅਤੇ ਸੜਕ 'ਤੇ ਲੱਗੇ ਇਕ ਬੈਰੀਕੇਟ 'ਤੇ ਗੋਲੀਬਾਰੀ ਕੀਤੀ, ਜਿਸ ਨਾਲ ਘੱਟ ਤੋਂ ਘੱਟ 8 ਲੋਕਾਂ ਦੀ ਮੌਤ ਹੋ ਗਈ। ਇਸ ਤਾਜ਼ਾ ਘਟਨਾ ਕਾਰਨ ਸ਼ਾਂਤੀ ਨੂੰ ਖਤਮ ਕਰਨ ਦੇ ਉਦੇਸ਼ ਨਾਲ ਪਿਛਲੇ ਕਈ ਦਿਨਾਂ ਤੋਂ ਚੱਲ ਰਹੀ ਗੱਲਬਾਤ 'ਤੇ ਸੰਕਟ ਦੇ ਬੱਦਲ ਮੰਡਰਾਉਣ ਲੱਗੇ ਹਨ। ਕੱਲ ਦੀ ਹਿੰਸਾ ਨਾਲ ਨਾਗਰਿਕ ਸਮਾਜ ਸਮੂਹ ਦੇ ਪ੍ਰਤੀਨਿਧੀਆਂ ਅਤੇ ਰਾਸ਼ਟਰਪਤੀ ਡੈਨੀਅਲ ਦੀ ਸਰਕਾਰ ਦੇ ਵਿਚਕਾਰ ਹੋਣ ਵਾਲੀ ਦੂਜੇ ਦਿਨ ਦੀ ਗੱਲਬਾਤ 'ਤੇ ਤਣਾਅ ਛਾ ਗਿਆ ਹੈ, ਇਸ ਗੱਲਬਾਤ ਦੌਰਾਨ ਦੇਸ਼ 'ਚ ਦੋ ਮਹੀਨਿਆਂ ਪੁਰਾਣੇ ਰਾਜਨੀਤਕ ਸੰਕਟ ਦਾ ਹੱਲ ਕੱਢਣ ਲਈ ਕੋਸ਼ਿਸ਼ ਹੋਣੀ ਸੀ। ਅਧਿਕਾਰੀਆਂ ਨੇ ਸ਼ਨੀਵਾਰ ਨੂੰ ਹੋਈਆਂ ਮੌਤਾਂ ਲਈ 'ਅਪਰਾਧੀਆਂ' ਨੂੰ ਦੋਸ਼ੀ ਠਹਿਰਾਇਆ ਜਦ ਕਿ ਨਾਗਰਿਕ ਸਮੂਹਾਂ ਨੇ ਦੋ ਹਮਲਿਆਂ ਦੇ ਪਿੱਛੇ ਪੁਲਸ ਅਤੇ ਹੋਰ ਸਰਕਾਰੀ ਕਰਮਚਾਰੀਆਂ ਦਾ ਹੱਥ ਹੋਣ ਦਾ ਦੋਸ਼ ਲੱਗਾ ਹੈ ਫਿਰ ਵੀ ਗੱਲਬਾਤ ਰਚਨਾਤਮਕ ਸੀ। ਦੋਵੇਂ ਪੱਖ ਤਿੰਨ ਕਾਰਜਕਾਰੀ ਸਮੂਹਾਂ ਦਾ ਗਠਨ ਕਰਨ 'ਤੇ ਸਹਿਮਤ ਹੋਏ ਜੋ ਸੁਰੱਖਿਆ ਚਿੰਤਾਵਾਂ, ਚੋਣ ਮਾਮਲਿਆਂ ਅਤੇ ਸੁਪਰੀਮ ਕੋਰਟ 'ਚ ਸੰਭਾਵਿਤ ਸੁਧਾਰ ਨੂੰ ਹੱਲ ਕਰਨ ਲਈ ਸੋਮਵਾਰ ਨੂੰ ਫਿਰ ਮਿਲਣਗੇ।

# ਪ੍ਰਵਾਸੀਆਂ ਨੂੰ ਲੈ ਕੇ ਸਪੇਨ ਪਹੁੰਚਿਆ ਇਟਲੀ ਦਾ ਜਹਾਜ਼




ਵੈਲੇਂਸੀਆ/ਰੋਮ (ਪੱਤਰ ਪ੍ਰੇਰਕ)- — ਇਟਲੀ ਦੇ ਤੱਟ ਰੱਖਿਅਕਾਂ ਦਾ ਜਹਾਜ਼ 9 ਦਿਨ ਦੀ ਯਾਤਰਾ ਦੇ ਬਾਅਦ ਪ੍ਰਵਾਸੀਆਂ ਨੂੰ ਲੈ ਕੇ ਐਤਵਾਰ ਨੂੰ ਸਪੇਨ ਦੀ ਵੈਲੇਂਸੀਆ ਬੰਦਰਗਾਹ 'ਤੇ ਪਹੁੰਚ ਗਿਆ। ਸਪੇਨ ਦੇ ਪੀ.ਐੱਮ. ਪੈਡਰੋ ਸ਼ੈਂਚ ਦੇ ਸੱਦੇ 'ਤੇ ਇਟਲੀ ਦੇ ਤੱਟ ਰੱਖਿਅਕਾਂ ਦਾ ਇਹ ਜਹਾਜ਼ ਇੱਥੇ ਪਹੁੰਚਿਆ ਹੈ। ਇਹ ਜਹਾਜ਼ ਇਟਲੀ ਦੇ ਉਨ੍ਹਾਂ ਦੋ ਜਹਾਜ਼ਾਂ ਵਿਚੋਂ ਇਕ ਹੈ ਜੋ ਅਫਰੀਕੀ ਪ੍ਰਵਾਸੀਆਂ ਨੂੰ ਲੈ ਕੇ ਸਪੇਨ ਪਹੁੰਚਣ ਵਾਲਾ ਸੀ। ਇਟਲੀ ਸਰਕਾਰ ਨੇ ਸੈਂਕੜੇ ਪ੍ਰਵਾਸੀਆਂ ਦੇ ਇਸ ਸਮੁੰਦਰੀ ਜਹਾਜ਼ ਨੂੰ ਆਪਣੀ ਬੰਦਰਗਾਹ 'ਤੇ ਉਤਰਣ ਦੀ ਇਜਾਜ਼ਤ ਨਹੀਂ ਦਿੱਤੀ ਸੀ। ਸਪੇਨ ਨੇ ਚੈਰਿਟੀ ਨਾਲ ਚੱਲਣ ਵਾਲੇ ਇਸ ਜਹਾਜ਼ 'ਤੇ ਸਵਾਰ ਉਪ ਸਹਾਰਾ ਅਫਰੀਕੀ ਸਮੂਹ ਦੇ ਪ੍ਰਵਾਸੀਆਂ ਨੂੰ ਬੀਤੇ ਹਫਤੇ ਆਪਣੇ ਇੱਥੇ ਸ਼ਰਨ ਦੇਣ ਦੀ ਪੇਸ਼ਕਸ਼ ਕੀਤੀ ਸੀ। ਉਸ ਸਮੇਂ ਜਹਾਜ਼ 700 ਸਮੁੰਦਰੀ ਮੀਲ ਦੀ ਦੂਰੀ 'ਤੇ ਸੀ ਅਤੇ ਇਟਲੀ ਅਤੇ ਮਾਲਟਾ ਨੇ ਇਸ ਨੂੰ ਆਪਣੀਆਂ ਬੰਦਰਗਾਹਾਂ 'ਤੇ ਸ਼ਰਨ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਸਪੇਨ ਪਹੁੰਚਣ ਦੇ ਨਾਲ ਹੀ ਪ੍ਰਵਾਸੀਆਂ ਵੱਲੋਂ ਸਮੁੰਦਰ ਵਿਚ ਗੁਜਾਰੇ ਗਏ 9 ਦਿਨਾਂ ਦੀ ਭਿਆਨਕ ਯਾਤਰਾ ਦਾ ਵੀ ਅੰਤ ਹੋ ਗਿਆ।

# ਅਮਰੀਕਾ 'ਚ ਕੌਮਾਂਤਰੀ ਯੋਗਾ ਦਿਵਸ ਸਮਾਰੋਹ ਸ਼ੁਰੂ, ਵੱਡੀ ਗਿਣਤੀ 'ਚ ਲੋਕਾਂ ਨੇ ਲਿਆ ਹਿੱਸਾ



ਵਾਸ਼ਿੰਗਟਨ(ਪੱਤਰ ਪ੍ਰੇਰਕ)- — ਅਮਰੀਕਾ 'ਚ ਕੈਪੀਟਲ ਹਿੱਲ ਸਮੇਤ ਕਈ ਇਤਿਹਾਸਕ ਸਥਾਨਾਂ 'ਤੇ ਸੈਂਕੜੇ ਯੋਗਾ ਪ੍ਰੇਮੀ ਯੋਗਾ ਕਰਨ ਲਈ ਇਕੱਠੇ ਹੋਏ। ਇਨ੍ਹਾਂ ਦੇ ਨਾਲ ਹੀ ਕੌਮਾਂਤਰੀ ਯੋਗਾ ਦਿਵਸ ਦੀ ਚੌਥੀ ਵਰ੍ਹੇਗੰਢ ਲਈ ਇਸ ਹਫਤੇ ਤੈਅ ਕੀਤੇ ਪ੍ਰੋਗਰਾਮਾਂ ਦੇ ਪ੍ਰਬੰਧਾਂ ਦੀ ਸ਼ੁਰੂਆਤ ਹੋਈ। ਭਾਰਤੀ ਕੌਂਸਲ ਜਨਰਲ ਵੱਲੋਂ ਯੋਗਾ ਦਿਵਸ ਦੀ ਵਰ੍ਹੇਗੰਢ ਦੇ ਮੌਕੇ 'ਤੇ ਆਯੋਜਿਤ ਪ੍ਰੋਗਰਾਮ 'ਚ ਹਿੱਸਾ ਲੈਣ ਲਈ ਨਿਊਯਾਰਕ 'ਚ ਇਤਿਹਾਸਕ 'ਸਟੈਚਿਊ ਆਫ ਲਿਬਰਟੀ' ਦੇ ਪਿੱਛੇ ਗਵਰਨਰਜ਼ ਆਈਲੈਂਡ ਅਤੇ ਮੈਨਹਾਟਨ ਸਕਾਈਲਾਈਨ 'ਚ ਲੋਕ ਜਮ੍ਹਾਂ ਹੋਏ। ਨਿਊਯਾਰਕ 'ਚ ਭਾਰਤ ਦੇ ਦੂਤਘਰ ਨੇ ਕੱਲ 'ਲੈਂਟ ਯੋਗਾ ਗਵਰਨ ਯੁਅਰ ਲਾਈਫ' ਨਾਮਕ ਦੋ ਘੰਟਿਆਂ ਦਾ ਪ੍ਰੋਗਰਾਮ ਕੀਤਾ। ਇਸ 'ਚ ਯੋਗ ਗੁਰੂਆਂ ਦੇ ਮਾਰਗਦਰਸ਼ਨ 'ਚ ਅਤੇ ਯੋਗ ਅਭਿਆਸ ਕਰਨ ਵਾਲਿਆਂ ਦੀ ਮਦਦ ਨਾਲ 'ਆਮ ਯੋਗ ਆਸਣਾਂ' 'ਤੇ ਆਧਾਰਿਤ ਯੋਗਾ ਅਤੇ ਧਿਆਨ ਲਗਾਉਣ ਨੂੰ ਸ਼ਾਮਲ ਕੀਤਾ ਗਿਆ ਸੀ। ਵੱਖ-ਵੱਖ ਪਿਛੋਕੜ ਵਾਲੇ ਕਈ ਲੋਕ ਆਪਣੇ-ਆਪਣੇ ਪਰਿਵਾਰਾਂ ਸਮੇਤ ਇਸ ਯੋਗ ਸੰਮੇਲਨ 'ਚ ਸ਼ਾਮਲ ਹੋਏ। ਇਸ ਦੌਰਾਨ ਸੂਰਜ ਨਮਸਕਾਰ, ਪ੍ਰਾਣਾਯਾਮ, ਵੱਖ-ਵੱਖ ਯੋਗ ਆਸਨ ਅਤੇ ਸਾਹ ਆਧਾਰਿਤ ਯੋਗਾ ਅਭਿਆਸ ਕੀਤਾ ਗਿਆ। ਬੱਚਿਆਂ ਦੀ ਪ੍ਰਭਾਵਸ਼ਾਲੀ ਪੇਸ਼ਕਾਰੀ ਨੇ ਸਭ ਦਾ ਮਨ ਮੋਹ ਲਿਆ। ਉੱਥੇ ਮੌਜੂਦ ਲੋਕਾਂ ਨੂੰ ਸੰਬੋਧਿਤ ਕਰਦੇ ਹੋਏ ਪ੍ਰੋਗਰਾਮ ਦੀ ਮੁੱਖ ਮਹਿਮਾਨ ਅਤੇ ਕਾਂਗਰਸ ਮੈਂਬਰ ਕੈਰੋਲੀਨ ਮੈਲੋਨੀ ਨੇ ਕਿਹਾ ਕਿ ਯੋਗਾ ਕਿਸੇ ਵਿਅਕਤੀ ਦੀ ਸਿਹਤ ਅਤੇ ਬੇਹਤਰੀ ਦਾ ਇਕ 'ਉੱਚ ਤਰੀਕਾ' ਹੈ। ਕੈਰੋਲਿਨ ਖੁਦ ਵੀ ਨਿਯਮਿਤ ਰੂਪ 'ਚ ਯੋਗਾ ਕਰਦੀ ਹੈ। ਨਿਊਯਾਰਕ 'ਚ ਭਾਰਤ ਦੇ ਕੌਂਸਲ ਜਨਰਲ ਸੰਦੀਪ ਚੱਕਰਵਤੀ ਨੇ ਕਿਹਾ ਕਿ ਯੋਗਾ ਦੀ ਗਲੋਬਲ ਅਪੀਲ ਅਤੇ ਅਮਰੀਕਾ ਤੇ ਭਾਰਤ ਦੇ ਸੱਭਿਆਚਾਰ ਅਤੇ ਲੋਕਾਂ ਨੂੰ ਇਕੱਠੇ ਲਿਆਉਣ 'ਚ ਇਸ ਪ੍ਰਾਚੀਨ ਭਾਰਤੀ ਮੁਹਿੰਮ ਦੀ ਭੂਮਿਕਾ ਨੂੰ ਰੇਖਾਂਕਿਤ ਕੀਤਾ। ਵਾਸ਼ਿੰਗਟਨ 'ਚ ਵੀ ਸ਼ਨੀਵਾਰ ਦੀ ਸਵੇਰ ਨੂੰ ਸੈਂਕੜਿਆਂ ਦੀ ਗਿਣਤੀ 'ਚ ਲੋਕ ਇਤਿਹਾਸਕ ਯੂ. ਐੱਸ. ਕੈਪੀਟੋਲ 'ਤੇ ਜਮ੍ਹਾਂ ਹੋਏ ਅਤੇ ਸਿੱਖਿਅਤ ਭਾਰਤੀ ਯੋਗ ਗੁਰੂਆਂ ਦੀ ਮਦਦ ਨਾਲ ਯੋਗ ਆਸਨ ਕੀਤੇ। ਅਮਰੀਕਾ 'ਚ ਭਾਰਤ ਦੇ ਅੰਬੈਸਡਰ ਨਵਤੇਜ ਸਿੰਘ ਸਰਨਾ ਨੇ ਕਿਹਾ,"ਅਜਿਹਾ ਲੱਗਦਾ ਹੈ ਕਿ ਸਾਡੇ ਸਾਰਿਆਂ 'ਚ ਅਤੇ ਪੂਰੀ ਦੁਨੀਆ 'ਚ ਯੋਗਾ ਨੂੰ ਲੈ ਕੇ ਭਰਪੂਰ ਉਤਸਾਹ ਹੈ।"

# ਸਿਡਨੀ : ਅੱਗ ਦੀਆਂ ਲਪਟਾਂ 'ਚ ਘਿਰੀ ਫੈਕਟਰੀ, ਬਚਾਅ ਕੰਮ ਜਾਰੀ



ਸਿਡਨੀ— ਸਿਡਨੀ ਦੇ ਕੈਂਪਰਡਾਊਨ 'ਚ ਇਕ ਫੈਕਟਰੀ 'ਚ ਭਿਆਨਕ ਅੱਗ ਲੱਗ ਗਈ। ਫੈਕਟਰੀ ਵਿਚ ਅੱਗ ਲੱਗਣ ਕਾਰਨ ਕਾਲਾ ਧੂੰਆਂ ਫੈਲ ਗਿਆ। ਪੁਲਸ ਮੁਤਾਬਕ ਅੱਗ ਆਸਟ੍ਰੇਲੀਆ ਸਟਰੀਟ ਅਤੇ ਐਲਟਨ ਲੇਨ 'ਚ ਸਥਿਤ ਇਕ ਮੰਜ਼ਲਾਂ ਇਮਾਰਤ ਨੂੰ ਸਵੇਰੇ ਤਕਰੀਬਨ 9.30 ਵਜੇ ਲੱਗੀ। ਅੱਗ ਲੱਗਣ ਕਾਰਨ ਇਮਾਰਤ 'ਚੋਂ ਕਾਲਾ ਧੂੰਆਂ ਅਤੇ ਅੱਗ ਦੀਆਂ ਲਪਟਾਂ ਨਿਕਲਦੀਆਂ ਦੇਖੀਆਂ ਗਈਆਂ। ਮੌਕੇ 'ਤੇ ਤਕਰੀਬਨ 25 ਫਾਇਰ ਫਾਈਟਰ ਅੱਗ ਬੁਝਾਉਣ ਲਈ ਪੁੱਜੇ ਅਤੇ ਉਨ੍ਹਾਂ ਨੇ ਨੇੜੇ ਦੀਆਂ ਇਮਾਰਤਾਂ ਨੂੰ ਨੁਕਸਾਨ ਤੋਂ ਬਚਾਇਆ। ਸਾਵਧਾਨੀ ਦੇ ਤੌਰ 'ਤੇ ਇਮਾਰਤ ਦੇ ਨਾਲ ਲੱਗਦੇ ਘਰਾਂ 'ਚ ਰਹਿੰਦੇ ਲੋਕਾਂ ਨੇ ਘਰ ਖਾਲੀ ਕਰ ਦਿੱਤੇ। ਫਾਇਰ ਫਾਈਟਰ ਅੱਗ 'ਤੇ ਕਾਬੂ ਪਾਉਣ 'ਚ ਜੁੱਟੇ ਹੋਏ ਹਨ। ਇਮਾਰਤ ਨੂੰ ਅੱਗ ਲੱਗਣ ਤੋਂ ਬਾਅਦ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਇਸ ਇਲਾਕੇ ਵੱਲ ਨਾ ਆਉਣ। ਪੁਲਸ ਵਲੋਂ ਅੱਗ ਲੱਗਣ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

# ਅਰਜਨਟੀਨਾ 'ਚ ਆਇਆ ਆਰਥਿਕ ਸੰਕਟ, ਹਟਾਏ ਜਾਣਗੇ ਊਰਜਾ ਅਤੇ ਉਤਪਾਦ ਮੰਤਰੀ



ਆਇਰਜ਼ (ਪੱਤਰ ਪ੍ਰੇਰਕ)- — ਆਰਥਿਕ ਸੰਕਟ ਨਾਲ ਜੂਝ ਰਹੀ ਅਰਜਨਟੀਨਾ ਦੀ ਸਰਕਾਰ ਨੇ ਸ਼ਨੀਵਾਰ ਨੂੰ ਕਿਹਾ ਕਿ ਉਹ ਆਪਣੇ ਊਰਜਾ ਅਤੇ ਉਤਪਾਦਨ ਮੰਤਰੀਆਂ ਨੂੰ ਅਹੁਦੇ ਤੋਂ ਹਟਾਵੇਗੀ। ਸਰਕਾਰ ਨੇ ਇਕ ਬਿਆਨ ਜਾਰੀ ਕਰ ਕੇ ਦੱਸਿਆ ਕਿ ਜੁਆਨ ਜੋਸ ਅਰੰਗੁਰੇਨ ਨੂੰ ਹਟਾ ਕੇ ਜੇਵੀਅਰ ਇਗੁਆਸੇਲ ਨੂੰ ਊਰਜਾ ਮੰਤਰੀ ਬਣਾਇਆ ਜਾਵੇਗਾ। ਉੱਥੇ ਹੀ ਉਤਪਾਦ ਮੰਤਰੀ ਫ੍ਰਾਂਸਿਸਕੋ ਕਾਬਰੇਰਾ ਦੀ ਥਾਂ ਸਾਬਕਾ ਰਾਸ਼ਟਰਪਤੀ ਐਂਡੁਆਰਡੋ ਡੁਹਾਲਡੇ ਨਵੇਂ ਉਤਪਾਦਨ ਮੰਤਰੀ ਹੋਣਗੇ। ਰਾਸ਼ਟਰਪਤੀ ਮੈਰਿਸਿਓ ਮੈਕਰੀ ਦੀ ਸਰਕਾਰ ਨੇ ਵਧੇਰੇ ਮੌਦਰਿਕ ਅਸਥਿਰਤਾ ਹੋਣ ਕਾਰਨ ਕਈ ਹਫਤਿਆਂ ਦੀ ਉਥਲ-ਪੁਥਲ ਮਗਰੋਂ ਕੌਮਾਂਤਰੀ ਮੁਦਰਾ ਫੰਡ 'ਚੋਂ ਇਕ ਹਜ਼ਾਰ ਕਰੋੜ ਡਾਲਰ ਦੇ ਕਰਜ਼ੇ ਦੀ ਮੰਗ ਕੀਤੀ ਹੈ। ਅਰਜਨਟੀਨਾ ਦੇ ਕੇਂਦਰੀ ਬੈਂਕ ਦੇ ਪ੍ਰਧਾਨ ਫੇਡੇਰਿਕੋ ਸਟਰਜੇਨੇਗਰ ਨੇ ਦੋ ਦਿਨ ਪਹਿਲਾਂ ਹੀ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ ਤਾਂ ਕਿ ਕੇਂਦਰੀ ਬੈਂਕ ਅਤੇ ਬਾਜ਼ਾਰ 'ਤੇ ਲੋਕਾਂ ਦਾ ਵਿਸ਼ਵਾਸ ਮੁੜ ਸਕੇ।

# ਟਰੰਪ ਨੇ ਆਪਣੇ ਪਿਆਰੇ ਦੋਸਤ ਨਾਲ ਨੰਬਰ ਕੀਤਾ ਸਾਂਝਾ ਕਿਹਾ, 'ਉਹ ਜਦੋਂ ਚਾਹੁੰਣ ਮੈਨੂੰ ਫੋਨ ਕਰਨ'



ਵਾਸ਼ਿੰਗਟਨ (ਪੱਤਰ ਪ੍ਰੇਰਕ)- — ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦੱਸਿਆ ਕਿ ਉਨ੍ਹਾਂ ਨੇ ਉੱਤਰੀ ਕੋਰੀਆ ਦੇ ਲੀਡਰ ਕਿਮ ਜੋਂਗ ਉਨ ਨੂੰ ਉਨ੍ਹਾਂ ਨਾਲ ਸਿੱਧਾ ਗੱਲਬਾਤ ਕਰਨ ਲਈ ਆਪਣੇ ਨੰਬਰ ਦਿੱਤਾ ਹੈ। ਜਿਸ 'ਤੇ ਕਿਮ ਕਦੇ ਵੀ ਉਨ੍ਹਾਂ ਨੂੰ ਫੋਨ ਕਰ ਸਕਦੇ ਹਨ, ਟਰੰਪ ਨੇ ਇਹ ਵੀ ਦੱਸਿਆ ਕਿ ਉਹ ਐਤਵਾਰ ਨੂੰ ਕਿਮ ਜੋਂਗ ਉਨ ਨਾਲ ਫੋਨ 'ਤੇ ਗੱਲਬਾਤ ਕਰ ਸਕਦੇ ਹਨ। ਟਰੰਪ ਨੇ ਦੱਸਿਆ ਕਿ ਬੀਤੇ ਮੰਗਲਵਾਰ ਨੂੰ ਸਿੰਗਾਪੁਰ 'ਚ ਉਨ੍ਹਾਂ ਦੀ ਕਿਮ ਜੋਂਗ ਨਾਲ ਉਨ੍ਹਾਂ ਦੀ ਮੁਲਾਕਾਤ ਸਫਲ ਰਹੀ, ਜਿਸ 'ਚ ਉਹ ਪ੍ਰਮਾਣੂ ਹਮਲੇ ਦੇ ਖਤਰੇ ਨੂੰ ਕਾਫੀ ਹੱਦ ਤੱਕ ਘਟ ਕਰਨ 'ਚ ਕਾਮਯਾਬ ਰਹੇ। ਵ੍ਹਾਈਟ 'ਚ ਪ੍ਰੈਸ ਕਾਨਫਰੰਸ ਦੌਰਾਨ ਟਰੰਪ ਨੇ ਕਿਹਾ, ਹੁਣ ਮੈਂ ਉਨ੍ਹਾਂ ਨੂੰ ਫੋਨ ਕਰ ਸਕਦਾ ਹਾਂ, ਇਹ ਵੀ ਕਹਿ ਸਕਦਾ ਹਾਂ ਕਿ ਹਾਂ ਸਾਡੇ ਵਿਚਾਲੇ ਕੁਝ ਸਮੱਸਿਆ ਹੈ। ਮੈਂ ਸਿੱਧਾ ਫੋਨ ਕਰਨ ਲਈ ਉਨ੍ਹਾਂ ਨੂੰ ਨੰਬਰ ਦਿੱਤਾ ਹੈ, ਕਿਸੇ ਵੀ ਤਰ੍ਹਾਂ ਦੀ ਸਮੱਸਿਆ 'ਚ ਉਹ ਮੈਨੂੰ ਫੋਨ ਕਰ ਸਕਦੇ ਹਨ, ਮੈਂ ਉਨ੍ਹਾਂ ਨੂੰ ਫੋਨ ਕਰ ਸਕਦਾ ਹਾਂ।' ਇਹ ਪੁੱਛੇ ਜਾਣ 'ਤੇ ਕਿ ਉਹ ਐਤਵਾਰ ਨੂੰ ਕਿਸ ਨਾਲ ਗੱਲਬਾਤ ਕਰਨਗੇ, ਟਰੰਪ ਨੇ ਕਿਹਾ, ਮੈਂ ਉੱਤਰੀ ਕੋਰੀਆ 'ਚ ਲੋਕਾਂ ਨਾਲ ਗੱਲ ਕਰਨ ਜਾ ਰਿਹਾ ਹੈ ਅਤੇ ਮੈਂ ਉੱਤਰੀ ਕੋਰੀਆ 'ਚ ਰਹਿਣ ਵਾਲੇ ਅਮਰੀਕੀਆਂ ਨਾਲ ਗੱਲਬਾਤ ਕਰਾਂਗਾ।'

ਸਿੰਗਾਪੁਰ 'ਚ ਆਪਣੀ ਦੋ-ਪੱਖੀ ਬੈਠਕ ਤੋਂ ਬਾਅਦ ਟਰੰਪ ਅਕੇ ਕਿਮ ਨੇ ਇਕ ਸੰਯੁਕਤ ਬਿਆਨ ਜਾਰੀ ਕੀਤਾ ਸੀ, ਜਿਸ 'ਚ ਉੱਤਰੀ ਕੋਰੀਆ ਨੇ ਕੋਰੀਆਈ ਪ੍ਰਾਇਦੀਪ ਨੂੰ ਪ੍ਰਮਾਣੂ ਹਥਿਆਰ ਮੁਕਤ ਬਣਾਉਣ ਦੀ ਦਿਸ਼ਾ 'ਚ ਕੰਮ ਕਰਨ ਦੀ ਵਚਨਬੱਧਤਾ ਜਤਾਈ ਸੀ, ਜਦਕਿ ਅਮਰੀਕਾ ਨੇ ਸੁਰੱਖਿਆ ਦੇਣ ਦੀ ਗਾਰੰਟੀ ਦਿੱਤੀ ਸੀ। ਅਮਰੀਕਾ 'ਚ ਡੈਮੋਕ੍ਰੇਟਿਕ ਪਾਰਟੀ ਦੇ ਆਲੋਚਕਾਂ ਨੇ ਟਰੰਪ ਅਤੇ ਕਿਮ ਵਿਚਾਲੇ ਹੋਏ ਸਮਝੌਤਿਆਂ ਦੀ ਨਿੰਦਾ ਕਰਦੇ ਹੋਏ ਕਿਹਾ ਕਿ ਸਮਝੌਤੇ 'ਤੇ ਵੇਰਵੇ ਕਾਫੀ ਘੱਟ ਸਨ, ਅਮਰੀਕਾ ਦੇ ਰਾਸ਼ਟਰਪਤੀ ਨੇ ਕਿਮ ਜੋਂਗ ਨੂੰ ਕਈ ਰਿਆਇਤਾਂ ਦੇ ਦਿੱਤੀਆਂ ਹਨ, ਜਦਕਿ ਉਨ੍ਹਾਂ ਨੇ ਸੰਯੁਕਤ ਰਾਸ਼ਟਰ ਵੱਲੋਂ ਲਾਈਆਂ ਗਈਆਂ ਪਾਬੰਦੀਆਂ ਦੀ ਨਿੰਦਾ ਕਰਨ ਨਾਲ ਮਨੁੱਖੀ ਅਧਿਕਾਰਾਂ ਦੀ ਵਿਆਪਕ ਰੂਪ ਨਾਲ ਉਲੰਘਣਾ ਕੀਤੀ ਹੈ। ਟਰੰਪ ਨੇ ਕਿਹਾ ਕਿ ਉਹ ਕਿਮ 'ਤੇ ਭਰੋਸਾ ਕਰਦੇ ਹਨ ਕਿਉਂਕਿ ਦੋਹਾਂ ਦੇਸ਼ਾਂ ਨੇ ਉੱਤਰੀ ਕੋਰੀਆ ਦੇ ਪ੍ਰਮਾਣੂ ਪ੍ਰੋਗਰਾਮ ਨੂੰ ਬੰਦ ਕਰਨ ਦੇ ਬਾਰੇ 'ਚ ਗੱਲਬਾਤ ਕੀਤੀ ਹੈ।

ਕਿਮ ਜੋਂਗ ਉਨ ਨਾਲ ਗਰਮਜੋਸ਼ੀ ਨਾਲ ਮਿਲਣ ਨੂੰ ਲੈ ਕੇ ਵੀ ਆਲੋਚਕਾਂ ਨੇ ਟਰੰਪ ਦੀ ਨਿੰਦਾ ਕੀਤੀ ਹੈ, ਇਕ ਰਿਪੋਰਟਰ ਵੱਲੋਂ ਇਹ ਕਹਿਣ 'ਤੇ ਕਿ ਅਮਰੀਕੀ ਰਾਸ਼ਟਰਪਤੀ ਕਿਮ ਜੋਂਗ ਉਨ ਦੇ ਮਨੁੱਖੀ ਅਧਿਕਾਰ ਉਲੰਘਣ ਦੇ ਰਿਕਾਰਡ 'ਤੇ ਪਰਦਾ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਇਸ 'ਤੇ ਟਰੰਪ ਨੇ ਕਿਹਾ, 'ਤੁਸੀਂ ਜਾਣਦੇ ਹੋ ਕਿ, ਮੈਂ ਨਹੀਂ ਚਾਹੁੰਦਾ ਕਿ ਪ੍ਰਮਾਣੂ ਹਥਿਆਰ ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ ਤਬਾਹ ਕਰ ਦੇਣ। ਮੈਂ ਉੱਤਰੀ ਕੋਰੀਆ ਨਾਲ ਚੰਗੇ ਰਿਸ਼ਤੇ ਚਾਹੁੰਦਾ ਹਾਂ।'

## ਸਿਗਰਟਨੋਸ਼ੀ ਅਤੇ ਮੋਟਾਪੇ ਕਾਰਨ ਜਲਦੀ ਠੀਕ ਨਹੀਂ ਹੁੰਦਾ ਗਠੀਏ ਦਾ ਰੋਗ : ਅਧਿਐਨ



ਟੋਰਾਂਟੋ— ਔਰਤਾਂ ’ਚ ਮੋਟਾਪਾ ਅਤੇ ਪੁਰਸ਼ਾਂ ’ਚ ਸਿਗਰਟਨੋਸ਼ੀ ਦੀ ਆਦਤ ਕਾਰਨ ਰਿਓਮੇਟੋਇਡ ਅਰਥਰਾਇਟਸ (ਗਠੀਆ) ਦੇ ਇਲਾਜ ’ਚ ਰੁਕਾਵਟ ਪੈਦਾ ਹੋ ਸਕਦੀ ਹੈ। ਇਕ ਅਧਿਐਨ ’ਚ ਅਜਿਹਾ ਦਾਅਵਾ ਕੀਤਾ ਗਿਆ ਹੈ। ਰਿਓਮੇਟੋਇਡ ਅਰਥਰਾਇਟਸ ਦੇ ਲੱਛਣਾਂ ਦੀ ਜਲਦੀ ਪਛਾਣ ਕਰਨ ਅਤੇ ਕਿਰਿਆਸ਼ੀਲ ਰੂਪ ਨਾਲ ਇਸ ਦਾ ਇਲਾਜ ਕਰਵਾਉਣ ’ਤੇ ਵਧੀਆ ਨਤੀਜੇ ਨਜ਼ਰ ਆਉਂਦੇ ਹਨ ਪਰ ਇਹ ਅਧਿਐਨ ਦਿਖਾਉਂਦਾ ਹੈ ਕਿ 46 ਫੀਸਦੀ ਔਰਤਾਂ ਅਤੇ 38 ਫੀਸਦੀ ਪੁਰਸ਼ਾਂ ਦਾ ਸਹੀ ਇਲਾਜ ਹੋਣ ਦੇ ਬਾਵਜੂਦ ਪਹਿਲੇ ਸਾਲ ’ਚ ਉਨ੍ਹਾਂ ਨੂੰ ਤਤਕਾਲ ਰਾਹਤ ਨਹੀਂ ਮਿਲਦੀ।

ਗਠੀਆ ਲੰਬੇ ਸਮੇਂ ਤਕ ਚੱਲਣ ਵਾਲੀ ਇਕ ਬੀਮਾਰੀ ਹੈ ਜਿਸ ’ਚ ਜੋੜਾਂ ’ਚ ਦਰਦਾਂ ਅਤੇ ਸੋਜ ਰਹਿੰਦੀ ਹੈ। ਕਈ ਪੜਾਵਾਂ ’ਚ ਕੀਤੀ ਗਈ ਜਾਂਚ ’ਚ ਪਤਾ ਲੱਗਾ ਕਿ ਮੋਟਾਪੇ ਕਾਰਣ ਔਰਤਾਂ ਨੂੰ ਦਰਦ ਰਹਿੰਦਾ ਹੈ। ਇਸ ਨਾਲ ਰਾਹਤ ਨਾ ਮਿਲਣ ਦਾ ਸ਼ੱਕ ਵਧ ਜਾਂਦਾ ਹੈ। ਇਸ ਤੋਂ ਇਲਾਵਾ ਘੱਟ ਗਿਣਤੀ ਦਰਜਾ, ਸਿੱਖਿਆ ਦਾ ਹੇਠਲਾ ਪੱਧਰ, ਨਾਜ਼ੁਕ ਜੋੜਾਂ ਦੀ ਗਿਣਤੀ ਜ਼ਿਆਦਾ ਹੋਣਾ ਆਦਿ ਵੀ ਗਠੀਆ ਨਾ ਠੀਕ ਹੋਣ ਦੇ ਕਾਰਨ ਹਨ। ਅਧਿਐਨ ’ਚ ਪਾਇਆ ਗਿਆ ਹੈ ਕਿ ਜਿਨ੍ਹਾਂ ਪੁਰਸ਼ਾਂ ਨੂੰ ਸਿਗਰਟਨੋਸ਼ੀ ਦੀ ਆਦਤ ਸੀ, ਉਨ੍ਹਾਂ ਨੂੰ ਪਹਿਲੇ ਸਾਲ ’ਚ ਦਰਦ ਤੋਂ ਰਾਹਤ ਨਾ ਮਿਲਣ ਦਾ ਸ਼ੱਕ 3.5 ਗੁਣਾ ਵਧੇਰੇ ਸੀ। ਹੋਰ ਸੰਕੇਤਾਂ ’ਚ ਵਧਦੀ ਉਮਰ ਅਤੇ ਜ਼ਿਆਦਾ ਦਰਦ ਸ਼ਾਮਲ ਹੈ। ਕੈਨੇਡਾ ਦੀ ਮੈਕਗਿਲ ਯੂਨੀਵਰਸਿਟੀ ਦੀ ਪ੍ਰੋਫੈਸਰ ਸੁਸਨ ਜੇ ਬਾਰਟਲੇਟ ਨੇ ਕਿਹਾ,” ਸਾਡੇ ਨਤੀਜੇ ਦਰਸਾਉਂਦੇ ਹਨ ਕਿ ਜੀਵਨਸ਼ੈਲੀ ’ਚ ਬਦਲਾਅ ਕਰਕੇ ਪੁਰਸ਼ਾਂ ’ਚ ਸਿਗਰਨੋਸ਼ੀ ਅਤੇ ਔਰਤਾਂ ’ਚ ਭਾਰ ਘਟਾਉਣ ਦੇ ਨਾਲ ਹੀ ਮੈਥੋਟ੍ਰੇਕਸੇਟ ਦੀ ਠੀਕ ਵਰਤੋਂ ਨਾਲ ਸੋਜ ਨੂੰ ਘੱਟ ਕੀਤਾ ਜਾ ਸਕਦਾ ਹੈ ਜੋ ਸ਼ੁਰੂਆਤੀ ਰਿਓਮੇਟੋਇਡ ਅਰਥਰਾਇਟਸ ਦੇ ਇਲਾਜ ਦਾ ਜ਼ਰੂਰੀ ਟੀਚਾ ਹੁੰਦਾ ਹੈ।

## ਟਰੰਪ-ਕਿਮ ਦੀ ਮੁਲਾਕਾਤ ਤੋਂ ਬਾਅਦ ਹੁਣ ਚੀਨ ਤੇ ਦਲਾਈ ਲਾਮਾ ਕਰਨ ਗੱਲਬਾਤ : ਪੌਂਪਿਓ



ਵਾਸ਼ਿੰਗਟਨ/ਬੀਜਿੰਗ — ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਉੱਤਰੀ ਕੋਰੀਆ ਦੇ ਲੀਡਰ ਕਿਮ ਜੋਂਗ ਉਨ ਦੀ ਮੁਲਾਕਾਤ ਤੋਂ ਬਾਅਦ ਹੁਣ ਚੀਨ ਅਤੇ ਦਲਾਈ ਲਾਮਾ ਵਿਚਾਲੇ ਗੱਲਬਾਤ ਸ਼ੁਰੂ ਕਰਨ ਦੀ ਮੰਗ ਉਠਣ ਲੱਗੀ ਹੈ। ਅਮਰੀਕਾ ਦੇ ਵਿਦੇਸ਼ ਮੰਤਰੀ ਮਾਇਕ ਪੌਂਪਿਓ ਨੇ ਸੰਸਦੀ ਮੈਂਬਰਾਂ ਨੂੰ ਕਿਹਾ ਕਿ ਅਮਰੀਕਾ ਨੂੰ ਜਨਤਕ ਰੂਪ ਤੋਂ ਇਹ ਕਹਿਣਾ ਚਾਹੀਦਾ ਹੈ ਕਿ ਚੀਨ ਨੂੰ ਦਲਾਈ ਲਾਮਾ ਜਾਂ ਉਨ੍ਹਾਂ ਦੇ ਨੁਮਾਇੰਦਿਆਂ ਨਾਲ ਬਿਨਾਂ ਕਿਸੇ ਸ਼ਰਤ ਦੇ ਸਾਰਥਕ ਅਤੇ ਸਿੱਧੀ ਗੱਲਬਾਤ ਕਰਨੀ ਚਾਹੀਦੀ ਹੈ। ਬੁੱਧਵਾਰ ਨੂੰ ਪੌਂਪਿਓ ਦਾ ਇਹ ਬਿਆਨ ਬੀਜਿੰਗ ਦੌਰੇ ਤੋਂ ਸਿਰਫ ਇਕ ਦਿਨ ਪਹਿਲਾਂ ਆਇਆ ਸੀ। ਅਮਰੀਕਾ ਦੀ ਵਿਦੇਸ਼ੀ ਮਾਮਲਿਆਂ ਦੀ ਸੈਨੇਟ ਕਮੇਟੀ ਮੈਂਬਰਾਂ ਦੇ ਸਵਾਲਾਂ ਦੇ ਜਵਾਬ ਦਿੰਦੇ ਹੋਏ ਪੌਂਪਿਓ ਨੇ ਕਿਹਾ ਕਿ ਉਹ ਚੀਨ ਦੇ ਅਧਿਕਾਰੀਆਂ ਨਾਲ ਗੱਲਬਾਤ ’ਚ ਤਿੱਬਤੀ ਲੋਕਾਂ ਲਈ ਧਰਮ ਅਤੇ ਵਿਸ਼ਵਾਸ ਦੀ ਆਜ਼ਾਦੀ ਅਤੇ ਮਨੁੱਖੀ ਅਧਿਕਾਰ ਦੀ ਖਾਤਰ ਦਬਾਅ ਬਣਾਉਣ ਲਈ ਵਚਨਬੱਧ ਹੈ। ਉਨ੍ਹਾਂ ਨੇ ਕਿਹਾ ਕਿ ਉਹ ਤਿੱਬਤ ਦੇ ਰਾਜਨੀਤਕ ਕੈਦੀਆਂ ਦੀ ਰਿਹਾਈ ਦੀ ਵੀ ਵਕਾਲਤ ਕਰਨਗੇ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਗੇਂਗ ਸ਼ੁਆਂਗ ਨੇ ਕਿਹਾ ਕਿ ਵੀਰਵਾਰ ਨੂੰ ਪੌਂਪਿਓ ਚੀਨ ਗਏ ਅਤੇ ਚੀਨੀ ਹਮਰੁਤਬਾ ਨਾਲ ਗਲੋਬਲ ਅਤੇ ਖੇਤਰੀ ਮੁੱਦਿਆਂ ਅਤੇ ਦੋ-ਪੱਖੀ ਸਬੰਧਾਂ ’ਤੇ ਵਿਚਾਰਾਂ ਦਾ ਆਦਾਨ ਪ੍ਰਦਾਨ ਕੀਤਾ। ਪੌਂਪਿਓ ਨੇ ਕਿਹਾ, ’ਮੇਰਾ ਸੁਝਾਅ ਤਾਂ ਇਹ ਹੈ ਕਿ ਅਮਰੀਕਾ ਜਨਤਕ ਤੌਰ ’ਤੇ ਇਹ ਕਹੇ ਕਿ ਚੀਨ ਦੇ ਅਧਿਕਾਰੀਆਂ ਨੂੰ ਮਤਭੇਦਾਂ ਨੂੰ ਦੂਰ ਕਰਨ ਅਤੇ ਤਣਾਅ ਘਟ ਕਰਨ ਲਈ ਦਲਾਈ ਲਾਮਾ ਜਾਂ ਉਨ੍ਹਾਂ ਦੇ ਅਧਿਕਾਰੀਆਂ ਨਾਲ ਬਿਨਾਂ ਕਿਸੇ ਸ਼ਰਤ ਦੇ ਸਿੱਧੀ ਗੱਲਬਾਤ ਕਰਨੀ ਚਾਹੀਦੀ ਹੈ। ਅਮਰੀਕੀ ਵਿਦੇਸ਼ ਮੰਤਰੀ ਨੇ ਕਿਹਾ ਕਿ ਉਹ ਤਿੱਬਤ ਖੇਤਰ ਤੱਕ ਅਮਰੀਕੀ ਪੱਤਰਕਾਰਾਂ, ਡਿਪਲੋਮੈਟਾਂ, ਵਿਦਵਾਨਾਂ ਅਤੇ ਹੋਰ ਦੀ ਨਿਯਮਤ ਪਹੁੰਚ ਨਾ ਹੋਣ ਦਾ ਮੁੱਦਾ ਵੀ ਚੁੱਕਣਗੇ। ਜ਼ਿਕਰਯੋਗ ਹੈ ਕਿ ਸਾਲ 1959 ਤੋਂ ਦਲਾਈ ਲਾਮਾ ਭਾਰਤ ’ਚ ਹੀ ਰਹਿ ਰਹੇ ਹਨ ਅਤੇ ਹਿਮਾਚਲ ਦੇ ਧਰਮਸ਼ਾਲਾ ’ਚ ਤਿੱਬਤ ਸਰਕਾਰ ਵੀ ਹੈ। ਚੀਨ ਦਲਾਈ ਲਾਮਾ ਦੀ ਹਵਾਲਗੀ ਨੂੰ ਲੈ ਕੇ ਕਾਫੀ ਲੰਬੇ ਅਰਸੇ ਤੋਂ ਭਾਰਤ ’ਤੇ ਦਬਾਅ ਬਣਾ ਰਿਹਾ ਹੈ। ਹਾਲਾਂਕਿ ਭਾਰਤ ਅਜਿਹਾ ਕਰਨ ਲਈ ਤਿਆਰ ਨਹੀਂ ਹੈ।

## ਬੀਮਾਰ ਮਾਂ ਦੀ ਆਵਾਜ਼ ਸੁਣਨ ਲਈ ਤਰਸੀ ਨਵਾਜ਼ ਸ਼ਰੀਫ ਦੀ ਧੀ ਮਰੀਅਮ



ਇਸਲਾਮਾਬਾਦ— ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੀ ਪਤਨੀ ਕੁਲਸੁਮ ਨਵਾਜ਼ ਵੀਰਵਾਰ ਤੋਂ ਵੈਂਟੀਲੇਟਰ ’ਤੇ ਹੈ ਅਤੇ ਬੇਹੋਸ਼ੀ ਦੀ ਹਾਲਤ ਵਿਚ ਹੈ। ਬੀਤੇ 4 ਦਿਨਾਂ ਤੋਂ ਉਨ੍ਹਾਂ ਨੂੰ ਕੋਈ ਹੋਸ਼ ਨਹੀਂ ਆਇਆ ਹੈ। ਦੂਜੇ ਪਾਸੇ ਉਨ੍ਹਾਂ ਦੀ ਧੀ ਮਰੀਅਮ ਸ਼ਰੀਫ ਉਨ੍ਹਾਂ ਦੀ ਹਾਲਤ ਨੂੰ ਲੈ ਕੇ ਕਾਫੀ ਪਰੇਸ਼ਾਨ ਹੈ। ਆਪਣੀ ਬੀਮਾਰੀ ਮਾਂ ਨੂੰ ਦੇਖਣ ਲਈ ਪਿਤਾ ਨਵਾਜ਼ ਨਾਲ ਲੰਡਨ ਪਹੁੰਚੀ ਮਰੀਅਮ ਨੇ ਸਥਾਨਕ ਮੀਡੀਆ ਨੂੰ ਦੱਸਿਆ ਹੈ ਕਿ ਉਨ੍ਹਾਂ ਦੀ ਮਾਂ ਬੀਤੇ 4 ਦਿਨਾਂ ਤੋਂ ਬੇਹੋਸ਼ੀ ਦੀ ਹਾਲਤ ਵਿਚ ਹੈ। ਮਰੀਅਮ ਨੇ ਦੱਸਿਆ ਕਿ ਉਹ ਆਪਣੀ ਮਾਂ ਦੀ ਆਵਾਜ਼ ਸੁਣਨ ਲਈ ਤਰਸ ਰਹੀ ਹੈ। ਉਹ ਉਨ੍ਹਾਂ ਨੂੰ ਤੁਰੰਤ ਹੱਸਦਾ ਹੋਇਆ ਦੇਖਣਾ ਚਾਹੁੰਦੀ ਹੈ। ਇੱਥੇ ਦੱਸ ਦੇਈਏ ਕਿ ਮਰੀਅਮ ਆਪਣੀ ਮਾਂ ਅਤੇ ਪਿਤਾ ਦੇ ਕਾਫੀ ਨੇੜੇ ਹੈ। ਇਹ ਹੀ ਵਜ੍ਹਾ ਹੈ ਕਿ ਜਦੋਂ ਕੁਲਸੁਮ ਨੂੰ ਦਿਲ ਦਾ ਦੌਰਾ ਪੈਣ ਦੀ ਗੱਲ ਸਾਹਮਣੇ ਆਈ ਤਾਂ ਮਰੀਅਮ ਨੇ ਟਵਿੱਟਰ ’ਤੇ ਇਹ ਜਾਣਕਾਰੀ ਦਿੱਤੀ ਸੀ ਕਿ ਉਹ ਆਪਣੀ ਮਾਂ ਨੂੰ ਦੇਖਣ ਲੰਡਨ ਜਾ ਰਹੀ ਹੈ। ਉਨ੍ਹਾਂ ਨੇ ਸਾਰੇ ਲੋਕਾਂ ਨੂੰ ਆਪਣੀ ਮਾਂ ਦੀ ਸਿਹਤ ਲਈ ਦੁਆ ਕਰਨ ਲਈ ਲਿਖਿਆ ਸੀ। ਦੱਸਣਯੋਗ ਹੈ ਕਿ ਕੁਲਸੁਮ ਨਵਾਜ਼ ਪਿਛਲੇ ਸਾਲ ਸਤੰਬਰ ਤੋਂ ਹੀ ਲੰਡਨ ਦੇ ਹਸਪਤਾਲ ਵਿਚ ਭਰਤੀ ਹੈ। ਉਨ੍ਹਾਂ ਨੂੰ ਗਲੇ ਦਾ ਕੈਂਸਰ ਹੈ ਅਤੇ ਉਨ੍ਹਾਂ ਦੀ ਕਈ ਵਾਰ ਸਰਜਰੀ ਵੀ ਕੀਤੀ ਜਾ ਚੁੱਕੀ ਹੈ। ਬੀਤੇ ਵੀਰਵਾਰ ਨੂੰ ਉਨ੍ਹਾਂ ਨੂੰ ਦਿਲ ਦਾ ਦੌਰਾ ਪੈਣ ਤੋਂ ਬਾਅਦ ਵੈਂਟੀਲੇਟਰ ’ਤੇ ਰੱਖਿਆ ਗਿਆ ਸੀ, ਉਦੋਂ ਤੋਂ ਉਨ੍ਹਾਂ ਦੀ ਹਾਲਤ ਕਾਫੀ ਨਾਜ਼ੁਕ ਬਣੀ ਹੋਈ ਹੈ। ਕੁਲਸੁਮ ਪਾਕਿਸਤਾਨ ਵਿਚ ਨੈਸ਼ਲ ਅਸੈਂਬਲੀ ਦੀ ਮੈਂਬਰ ਹੈ। ਨਵਾਜ਼ ਸ਼ਰੀਫ ਨੂੰ ਸੁਪਰੀਮ ਕੋਰਟ ਵਲੋਂ ਅਯੋਗ ਕਰਾਰ ਦਿੱਤੇ ਜਾਣ ਤੋਂ ਬਾਅਦ ਹੋਈਆਂ ਜ਼ਿਮਨੀ ਚੋਣਾਂ ਵਿਚ ਕੁਲਸੁਮ ਨੇ ਨੈਸ਼ਨਲ ਅਸੈਂਬਲੀ ਦੀਆਂ 120 ਸੀਟਾਂ ’ਤੇ ਜਿੱਤ ਦਰਜ ਕੀਤੀ ਸੀ।

## ਮੂਰਤੀ ਟੁੱਟਣ ਦੇ ਮੁਆਵਜ਼ੇ ਦੇ ਰੂਪ ’ਚ ਬੀਮਾ ਕੰਪਨੀ ਨੇ ਮੰਗੇ 132 ਹਜ਼ਾਰ ਅਮਰੀਕੀ ਡਾਲਰ



ਵਾਸ਼ਿੰਗਟਨ — ਕੰਸਾਸ ਨਿਵਾਸੀ ਇਕ ਮਹਿਲਾ ਦਾ ਕਹਿਣਾ ਹੈ ਕਿ ਉਸ ਦੇ 5 ਸਾਲਾ ਬੱਚੇ ਤੋਂ ਗਲਤੀ ਨਾਲ ਮੂਰਤੀ ਟੁੱਟ ਗਈ ਸੀ। ਹੁਣ ਇਸ ਮੂਰਤੀ ਦੇ ਮੁਆਵਜ਼ੇ ਦੇ ਰੂਪ ਵਿਚ ਇਕ ਬੀਮਾ ਕੰਪਨੀ ਨੇ ਉਸ ਦੇ ਪਰਿਵਾਰ ’ਤੇ 132,000 ਅਮਰੀਕੀ ਡਾਲਰ ਦਾ ਦਾਅਵਾ ਕੀਤਾ ਹੈ। ਸਾਰਾ ਗੁਡਮੈਨ ਨੇ ਕੰਸਾਸ ਦੀ ਇਕ ਨਿਊਜ਼ ਏਜੰਸੀ ਨੂੰ ਦੱਸਿਆ ਕਿ ਘਟਨਾ ਬੀਤੇ ਮਹੀਨੇ ਓਵਰਲੈਂਡ ਪਾਰਕ ਦੇ ਤੋਮਹਾਕ ਰਿਜ਼ ਕਮਿਊਨਿਟੀ ਸੈਂਟਰ ਵਿਚ ਉਸ ਸਮੇਂ ਹੋਈ ਸੀ ਜਦੋਂ ਉਨ੍ਹਾਂ ਦਾ ਪਰਿਵਾਰ ਇਕ ਵਿਆਹ ਦੀ ਰਿਸੈਪਸ਼ਨ ਵਿਚ ਸ਼ਿਰਕਤ ਕਰ ਰਿਹਾ ਸੀ। ਗੁਡਮੈਨ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਆਪਣੇ ਬੇਟੇ ਨੂੰ ਕਲਾਕ੍ਰਿਤੀ ਨੂੰ ਜ਼ਮੀਨ ’ਤੇ ਸੁੱਟਦੇ ਨਹੀਂ ਦੇਖਿਆ ਪਰ ਜਦੋਂ ਮੂਰਤੀ ਡਿੱਗੀ ਤਾਂ ਉਨ੍ਹਾਂ ਦੇ ਬੇਟੇ ਨੂੰ ਮਾਮੂਲੀ ਸੱਟ ਲੱਗੀ ਸੀ। ਉਨ੍ਹਾਂ ਨੇ ਕਿਹਾ ਕਿ ਭੀੜ-ਭੜੱਕੇ ਵਾਲੀ ਜਗ੍ਹਾ ’ਤੇ ਮੂਰਤੀ ਨੂੰ ਅਸੁਰੱਖਿਅਤ ਤਰੀਕੇ ਨਾਲ ਰੱਖਿਆ ਗਿਆ ਸੀ। ਉਹ ਆਪਣੇ ਬੱਚੇ ਦੀ ਨਿਗਰਾਨੀ ਕਰ ਰਹੀ ਸੀ। ਉਨ੍ਹਾਂ ਵੱਲੋਂ ਕੋਈ ਲਾਪਰਵਾਹੀ ਨਹੀਂ ਹੋਈ ਸੀ।

## ਸਰਕਾਰ ’ਚ ਔਰਤਾਂ ਦੀ ਭਾਈਵਾਲੀ ਨਾਲ ਘੱਟ ਹੋ ਸਕਦੈ ਭ੍ਰਿਸ਼ਟਾਚਾਰ : ਅਧਿਐਨ



ਵਾਸ਼ਿੰਗਟਨ— ਦੁਨੀਆ ਦੇ 125 ਦੇਸ਼ਾਂ ਦੇ ਅੰਕੜਿਆਂ ਦਾ ਵਿਸ਼ਲੇਸ਼ਣ ਕਰਨ ਵਾਲੇ ਇਕ ਅਧਿਐਨ ਵਿਚ ਦਾਅਵਾ ਕੀਤਾ ਗਿਆ ਹੈ ਕਿ ਜਿਨ੍ਹਾਂ ਦੇਸ਼ਾਂ ਵਿਚ ਜਨ ਪ੍ਰਤੀਨਿਧੀਆਂ ਦੇ ਤੌਰ ’ਤੇ ਔਰਤਾਂ ਦੀ ਵਧ ਭਾਈਵਾਲੀ ਹੁੰਦੀ ਹੈ, ਉੱਥੇ ਭ੍ਰਿਸ਼ਟਾਚਾਰ ਘੱਟ ਹੁੰਦਾ ਹੈ। ’ਜਨਰਲ ਆਫ ਇਕਨਾਮਿਕ ਬਿਹੇਵੀਅਰ ਐਂਡ ਆਰਗੇਨਾਈਜੇਸ਼ਨ’ ਵਿਚ ਪ੍ਰਕਾਸ਼ਤ ਇਸ ਅਧਿਐਨ ਵਿਚ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਸਥਾਨਕ ਰਾਜਨੀਤੀ ਵਿਚ ਵੀ ਔਰਤਾਂ ਦੀ ਭਾਈਵਾਲੀ ਮਹੱਤਵਪੂਰਨ ਹੈ। ਯੂਰਪ ਵਿਚ ਜਿਨ੍ਹਾਂ ਥਾਵਾਂ ’ਤੇ ਸਥਾਨਕ ਰਾਜਨੀਤੀ ’ਚ ਔਰਤਾਂ ਦੀ ਗਿਣਤੀ ਵਧ ਹੈ, ਉੱਥੇ ਰਿਸ਼ਵਤਖੋਰੀ ਦੀ ਦਰ ਬਹੁਤ ਘੱਟ ਹੈ।

ਅਮਰੀਕਾ ਦੇ ਵਰਜੀਨੀਆ ਟੇਕ ਵਿਚ ਅਰਥ ਸ਼ਾਸਤਰ ਦੀ ਪ੍ਰੋਫੈਸਰ ਸੁਦੀਪਤਾ ਸਾਰੰਗੀ ਨੇ ਦੱਸਿਆ ਕਿ ਇਹ ਅਧਿਐਨ ਮਹਿਲਾ ਮਜ਼ਬੂਤੀਕਰਨ, ਲੀਡਰਸ਼ਿਪ ਦੀ ਭੂਮਿਕਾ ਵਿਚ ਉਨ੍ਹਾਂ ਦੀ ਮੌਜੂਦਗੀ ਅਤੇ ਸਰਕਾਰ ’ਚ ਉਨ੍ਹਾਂ ਦੀ ਨੁਮਾਇੰਦਗੀ ਦੇ ਮਹੱਤਵ ਨੂੰ ਰੇਖਾਂਕਿਤ ਕਰਦਾ ਹੈ। ਅਧਿਐਨ ਕਰਨ ਵਾਲਿਆਂ ’ਚੋਂ ਇਕ ਅਮਰੀਕਾ ਦੇ ਲੀ ਮੋਯਨੇ ਕਾਲਜ ਦੇ ਚੰਦਨ ਝਾਅ ਸਮੇਤ ਸ਼ੋਧਕਰਤਾਵਾਂ ਦਾ ਅਨੁਮਾਨ ਹੈ ਕਿ ਔਰਤਾਂ ਨੀਤੀ ਨਿਰਮਾਤਾ ਭ੍ਰਿਸ਼ਟਾਚਾਰ ’ਤੇ ਇਸ ਲਈ ਪ੍ਰਭਾਵ ਪਾਉਂਦੀਆਂ ਹਨ, ਕਿਉਂਕਿ ਉਨ੍ਹਾਂ ਦੀਆਂ ਨੀਤੀਆਂ ਪੁਰਸ਼ਾਂ ਤੋਂ ਵੱਖ ਹੁੰਦੀਆਂ ਹਨ। ਇਸ ਵਿਚ ਕਿਹਾ ਗਿਆ ਹੈ ਕਿ ਮਹਿਲਾ ਨੇਤਾ ਅਜਿਹੀਆਂ ਨੀਤੀਆਂ ਚੁਣਦੀਆਂ ਹਨ, ਜੋ ਔਰਤਾਂ, ਬੱਚਿਆਂ ਅਤੇ ਪਰਿਵਾਰ ਦੇ ਕਲਿਆਣ ਨਾਲ ਜ਼ਿਆਦਾ ਨੇੜੇ ਤੋਂ ਜੁੜੀਆਂ ਹੁੰਦੀਆਂ ਹਨ।

## ਅਮਰੀਕਾ ਨੂੰ ਅੱਜ ਦੇ ਦਿਨ ਤੋਹਫੇ ’ਚ ਮਿਲਿਆ ਸੀ ਸਟੈਚਿਊ ਆਫ ਲਿਬਰਟੀ, ਜਾਣੇ 17 ਜੂਨ ਦਾ ਇਤਿਹਾਸ



ਵਾਸ਼ਿੰਗਟਨ— ਅਮਰੀਕਾ ਦੀ ਪਛਾਣ ਮੰਨੇ ਜਾਣ ਵਾਲੇ ਸਟੈਚਿਊ ਆਫ ਲਿਬਰਟੀ ਅਮਰੀਕਾ ਨੂੰ ਫਰਾਂਸ ਵੱਲੋਂ ਤੋਹਫੇ ’ਚ ਮਿਲਿਆ ਸੀ। ਇਹ ਤੋਹਫਾ 17 ਜੂਨ ਨੂੰ ਹੀ ਅਮਰੀਕਾ ਨੂੰ ਦਿੱਤਾ ਗਿਆ ਸੀ। 4 ਜੁਲਾਈ 1776 ਨੂੰ ਅਮਰੀਕਾ ਦੀ ਸੁਤੰਤਰਤਾ ਦੀ ਯਾਦ ’ਚ ਫਰਾਂਸੀਸੀਆਂ ਨੇ ਤੋਹਫੇ ਵਜੋਂ ਇਹ ਸਟੈਚਿਊ ਦਿੱਤਾ ਸੀ। ਜਿਸ ਦਾ ਨਿਰਮਾਣ ਫਰਾਂਸ ਤੇ ਅਮਰੀਕ ਦੋਹਾਂ ਨੇ ਮਿਲ ਕੇ ਕੀਤਾ ਸੀ।

ਦੋਹਾਂ ਦੇਸ਼ਾਂ ਦੀਆਂ ਸਰਕਾਰਾਂ ਵਿਚਾਲੇ ਹੋਏ ਇਕ ਸਮਝੌਤੇ ਦੇ ਤਹਿਤ ਅਮਰੀਕੀ ਲੋਕਾਂ ਨੇ ਇਸ ਮੁਰਤੀ ਦਾ ਆਧਾਰ ਬਣਾਇਆ, ਜਦਕਿ ਲੋਕਾਂ ਨੇ ਮੁਰਤੀ ਨੂੰ ਆਕਾਰ ਤੇ ਸਵਰੂਪ ਦਿੱਤਾ। ਤਾਂਬੇ ਦੀ ਇਹ ਸ਼ਾਨਦਾਰ ਮੁਰਤੀ ਅਮਰੀਕਾ ਦੇ ਨਿਊਯਾਰਕ ਸ਼ਹਿਰ ਮੈਨਹਟਨ ’ਚ ’ਲਿਬਰਟੀ ਟਾਪੂ’ ’ਤੇ ਸਥਿਤ ਹੈ। 17 ਜੂਨ ਦੀ ਤਰੀਕ ਇਸ ਇਤਿਹਾਸ ’ਚ ਦਰਜ ਹੋਰ ਘਟਨਾਵਾਂ ਦਾ ਸਿਲਸਿਲੇਵਾਰ ਬਿਊਰੋ ਇਸ ਤਰ੍ਹਾਂ ਹੈ।

17 ਜੂਨ 1799 – ਨੇਪੋਲੀਅਨ ਬੋਨਾਪਾਰਟ ਨੇ ਇਟਲੀ ਨੂੰ ਆਪਣੇ ਸਾਮਰਾਜ ’ਚ ਸ਼ਾਮਲ ਕੀਤਾ।

17 ਜੂਨ 1855 – ਸਟੈਚਿਊ ਆਉ ਲਿਬਰਟੀ ਨਿਊਯਾਰਕ ਦੇ ਬੰਦਰਗਾਹ ਪਹੁੰਚਿਆ।

17 ਜੂਨ 1938 – ਜਾਪਾਨ ਨੇ ਚੀਨ ਖਿਲਾਫ ਜੰਗ ਦਾ ਐਲਾਨ ਕੀਤਾ ਸੀ।

17 ਜੂਨ 1944 – ਜਰਮਨੀ ਨੇ ਦੂਜੇ ਵਿਸ਼ਵ ਯੁੱਧ ’ਚ ਸਮਰਪਣ ਕੀਤਾ।

17 ਜੂਨ 1970 – ਸ਼ਿਕਾਗੋ ’ਚ ਪਹਿਲੀ ਵਾਰ ਕਿਡਨੀ ਟਰਾਂਸਪਲਾਂਟ ਦਾ ਆਪਰੇਸ਼ਨ ਹੋਇਆ।

17 ਜੂਨ 1974 – ਬ੍ਰਿਟੇਨ ਦੀ ਸੰਸਦ ’ਚ ਬੰਬ ਧਮਾਕਾ ਹੋਇਆ ਸੀ ਜਿਸ ’ਚ 11 ਲੋਕ ਜ਼ਖਮੀ ਹੋਏ ਸਨ।

17 ਜੂਨ 2002 – ਕਰਾਚੀ ’ਚ ਅਮਰੀਕੀ ਵਪਾਰਕ ਦੂਤਘਰ ਮੁੜ ਖੋਲ੍ਹਿਆ ਗਿਆ।

17 ਜੂਨ 2004 – ਮੰਗਲ ’ਤੇ ਧਰਤੀ ਨਾਲ ਮਿਲਦੇ ਜੁਲਦੇ ਪੱਥਰ ਮਿਲੇ।

17 ਜੂਨ 2008 – ਬਗਦਾਦ ’ਚ ਫੌਜ ਦੇ ਭਰਤੀ ਕੇਂਦਰ ’ਤੇ ਧਮਾਕਾ 42 ਲੋਕਾਂ ਦੀ ਮੌਤ।

17 ਜੂਨ 2008 – ਰੂਸ ਨੇ ਆਪਣੇ ਜਾਨਲੇਵਾ ਰਸਾਇਣਿਕ ਹਥਿਆਰਾਂ ਦਾ ਜਖੀਰਾ 2012 ਤਕ ਨਸ਼ਟ ਕਰਨ ਦੀ ਦਿਸ਼ਾ ’ਚ ਚੁੱਕਿਆ ਕਦਮ।

17 ਜੂਨ 2008 – ਕੈਨੇਡਾ ਸਰਕਾਰ ਨੇ ਤਾਮਿਲ ਵਰਲ਼ ਮੂਵਮੈਂਟ ਸੰਗਠਨ ਨੂੰ ਅੱਤਵਾਦੀ ਸਮੂਹਾਂ ਦੀ ਸੂਚੀ ’ਚ ਪਾਇਆ।

## ਧੋਖਾਧੜੀ ਦੇ ਮਾਮਲੇ 'ਚ ਭਾਰਤੀ-ਅਮਰੀਕੀ ਸਮੇਤ ਦੋ ਵਿਅਕਤੀਆਂ 'ਤੇ ਦੋਸ਼




ਨਿਊਯਾਰਕ— ਅਮਰੀਕਾ 'ਚ ਇਕ ਭਾਰਤੀ ਅਮਰੀਕੀ ਅਤੇ ਇਕ ਹੋਰ 'ਤੇ ਨਿਵੇਸ਼ਕਾਂ, ਡਾਕਟਰਾਂ ਅਤੇ ਰੋਗੀਆਂ ਨਾਲ ਧੋਖਾਧੜੀ ਕਰਨ ਵਾਲੀ ਲੱਖਾਂ ਡਾਲਰਾਂ ਦੀ ਇਕ ਯੋਜਨਾ 'ਚ ਸ਼ਾਮਲ ਹੋਣ ਦਾ ਦੋਸ਼ ਲੱਗਾ ਹੈ। ਇਹ ਧੋਖਾਧੜੀ ਇਕ ਪ੍ਰਸਿੱਧ ਬਲੱਡ ਟੈੱਸਟ ਡਿਵਾਇਸ ਦੀ ਸਟੀਕਤਾ ਬਾਰੇ ਗਲਤ ਦਾਅਵੇ ਕਰ ਕੇ ਕੀਤੀ ਗਈ। ਰਮੇਸ਼ ਸੰਨੀ ਬਲਵਾਨੀ ਅਤੇ ਅਲਿਜ਼ਾਬੈੱਥ ਹੋਮਜ਼ 'ਤੇ ਧੋਖਾਧੜੀ ਸਮੇਤ ਵੱਖ-ਵੱਖ ਸਾਜ਼ਸ਼ਾਂ ਰਚਣ ਦੇ ਦੋਸ਼ ਲੱਗੇ ਹਨ।ਅਮਰੀਕਾ ਦੇ ਕਾਰਜਕਾਰੀ ਅਟਾਰਨੀ ਅਲੈਕਸ ਤਸੇ ਨੇ ਦੱਸਿਆ ਕਿ ਦੋਸ਼ੀ ਕੱਲ ਪਹਿਲੀ ਪੇਸ਼ੀ 'ਤੇ ਜੱਜ ਸੁਸਨ ਵਾਨ ਕੇਊਲੇਨ (ਸੇਨ ਜੋਸ) ਦੇ ਸਾਹਮਣੇ ਹਾਜ਼ਰ ਹੋਏ।ਕੱਲ ਜਾਰੀ ਰਿਪੋਰਟ ਮੁਤਾਬਕ ਇਹ ਦੋਵੇਂ ਲੱਖਾਂ ਡਾਲਰਾਂ ਦੀ ਇਕ ਅਜਿਹੀ ਯੋਜਨਾ 'ਚ ਸ਼ਾਮਲ ਰਹੇ, ਜਿਸ ਰਾਹੀਂ ਨਿਵੇਸ਼ਕਾਂ ਨੂੰ ਚੂਨਾ ਲਗਾਇਆ ਗਿਆ। ਇਸ ਤਰ੍ਹਾਂ ਦੀ ਇਕ ਹੋਰ ਯੋਜਨਾ ਨਾਲ ਡਾਕਟਰਾਂ ਅਤੇ ਰੋਗੀਆਂ ਨਾਲ ਧੋਖਾ ਕੀਤਾ ਗਿਆ। ਇਹ ਦੋਵੇਂ ਯੋਜਨਾਵਾਂ ਪਾਲੋ ਆਲਟੋ ਸਥਿਤ ਕੰਪਨੀ ਥੇਰਾਨੋਲਾ ਨਾਲ ਜੁੜੀਆਂ ਹਨ। ਅਧਿਕਾਰੀਆਂ ਮੁਤਾਬਕ ਇਨ੍ਹਾਂ ਦੋਹਾਂ ਨੇ ਝੂਠੇ ਦਾਅਵਿਆਂ ਅਤੇ ਵਾਅਦਿਆਂ ਨਾਲ ਨਾ ਸਿਰਫ ਨਿਵੇਸ਼ਕਾਂ ਬਲਕਿ ਉਨ੍ਹਾਂ ਉਪਭੋਗਤਾਵਾਂ ਨਾਲ ਵੀ ਧੋਖਾਧੜੀ ਕੀਤੀ ਜਿਨ੍ਹਾਂ ਨੇ ਉਨ੍ਹਾਂ 'ਤੇ ਭਰੋਸਾ ਕੀਤਾ।

## ਯੂ.ਐੱਸ. 'ਚ ਬੀਤੇ 6 ਹਫਤਿਆਂ 'ਚ 2000 ਪ੍ਰਵਾਸੀ ਬੱਚੇ ਆਪਣੇ ਪਰਿਵਾਰਾਂ ਤੋਂ ਹੋਏ ਵੱਖ


ਵਾਸ਼ਿੰਗਟਨ— ਅਮਰੀਕੀ ਸਰਹੱਦ ਵਿਚ ਪ੍ਰਵੇਸ਼ ਕਰਨ ਤੋਂ ਬਾਅਦ ਬੀਤੇ 6 ਹਫਤਿਆਂ ਵਿਚ ਲੱਗਭਗ 2000 ਪ੍ਰਵਾਸੀ ਬੱਚੇ ਆਪਣੇ ਪਰਿਵਾਰਾਂ ਤੋਂ ਵਿਛੜ ਗਏ। ਇਕ ਅਖਬਾਰ ਦੀ ਰਿਪੋਰਟ ਮੁਤਾਬਕ ਟਰੰਪ ਪ੍ਰਸ਼ਾਸਨ ਦੇ ਮੈਕਸੀਕੋ ਸਰਹੱਦ ਤੋਂ ਆਉਣ ਵਾਲੇ ਗੈਰ-ਕਾਨੂੰਨੀ ਪ੍ਰਵਾਸੀਆਂ ਵਿਰੁੱਧ ਸ਼ੁਰੂ ਕੀਤੇ ਗਏ ਅਭਿਆਨ ਤੋਂ ਬਾਅਦ ਬਾਲਗਾਂ ਨੂੰ ਹਿਰਾਸਤ ਵਿਚ ਲਿਆ ਜਾ ਰਿਹਾ ਹੈ, ਜਿਸ ਦਾ ਮਤਲਬ ਹੈ ਕਿ ਬੱਚਿਆਂ ਨੂੰ ਉਨ੍ਹਾਂ ਤੋਂ ਵੱਖ ਰੱਖਿਆ ਜਾ ਰਿਹਾ ਹੈ। ਇਸ ਮੁੱਦੇ ਨੇ ਅਮਰੀਕਾ ਵਿਚ ਉਥਲ-ਪੁਥਲ ਮਚਾਈ ਹੋਈ ਹੈ।

ਅਮਰੀਕੀ ਹੋਮਲੈਂਡ ਸਕਿਓਰਿਟੀ ਵਿਭਾਗ ਵੱਲੋਂ ਜਾਰੀ ਅੰਕੜਿਆਂ ਮੁਤਾਬਕ 19 ਅਪ੍ਰੈਲ ਤੋਂ 31 ਮਈ 2018 ਦਰਮਿਆਨ 1,995 ਬੱਚਿਆਂ ਨੂੰ ਉਨ੍ਹਾਂ ਦੇ ਪਰਿਵਾਰਾਂ ਤੋਂ ਵੱਖ ਕਰ ਦਿੱਤਾ ਗਿਆ। ਹਾਲਾਂਕਿ ਇਨ੍ਹਾਂ ਬੱਚਿਆਂ ਦੀ ਉਮਰ ਦੇ ਬਾਰੇ ਵਿਚ ਕੋਈ ਜਾਣਕਾਰੀ ਉਪਲੱਬਧ ਨਹੀਂ ਕਰਾਈ ਗਈ ਹੈ। ਤੁਹਾਨੂੰ ਦੱਸ ਦੇਈਏ ਕਿ ਇਸ ਕਾਰਵਾਈ ਨੂੰ ਦੇਖਦੇ ਹੋਏ ਯੂ.ਐਨ. ਨੇ ਅਮਰੀਕਾ ਨੂੰ ਕਿਹਾ ਕਿ ਇਹ ਬੱਚਿਆਂ ਦੇ ਅਧਿਕਾਰਾਂ ਦੀ ਉਲੰਘਣਾ ਹੈ, ਜਿਸ ਵਿਚ ਬੱਚਿਆਂ ਨੂੰ ਉਨ੍ਹਾਂ ਦੇ ਪਰਿਵਾਰਾਂ ਤੋਂ ਵੱਖ ਕੀਤਾ ਜਾ ਰਿਹਾ ਹੈ।




## ਭਾਰਤੀਆਂ ਨੂੰ ਮਾਨਸਿਕ ਰੂਪ ਨਾਲ ਕਮਜ਼ੋਰ ਮੰਨਦੇ ਸਨ ਵਿਗਿਆਨਕ ਆਇੰਸਟਾਈਨ

ਵਾਸ਼ਿੰਗਟਨ— ਨੋਬਲ ਪੁਰਸਕਾਰ ਜੇਤੂ ਐਲਬਰਟ ਆਇੰਸਟਾਈਨ ਨੇ ਆਪਣੀ ਟ੍ਰੇਵਲ ਡਾਇਰੀ 'ਚ ਭਾਰਤ, ਚੀਨ, ਜਾਪਾਨ ਤੇ ਸ਼੍ਰੀਲੰਕਾ ਦੇ ਲੋਕਾਂ 'ਤੇ ਕਈ ਨਸਲੀ ਟਿੱਪਣੀਆਂ ਕੀਤੀਆਂ ਸਨ। ਇਹ ਗੱਲ ਇਕ ਅਮਰੀਕੀ ਯੂਨੀਵਰਸਿਟੀ ਵੱਲੋਂ ਛਾਪੀ ਗਈ ਡਾਇਰੀ 'ਚ ਸਾਹਮਣੇ ਆਈ ਹੈ। ਆਇੰਸਟਾਈਨ ਕਦੇ ਭਾਰਤ ਨਹੀਂ ਆਏ ਪਰ ਉਨ੍ਹਾਂ ਨੇ ਭਾਰਤੀਆਂ ਬਾਰੇ ਲਿਖਿਆ ਕਿ ਉਹ ਜਲਵਾਯੂ ਕਾਰਨ 15 ਮਿੰਟ ਅੱਗੇ ਵੀ ਨਹੀਂ ਸੋਚ ਪਾਉਂਦੇ ਹਨ। ਕੈਲੀਫੋਰਨੀਆ ਇੰਸਟੀਚਿਊਟ ਆਫ ਤਕਨਾਲੋਜੀ 'ਚ ਆਇੰਸਟਾਈਨ ਦੇ ਪੇਪਰ ਪ੍ਰਾਜੈਕਟ ਦੇ ਨਿਦੇਸ਼ਕ ਜੇ. ਏਵ ਰੋਜੇਨਕ੍ਰਾਊਨਜ ਮੁਤਾਬਕ ਕਈ ਦੇਸ਼ਾਂ ਦੇ ਨਾਗਰਿਕਾਂ 'ਤੇ ਆਇੰਸਟਾਈਨ ਦੀਆਂ ਟਿੱਪਣੀਆਂ ਉਨ੍ਹਾਂ ਦੇ ਨਸਲੀ ਰਵੱਈਏ ਦਾ ਉਦਾਹਰਣ ਹੈ। ਆਇੰਸਟਾਈਨ 'ਤੇ ਲਿਖੀ ਕਿਤਾਬ ਦੇ ਸੰਪਾਦਕ ਰੋਜੇਨਕ੍ਰਾਊਨਜ ਕਹਿੰਦੇ ਹਨ ਕਿ ਆਇੰਸਟਾਈਨ ਕਦੇ ਭਾਰਤ ਨਹੀਂ ਗਏ ਪਰ ਸ਼੍ਰੀਲੰਕਾ 'ਚ ਭਾਰਤੀਆਂ ਨੂੰ ਮਿਲੇ ਸਨ। ਉਨ੍ਹਾਂ ਦਾ ਮੰਨਣਾ ਸੀ ਕਿ ਭਾਰਤ ਦੀ ਭੁਗੋਲਿਕ ਸਥਿਤੀ ਕਾਰਨ ਲੋਕਾਂ ਨੂੰ ਬੌਧਿਕ ਸਮਰੱਥਾ ਸੀਮਤ ਤੇ ਘੱਟ ਪੱਧਰ ਦੀ ਸੀ। ਚੀਨ ਦੀ ਯਾਤਰਾ 'ਚ ਆਇੰਸਟਾਈਨ ਨੇ ਲਿਖਿਆ ਸੀ, 'ਚੀਨੀ ਮਹਿਨਤੀ ਹੁੰਦੇ ਹਨ ਪਰ ਉਹ ਗੰਦੇ ਤੇ ਮੰਦਬੁੱਧੀ ਹਨ। ਬੱਚੇ ਵੀ



ਕਾਇਰ ਕਿਸਮ ਦੇ ਹੁੰਦੇ ਹਨ।" ਜਪਾਨੀਆਂ ਬਾਰੇ ਕਿਹਾ ਕਿ ਲੋਕਾਂ ਦੀਆਂ ਬੌਧਿਕ ਜ਼ਰੂਰਤਾਂ ਉਨ੍ਹਾਂ ਦੇ ਕਲਾ ਦੇ ਮੁਕਾਬਲੇ ਕਮਜ਼ੋਰ ਹੈ। ਉਨ੍ਹਾਂ ਨੇ ਸ਼੍ਰੀਲੰਕਾਈ ਨਾਗਰਿਕਾਂ ਨੂੰ ਕੰਮ ਨਹੀਂ ਕਰਨ ਵਾਲੇ ਗੰਦਾ ਕਰਾਰ ਦਿੱਤਾ ਸੀ। ਵਾਸ਼ਿੰਗਟਨ ਪੋਸਟ ਨੂੰ ਦਿੱਤੇ ਇੰਟਰਵਿਊ 'ਚ ਰੋਜੇਨਕ੍ਰਾਊਨਜ ਨੇ ਦੱਸਿਆ ਕਿ ਇਹ ਕਹਿਣਾ ਆਸਾਨ ਹੈ ਕਿ ਸਮੇਂ ਨਾਲ ਆਇੰਸਟਾਈਨ ਕਾਫੀ ਸੁਚੇਤ ਹੋ ਗਏ ਸੀ ਪਰ ਉਨ੍ਹਾਂ ਦੀ ਸ਼ਖਸੀਅਤ ਤੇ ਉਨ੍ਹਾਂ ਦੇ ਵਿਵਾਦ ਭਰੇ ਬਿਆਨ ਦੇ ਵਖਰੇ ਪਹਿਲੂਆਂ 'ਤੇ ਜੋਰ ਦੇਣ ਵੀ ਜ਼ਰੂਰੀ ਹੈ। ਆਇੰਸਟਾਈਨ ਦਾ ਜਨਮ 1879 'ਚ ਜਰਮਨੀ ਦੇ ਇਕ ਯਹੂਦੀ ਪਰਿਵਾਰ 'ਚ ਹੋਇਆ ਸੀ। ਹਿਟਲਰ ਦੇ ਦੌਰ 'ਚ ਨਾਜੀਵਾਦ ਕਾਰਨ ਉਨ੍ਹਾਂ ਨੂੰ ਦੇਸ਼ ਛੱਡਣਾ ਪਿਆ।

## ਦੁਨੀਆ ਨੇ ਤਬਾਹੀ ਤਾਂ ਬਹੁਤ ਦੇਖੀ ਹੁਣ ਸ਼ਾਂਤੀ ਦੇਖਣਗੇ : ਟਰੰਪ



ਵਾਸ਼ਿੰਗਟਨ — ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਦੁਨੀਆ ਨੇ ਕਾਫੀ ਸੰਘਰਸ਼ ਦਾ ਸਾਹਮਣਾ ਕੀਤਾ ਹੈ। ਹੁਣ ਉਹ ਸੁਰੱਖਿਅਤ ਅਤੇ ਸ਼ਾਂਤੀਪੂਰਣ ਭਵਿੱਖ ਦੀ ਹੱਕਦਾਰ ਹੈ। ਉਨ੍ਹਾਂ ਨੇ ਉੱਤਰੀ ਕੋਰੀਆ ਨਾਲ ਪ੍ਰਮਾਣੂ ਹਥਿਆਰਾਂ ਨੂੰ ਤਬਾਹ ਕਰਨ ਵਾਲੇ ਸਮਝੌਤਾ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਇਸ ਨੂੰ ਲਾਗੂ ਕਰਨ ਤੋਂ ਪਹਿਲਾਂ ਵੱਡੇ ਪੈਮਾਨੇ 'ਤੇ ਕੰਮ ਹੋਣੇ ਹਨ, ਪਰ ਇਨ੍ਹਾਂ ਯਤਨਾਂ ਨਾਲ ਜ਼ਿਆਦਾ ਖੁਸ਼ੀ ਹਾਸਲ ਨਹੀਂ ਹੋਵੇਗੀ। ਜ਼ਿਕਰਯੋਗ ਹੈ ਕਿ ਟਰੰਪ ਅਤੇ ਉੱਤਰੀ ਕੋਰੀਆਈ ਨੇਤਾ ਕਿਮ ਜੋਂਗ ਉਨ ਵਿਚਾਲੇ 12 ਜੂਨ ਨੂੰ ਸ਼ਿਖਰ ਸੰਮੇਲਨ ਤੋਂ ਬਾਅਦ ਇਕ ਸੰਯੁਕਤ ਬਿਆਨ ਜਾਰੀ ਕੀਤਾ ਸੀ। ਬਿਆਨ 'ਚ ਕੋਰੀਆਈ ਪ੍ਰਾਇਦੀਪ 'ਚੋਂ ਪ੍ਰਮਾਣੂ ਹਥਿਆਰਾਂ ਨੂੰ ਪੂਰੀ ਤਰ੍ਹਾਂ ਨਾਲ ਤਬਾਹ ਕਰਨ ਲਈ ਪਿਓਂਗਯਾਂਗ ਦੀ ਵਚਨਬੱਧਤਾ ਦੁਹਰਾਈ ਗਈ ਸੀ। ਅਮਰੀਕੀ ਰਾਸ਼ਟਰਪਤੀ ਨੇ ਸ਼ੁੱਕਰਵਾਰ ਨੂੰ ਕਿਹਾ ਕਿ, ਸਾਡੀ ਦੁਨੀਆ ਨੇ ਜ਼ਰੂਰਤ ਤੋਂ ਜ਼ਿਆਦਾ ਸੰਘਰਸ਼ ਦੇਖਿਆ ਹੈ। ਜੇਕਰ ਸ਼ਾਂਤੀ ਦੀ ਕੋਈ ਸੰਭਾਵਨਾ ਹੈ, ਜੇ ਪ੍ਰਮਾਣੂ ਸੰਘਰਸ਼ ਦੇ ਖਤਰੇ ਨੂੰ ਖਤਮ ਕਰਨ ਦੀ ਕੋਈ ਉਮੀਦ ਹੈ ਤਾਂ ਸਾਨੂੰ ਹਰ ਕੀਮਤ 'ਤੇ ਉਸ ਨੂੰ ਹਾਸਲ ਕਰਨਾ ਚਾਹੀਦਾ ਹੈ। ਅਮਰੀਕੀ ਲੋਕ, ਕੋਰੀਆਈ ਲੋਕ ਅਤੇ ਦੁਨੀਆ ਭਰ ਦੇ ਲੋਕ ਸੁਰੱਖਿਅਤ ਅਤੇ ਸ਼ਾਂਤੀਪੂਰਣ ਭਵਿੱਖ ਦੇ ਹੱਕਦਾਰ ਹਨ। ਉਨ੍ਹਾਂ ਨੇ ਕਿਹਾ ਕਿ ਆਉਣ ਵਾਲੇ ਦਿਨਾਂ 'ਚ ਵਿਦੇਸ਼ ਮੰਤਰੀ ਮਾਇਕ ਪੋਂਪਿਓ ਪ੍ਰਮਾਣੂ ਹਥਿਆਰਾਂ ਨੂੰ ਤਬਾਹ ਕਰਨ ਦੇ ਸਮਝੌਤੇ ਨੂੰ ਲਾਗੂ ਕਰਨ ਲਈ ਉੱਤਰੀ ਕੋਰੀਆ ਨਾਲ ਸਿੱਧੇ ਤੌਰ 'ਤੇ ਕੰਮ ਕਰਨਗੇ। ਇਸ ਵਿਚਾਲੇ ਪਿਓਂਗਯਾਂਗ 'ਤੇ ਪਾਬੰਦੀਆਂ ਲਾਗੂ ਰਹਿਣਗੀਆਂ। ਆਪਣੇ 3 ਮਿੰਟ ਦੀ ਵੀਡੀਓ 'ਚ ਸੰਦੇਸ਼ 'ਚ ਟਰੰਪ ਨੇ ਸਿੰਗਾਪੁਰ 'ਚ ਉੱਤਰੀ ਕੋਰੀਆਈ ਨੇਤਾ ਕਿਮ ਜੋਂਗ ਉਨ ਨਾਲ ਹੋਈ ਆਪਣੀ ਮੁਲਾਕਾਤ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਨੇ ਕਿਹਾ, ਮੈਂ ਇਸ ਹਫਤੇ ਸਿੰਗਾਪੁਰ ਤੋਂ ਇਤਿਹਾਸਕ ਮੁਲਾਕਾਤ ਕਰਕੇ ਵਾਪਸ ਆਇਆ। ਮੈਂ ਉੱਤਰੀ ਕੋਰੀਆ ਦੇ ਮੁੱਖੀ ਕਿਮ ਜੋਂਗ ਉਨ ਨਾਲ ਮੁਲਾਕਾਤ ਕੀਤੀ। ਇਸ ਮੁਲਾਕਾਤ ਨਾਲ ਅਮਰੀਕਾ ਅਤੇ ਉੱਤਰੀ ਕੋਰੀਆ ਵਿਚਾਲੇ ਇਕ ਨਵੇਂ ਰਿਸ਼ਤੇ ਦਾ ਆਗਾਜ਼ ਹੋਇਆ। ਇਸ ਨੇ ਉੱਤਰੀ ਕੋਰੀਆ ਅਤੇ ਦੱਖਣੀ ਕੋਰੀਆ ਦੋਹਾਂ ਦੇਸ਼ਾਂ ਦੇ ਲੋਕਾਂ ਲਈ ਭਵਿੱਖ ਦੇ ਰਾਹ ਖੋਲ ਦਿੱਤੇ ਹਨ। ਇਸ ਨੇ ਸਾਬਕਾ ਅਮਰੀਕੀ ਪ੍ਰਸ਼ਾਸਨ ਦੇ ਅਸਫਲ ਦ੍ਰਿਸ਼ਟੀਕੋਣ ਨੂੰ ਵੀ ਖਤਮ ਕੀਤਾ।

## ਕੈਂਬ੍ਰਿਜ਼ ਐਨਾਲਿਟੀਕਾ ਦੇ ਸਾਬਕਾ ਅਧਿਕਾਰੀ ਟਰੰਪ ਦੇ ਅਗਲੇ ਚੋਣ ਮਿਸ਼ਨ ਲਈ ਕਰ ਰਹੇ ਹਨ ਕੰਮ



ਵਾਸ਼ਿੰਗਟਨ/ਲੰਡਨ — ਕੈਂਬ੍ਰਿਜ਼ ਐਨਾਲਿਟੀਕਾ ਦੇ ਸਾਬਕਾ ਅਧਿਕਾਰੀਆਂ ਵੱਲੋਂ ਚਲਾਈ ਜਾ ਰਹੀ ਇਕ ਫਰਮ ਖੁਫੀਆ ਤਰੀਕੇ ਨਾਲ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਲਈ 2020 ਅਮਰੀਕੀ ਰਾਸ਼ਟਰਪਤੀ ਚੋਣਾਂ ਦੀਆਂ ਤਿਆਰੀਆਂ 'ਚ ਲੱਗ ਗਈ ਹੈ। ਇਕ ਅੰਗ੍ਰੇਜ਼ੀ ਅਖਬਾਰ ਮੁਤਾਬਕ ਕੈਂਬ੍ਰਿਜ਼ ਐਨਾਲਿਟੀਕਾ ਦੇ ਘੱਟ ਤੋਂ ਘਟ 4 ਸਾਬਕਾ ਅਧਿਕਾਰੀ ਨਵੀਂ ਕੰਪਨੀ ਨਾਲ ਜੁੜੇ ਹਨ, ਜਿਹੜੇ ਵੋਟਰਾਂ ਅਤੇ ਖਪਤਕਾਰ ਨੂੰ ਨਿਸ਼ਾਨਾ ਬਣਾ ਸਕਦੇ ਹਨ।

ਦੱਸ ਦਈਏ ਕਿ ਕੈਂਬ੍ਰਿਜ਼ ਐਨਾਲਿਟੀਕਾ 'ਤੇ ਫੇਸਬੁੱਕ ਯੂਜ਼ਰਾਂ ਦਾ ਡਾਟਾ ਚੋਰੀ ਕਰਕੇ ਅਮਰੀਕੀ ਚੋਣਾਂ ਨੂੰ ਪ੍ਰਭਾਵਿਤ ਕਰਨ ਦਾ ਦੋਸ਼ ਲੱਗਾ ਸੀ, ਜਿਸ ਤੋਂ ਬਾਅਦ ਕੰਪਨੀ ਬੰਦ ਹੋ ਗਈ। ਐਨਾਲਿਟੀਕਾ ਦੇ ਸਾਬਕਾ ਅਧਿਕਾਰੀ ਮੈਟ ਓਜਕੋਵਸਕੀ ਨਵੀਂ ਫਰਮ ਦੀ ਅਗਵਾਈ ਕਰ ਰਿਹਾ ਹੈ। ਹਾਲਾਂਕਿ ਓਜਕੋਵਸਕੀ ਨੇ ਟਰੰਪ ਕੈਂਪੇਨ ਨਾਲ ਕਿਸੇ ਵੀ ਤਰ੍ਹਾਂ ਦੇ ਸਬੰਧ ਹੋਣ ਤੋਂ ਇਨਕਾਰ ਕੀਤਾ ਹੈ, ਪਰ ਉਨ੍ਹਾਂ ਨੇ ਮੰਨਿਆ ਹੈ ਕਿ ਉਨ੍ਹਾਂ ਦੀ ਨਵੀਂ ਫਰਮ ਰਿਪਬਲਿਕਨ ਨੈਸ਼ਨਲ ਕਮੇਟੀ ਲਈ 2018 'ਚ ਕੈਂਪੇਨ ਕਰਨ 'ਚ ਕੰਮ ਕਰ ਰਹੀ ਹੈ।

## 4 ਸਾਲ ਬਾਅਦ ਭਾਰਤੀ ਮੂਲ ਦੇ ਵਿਦਿਆਰਥੀ ਨੂੰ ਮਿਲੇਗਾ ਇਨਸਾਫ, ਦੋਸ਼ੀ ਨੂੰ ਮਿਲੇਗੀ ਸਜ਼ਾ



ਵਾਸ਼ਿੰਗਟਨ — ਅਮਰੀਕਾ ਵਿਚ ਭਾਰਤੀ ਮੂਲ ਦੇ ਇਕ ਵਿਦਿਆਰਥੀ ਦੀ ਹੱਤਿਆ ਮਾਮਲੇ ਵਿਚ ਅਦਾਲਤ ਨੇ ਇਕ ਅਮਰੀਕੀ ਸ਼ਖਸ ਨੂੰ ਦੋਸ਼ੀ ਕਰਾਰ ਦਿੱਤਾ ਹੈ। ਮ੍ਰਿਤਕ ਦਾ ਪਰਿਵਾਰ ਬੀਤੇ ਚਾਰ ਸਾਲਾਂ ਤੋਂ ਨਿਆਂ ਦੀ ਮੰਗ ਕਰ ਰਿਹਾ ਸੀ। ਮੀਡੀਆ ਰਿਪੋਰਟ ਵਿਚ ਉਕਤ ਜਾਣਕਾਰੀ ਦਿੱਤੀ ਗਈ ਹੈ। ਦੱਖਣੀ ਇਲੀਨੋਇਸ ਯੂਨੀਵਰਸਿਟੀ ਦਾ ਵਿਦਿਆਰਥੀ ਪ੍ਰਵੀਨ ਵਰਗੀਸ ਸਾਲ 2014 ਵਿਚ ਮ੍ਰਿਤਕ ਪਾਇਆ ਗਿਆ ਸੀ। ਉਹ ਪੰਜ ਦਿਨਾਂ ਤੋਂ ਲਾਪਤਾ ਸੀ। ਕਾਰਬਨਡੇਲ ਵਿਚ ਅਧਿਕਾਰੀਆਂ ਨੇ ਸ਼ੁਰੂ ਵਿਚ ਉਸ ਦੀ ਹੱਤਿਆ ਨੂੰ ਭਿਆਨਕ ਹਾਦਸਾ ਦੱਸਿਆ ਸੀ। ਇਕ ਅੰਗਰੇਜੀ ਅਖਬਾਰ ਦੀ ਰਿਪੋਰਟ ਮੁਤਾਬਕ ਉਸ ਸਮੇਂ ਪ੍ਰਵੀਨ ਦੀ ਮੌਤ ਦਾ ਕਾਰਨ ਹਾਈਪੋਥਰਮੀਆ ਦੱਸਿਆ ਗਿਆ ਸੀ। ਮੋਰਟਨ ਗ੍ਰੋਵ ਦਾ ਰਹਿਣ ਵਾਲੇ 19 ਸਾਲਾ ਵਿਦਿਆਰਥੀ ਪ੍ਰਵੀਨ ਦਾ ਪਰਿਵਾਰ ਇਹ ਕਾਰਨ ਮੰਨਣ ਨੂੰ ਤਿਆਰ ਨਹੀਂ ਸੀ। ਉਨ੍ਹਾਂ ਦੇ ਰਿਸ਼ਤੇਦਾਰਾਂ ਨੇ ਜਾਂਚ ਲਈ ਦਬਾਅ ਪਾਇਆ ਅਤੇ ਲਾਸ਼ ਦੀ ਨਿਰਪੱਖ ਜਾਂਚ ਕਰਵਾਈ। ਇਸ ਨਿਰਪੱਖ ਜਾਂਚ ਅਤੇ ਸਥਾਨਕ ਪੋਸਟਮਾਰਟਮ ਦੀ ਰਿਪੋਰਟ ਵਿਚ ਅੰਤਰ ਸੀ। ਇਸੇ ਨੂੰ ਆਧਾਰ ਬਣਾ ਕੇ ਮ੍ਰਿਤਕ ਦੇ ਪਰਿਵਾਰ ਨੇ ਕਾਨੂੰਨੀ ਲੜਾਈ ਲੜੀ ਅਤੇ ਕਾਰਬਨਡੇਲ ਅਤੇ ਇਸ ਦੇ ਪੁਲਸ ਪ੍ਰਮੁੱਖ ਵਿਰੁੱਧ ਮੁਕੱਦਮਾ ਦਾਇਰ ਕੀਤਾ। ਵੀਰਵਾਰ ਨੂੰ ਅਦਾਲਤ ਨੇ ਦੱਖਣੀ ਇਲੀਨੋਇਸ ਦੇ ਗੇਜ ਬੈਥੁਨ ਨੂੰ ਪ੍ਰਵੀਨ ਦੀ ਹੱਤਿਆ ਦਾ ਦੋਸ਼ੀ ਪਾਇਆ। ਘਟਨਾ ਦੇ ਸਮੇਂ ਬੇਥੂਨ ਦੀ ਉਮਰ ਕਰੀਬ 19 ਸਾਲ ਸੀ। ਪ੍ਰਵੀਨ ਦੀ ਮਾਂ ਲਵਲੀ ਵਰਗੀਸ ਨੇ ਕਿਹਾ, "ਆਖਿਰਕਾਰ ਪ੍ਰਵੀਨ ਲਈ ਉਹ ਦਿਨ ਆ ਹੀ ਗਿਆ। ਹੁਣ ਉਸ ਦੀ ਆਤਮਾ ਨੂੰ ਸ਼ਾਂਤੀ ਮਿਲੇਗੀ।" ਮਾਮਲੇ ਵਿਚ ਹਾਲੇ ਬੇਥੂਨ ਨੂੰ ਸਜ਼ਾ ਸੁਣਾਈ ਜਾਣੀ ਬਾਕੀ ਹੈ। ਬੇਥੂਨ ਨੂੰ 20 ਤੋਂ 60 ਸਾਲ ਦੀ ਜੇਲ ਦੀ ਸਜ਼ਾ ਸੁਣਾਈ ਜਾ ਸਕਦੀ ਹੈ।

## ਬ੍ਰੂਸ ਲਾਰੇਂਜ ਦੁਬਾਰਾ ਬਣੇ ਰੂਸੋ ਸ਼ਹਿਰ ਦੇ ਮੇਅਰ




ਵਾਸ਼ਿੰਗਟਨ— ਅਮਰੀਕਾ ਦੇ ਉੱਤਰੀ ਡਾਕੋਟਾ ਦੇ ਲੋਕਾਂ ਨੇ ਮੌਜੂਦਾ ਮੇਅਰ ਨੂੰ ਫਿਰ ਤੋਂ ਚੁਣ ਲਿਆ ਹੈ। ਤੁਹਾਨੂੰ ਦੱਸ ਦੇਈਏ ਕਿ 100 ਫੀਸਦੀ ਵੋਟਾਂ ਨਾਲ 86 ਸਾਲਾ ਬਰੂਸ ਲਾਰੇਂਜ ਨੂੰ ਰੂਸੋ ਸ਼ਹਿਰ ਦਾ ਦੁਬਾਰਾ ਮੇਅਰ ਚੁਣਿਆ ਗਿਆ ਹੈ। ਇਹ ਵੀ ਦੱਸਿਆ ਜਾ ਰਿਹਾ ਹੈ ਕਿ ਬਰੂਸ ਪਿਛਲੇ 30 ਸਾਲਾਂ ਤੋਂ ਇਸ ਸ਼ਹਿਰ ਦੇ ਮੇਅਰ ਹਨ। ਹੁਣ ਤੁਸੀਂ ਸੋਚ ਰਹੇ ਹੋਵੋਗੇ ਕਿ ਬਰੂਸ ਨੂੰ 100 ਫੀਸਦੀ ਵੋਟ ਮਿਲਣ ਪਿੱਛੇ ਕੀ ਰਹੱਸ ਹੋ ਸਕਦਾ ਹੈ। ਦਰਅਸਲ ਉਥੇ ਸਿਰਫ 3 ਲੋਕ ਹੀ ਰਹਿੰਦੇ ਹਨ। ਰੂਸੋ ਉੱਤਰੀ ਡਾਕੋਟਾ ਦਾ ਸਭ ਤੋਂ ਛੋਟਾ ਸ਼ਹਿਰ ਹੈ। ਦਿਲਚਸਪ ਗੱਲ ਇਹ ਹੈ ਕਿ ਬਰੂਸ ਚੋਣਾਂ ਬਾਰੇ ਭੁੱਲ ਗਏ ਸਨ ਅਤੇ ਉਨ੍ਹਾਂ ਦੀ ਧੀ ਨੇ ਹੀ ਵੋਟਾਂ ਵਾਲੇ ਦਿਨ ਹੀ ਉਨ੍ਹਾਂ ਨੂੰ ਇਸ ਬਾਰੇ ਯਾਦ ਕਰਵਾਇਆ।

## ਅਫਗਾਨਿਸਤਾਨ : ਈਦ ਦੇ ਜਸ਼ਨ ਦੌਰਾਨ ਕਾਰ ਬੰਬ ਧਮਾਕਾ, 36 ਦੀ ਮੌਤ



ਨੰਗਰਹਾਰ— ਅਫਗਾਨਿਸਤਾਨ ਦੇ ਨੰਗਰਹਾਰ ਸੂਬੇ ਦੇ ਕਸਬੇ 'ਚ ਸ਼ਨੀਵਾਰ ਨੂੰ ਹੋਏ ਕਾਰ ਬੰਬ ਧਮਾਕੇ 'ਚ 36 ਲੋਕਾਂ ਦੀ ਮੌਤ ਹੋ ਗਈ ਅਤੇ 65 ਤੋਂ ਵਧੇਰੇ ਲੋਕ ਜ਼ਖਮੀ ਹੋ ਗਏ। ਲੋਕ ਈਦ ਦੇ ਮੌਕੇ ਇਕੱਠੇ ਹੋਏ ਸਨ, ਇਸੇ ਦੌਰਾਨ ਹਮਲਾ ਹੋਇਆ। ਮੌਕੇ 'ਤੇ ਮੌਜੂਦ ਲੋਕਾਂ 'ਚ ਵੱਡੀ ਗਿਣਤੀ 'ਚ ਤਾਲਿਬਾਨ ਅਤੇ ਸੁਰੱਖਿਆ ਫੌਜ ਦੇ ਜਵਾਨ ਸਨ। ਈਦ ਦੇ ਮੌਕੇ 'ਤੇ ਤਾਲਿਬਾਨ ਨੇ ਜੰਗਬੰਦੀ ਦਾ ਐਲਾਨ ਕੀਤਾ ਸੀ। ਹਮਲੇ ਦੀ ਜ਼ਿੰਮੇਵਾਰੀ ਅੱਤਵਾਦੀ ਸੰਗਠਨ ਆਈ. ਐੱਸ. ਆਈ. ਐੱਸ. ਨੇ ਲਈ ਹੈ।

ਈਦ ਮੌਕੇ ਸ਼ਨੀਵਾਰ ਨੂੰ ਵੱਡੀ ਗਿਣਤੀ ਲੋਕ 'ਚ ਤਾਲਿਬਾਨ, ਕਾਬੁਲ ਅਤੇ ਹੋਰ ਸ਼ਹਿਰਾਂ 'ਚ ਇਕੱਠੇ ਹੋਏ । ਤਾਲਿਬਾਨੀ ਲੜਾਕਿਆਂ ਅਤੇ ਅਫਗਾਨ ਸੁਰੱਖਿਆ ਫੌਜ ਦੇ ਜਵਾਨਾਂ ਨੇ ਇਕ-ਦੂਜੇ ਨੂੰ ਗਲੇ ਲਗਾਇਆ ਅਤੇ ਸੈਲਫੀਆਂ ਵੀ ਲਈਆਂ ।

ਨੰਗਰਹਾਰ ਸੂਬੇ ਦੇ ਗਵਰਨਰ ਦੇ ਬੁਲਾਰੇ ਅਤਾਹਉੱਲਾ ਖੋਗਿਆਨੀ ਮੁਤਾਬਕ ਗਾਜੀ ਅਮੀਨੁਉੱਲਾ ਖਾਨ ਕਸਬੇ 'ਚ ਕਾਰ ਬੰਬ ਹਮਲਿਆਂ 'ਚ 36 ਲੋਕਾਂ ਦੀ ਮੌਤ ਹੋ ਗਈ। ਇਹ ਕਸਬਾ ਤੋਰਖਮ-ਜਲਾਲਾਬਾਦ ਰੋਡ ਦੇ ਕਿਨਾਰੇ ਸਥਿਤ ਹੈ।

ਸਰਕਾਰ ਨੇ ਵਧਾਈ ਜੰਗਬੰਦੀ—

ਅਫਗਾਨਿਸਤਾਨ ਦੇ ਰਾਸ਼ਟਰਪਤੀ ਅਸ਼ਰਫ ਗਨੀ ਨੇ ਤਾਲਿਬਾਨ ਨਾਲ ਜੰਗਬੰਦੀ ਨੂੰ ਵਧਾਉਣ ਦਾ ਐਲਾਨ ਕੀਤਾ ਹੈ, ਤਾਲਿਬਾਨ ਨੇ ਫਿਲਹਾਲ ਤਿੰਨ ਦਿਨਾਂ ਲਈ ਜੰਗਬੰਦੀ ਦੀ ਘੋਸ਼ਣਾ ਕੀਤੀ ਹੈ। ਅਮਰੀਕਾ ਨੇ ਸ਼ਾਂਤੀ ਪ੍ਰਕਿਰਿਆ ਦਾ ਸਮਰਥਨ ਕਰਨ ਦੀ ਘੋਸ਼ਣਾ ਕੀਤੀ ਹੈ।

# ਬਰਤਾਨੀਆਂ ਭਾਰਤੀ ਚੋਰਾਂ ਨੂੰ ਰੱਖ ਸਕਦੈ, ਵਿਦਿਆਰਥੀਆਂ ਨੂੰ ਨਹੀਂ







ਨਵੀਂ ਦਿੱਲੀ, : ਭਾਰਤੀ ਵਿਦਿਆਰਥੀ ਲਗਾਤਾਰ ਵਿਦੇਸ਼ਾਂ ਵਿੱਚ ਪੜ੍ਹਨ ਜਾ ਰਹੇ ਹਨ। ਦੂਜੇ ਮੁਲਕਾਂ ਨੇ ਆਪਣੀ-ਆਪਣੀ ਨੀਤੀ ਅਨੁਸਾਰ ਇਮੀਗ੍ਰੇਸ਼ਨ ਨੀਤੀ ਬਣਾਈ ਹੋਈ ਹੈ। ਇਨ੍ਹਾਂ ਨੀਤੀਆਂ ਅਧੀਨ ਭਾਰੀ ਵਿਦਿਆਰਥੀ ਉਥੇ ਜਾਂਦੇ ਹਨ, ਪੜ੍ਹਦੇ ਹਨ ਅਤੇ ਬਹੁਤ ਸਾਰੇ ਉਥੇ ਦੀ ਪੀ ਆਰ ਹਾਸਲ ਕਰ ਲੈਂਦੇ ਹਨ। ਪਰ ਹੁਣ ਲਗਾਤਾਰ ਬਹੁਤ ਸਾਰੇ ਮੁਲਕਾਂ ਨੇ ਆਪਣੀ ਇਮੀਗ੍ਰੇਸ਼ਨ ਨੀਤੀ ਵਿੱਚ ਭਾਰੀ ਬਦਲਾਓ ਕਰ ਲਏ ਹਨ ਅਤੇ ਕਈਆਂ ਨੇ ਨਿਯਮਾਂ ਨੂੰ ਸਖਤ ਵੀ ਬਣਾ ਲਿਆ ਹੈ। ਹਾਲ ਹੀ ਵਿੱਚ ਬਰਤਾਨੀਆ ਨੇ ਅਜਿਹਾ ਹੀ ਕੀਤਾ ਹੈ ਜਿਸ ਕਾਰਨ ਭਾਰਤੀ ਵਿਦਿਆਰਥੀਆਂ ਲਈ ਮਾਪਦੰਡ ਸਖਤ ਕਰ ਦਿੱਤੇ ਹਨ। ਬਰਤਾਨੀਆ ਵਲੋਂ ਕੀਤੀਆਂ ਜਾ ਰਹੀਆਂ ਤਬਦੀਲੀਆਂ ਦੀ ਭਾਰਤ ਵਿੱਚ ਸਖਤ ਪ੍ਰਤੀਕ੍ਰਿਆ ਹੋ ਰਹੀ ਹੈ। ਕਈਆਂ ਦਾ ਕਹਿਣਾ ਹੈ ਕਿ ਬਰਤਾਨੀਆ ਅਪਰਾਧੀਆਂ ਵਿਜੇ ਮਾਲੀਆ, ਨੀਰਵ ਮੋਦੀ, ਲਲਿਤ ਮੋਦੀ ਵਰਗਿਆਂ ਨੂੰ ਆਪਣੇ ਕੋਲ ਰੱਖ ਸਕਦਾ ਹੈ ਪਰ ਭਾਰਤੀ ਵਿਦਿਆਰਥੀਆਂ ਨੂੰ ਇਥੇ ਰੱਖਣ ਤੋਂ ਇਨਕਾਰੀ ਹੋ ਰਿਹਾ ਹੈ। ਬਰਤਾਨੀਆ ਦੀ ਸਰਕਾਰ ਨੇ ਭਾਰਤ ਨੂੰ ਸਟੂਡੈਂਟ ਵੀਜ਼ਾ ਨਿਯਮਾਂ ਵਿੱਚ ਢਿੱਲ ਦੇਣ ਵਾਲੇ ਦੇਸ਼ਾਂ ਦੀ ਸੂਚੀ ਤੋਂ ਬਾਹਰ ਰੱਖਿਆ ਹੈ। ਸਰਕਾਰ ਦੇ ਇਸ ਕਦਮ ਨੂੰ ਲੈ ਕੇ ਨਾਰਾਜ਼ਗੀ ਜਤਾਈ ਜਾ ਰਹੀ ਹੈ। ਸੋਸ਼ਲ ਮੀਡੀਆ 'ਤੇ ਲੋਕ ਮੋਦੀ ਸਰਕਾਰ ਦੀਆਂ ਪਾਲਿਸੀਆਂ ਦੀ ਅਤੇ ਯੂ.ਕੇ. ਸਰਕਾਰ ਦੀ ਬੇਰੁਖੀ ਦੀ ਨਿੰਦਾ ਕਰ ਰਹੇ ਹਨ। ਇਲਜ਼ਾਮ ਲਗਾਏ ਜਾ ਰਹੇ ਹਨ ਕਿ ਭਾਰਤ ਨੂੰ ਸੂਚੀ ਵਿੱਚੋਂ ਬਾਹਰ ਰੱਖ ਕੇ ਯੂ.ਕੇ. ਦੀ ਸਰਕਾਰ ਨੇ ਭਾਰਤ ਦੀ ਬੇਇੱਜ਼ਤੀ ਕੀਤੀ ਹੈ। ਸੋਸ਼ਲ ਮੀਡੀਆ ਉੱਤੇ ਇਹ ਵੀ ਕਿਹਾ ਜਾ ਰਿਹਾ ਹੈ ਕਿ ਇਹ ਕਦਮ ਦੋਹਾਂ ਦੇਸ਼ਾਂ ਦੇ ਰਿਸ਼ਤਿਆਂ 'ਤੇ ਅਸਰ ਕਰੇਗਾ। ਯੂਕੇ ਕਾਉਂਸਲ ਦੇ ਕੌਮਾਂਤਰੀ ਸਟੂਡੈਂਟ ਅਫੇਅਰਜ਼ ਦੇ ਮੁਖੀ ਭਾਰਤੀ ਮੂਲ ਦੇ ਲੌਰਡ ਕਰਨ ਬਿਲਿਮੋਰੀਆ ਨੇ ਟਵੀਟ ਕੀਤਾ, "ਟੀਅਰ-4 ਵੀਜ਼ਾ ਦੇ ਸੰਦਰਭ ਵਿੱਚ ਯੂਕੇ ਦੀ ਸਰਕਾਰ ਭਾਰਤ ਨੂੰ ਗਲਤ ਸੁਨੇਹਾ ਭੇਜ ਰਹੀ ਹੈ। ਭਾਰਤ ਨਾਲ ਫ੍ਰੀ ਟਰੇਡ ਅਗਰੀਮੈਂਟ ਇਸ ਤਰ੍ਹਾਂ ਨਹੀਂ ਮਿਲੇਗਾ ਬਰਤਾਨੀਆ ਦੀ ਸਰਕਾਰ ਨੂੰ।"
ਇਸ ਤੋਂ ਅੱਗੇ ਜਾਂਦੇ ਹੋਏ ਅਭਿਸ਼ੇਕ ਸ਼ਾਸਤ੍ਰੀ ਨੇ ਸਿੱਧਾ ਵਿਜੇ ਮਾਲਿਆ ਦਾ ਨਾਂ ਲੈਂਦੇ ਹੋਏ ਲਿਖਿਆ, "ਯੂਕੇ ਵਿਜੇ ਮਾਲਿਆ ਨੂੰ ਲੈ ਸਕਦਾ ਹੈ ਪਰ ਵਿਦਿਆਰਥੀਆਂ ਨੂੰ ਨਹੀਂ।"
ਕੁਝ ਯੂਜ਼ਰਸ ਨੇ ਲਿਖਿਆ ਕਿ ਬ੍ਰਿਟੇਨ ਵਿੱਚ ਹੁਣ ਕੋਈ ਖਾਸ ਗੱਲ ਰਹੀ ਵੀ ਨਹੀਂ ਅਤੇ ਭਾਰਤੀਆਂ ਨੂੰ ਆਪਣੇ ਹੀ ਦੇਸ਼ ਵਿੱਚ ਵਧੀਆ ਸੰਸਥਾਵਾਂ ਬਣਾਉਣੀਆਂ ਚਾਹੀਦੀਆਂ ਹਨ।


ਏ.ਬੀ.ਐਸ. ਨਾਂ ਦੇ ਇੱਕ ਟਵਿੱਟਰ ਯੂਜ਼ਰ ਨੇ ਲਿਖਿਆ, "ਇਨ੍ਹਾਂ ਦੀ ਪਰਵਾਹ ਹੀ ਕੌਣ ਕਰਦਾ ਹੈ, ਬਰਤਾਨੀਆ ਹੁਣ ਪਹਿਲਾਂ ਜਿਹਾ ਰਿਹਾ ਵੀ ਨਹੀਂ। ਲੰਡਨ ਯੂਰਪ ਦੀ ਕ੍ਰਾਈਮ ਰਾਜਧਾਨੀ ਬਣ ਗਿਆ ਹੈ।"
ਟੇਮਿੰਗ ਕੇਔਸ ਨੇ ਟਵੀਟ ਕੀਤਾ, "ਕਿਸੇ ਹੋਰ ਦੇਸ਼ ਦੇ ਵੀਜ਼ਾ ਲਈ ਕਿਉਂ ਰੋਣਾ ? ਸਾਨੂੰ ਭਿਖਾਰੀਆਂ ਵਾਂਗ ਨਹੀਂ ਰਹਿਣਾ ਚਾਹੀਦਾ ਹੈ।"
ਟਰੂ ਟੂ ਪੀਪਲ ਨਾਂ ਦੇ ਹੈਂਡਲ ਤੋਂ ਟਵੀਟ ਹੋਇਆ, "ਭਾਰਤ ਨੂੰ ਵੀ ਇਨ੍ਹਾਂ ਦੇਸ਼ਾਂ ਬਾਰੇ ਨਹੀਂ ਸੋਚਣਾ ਚਾਹੀਦਾ, ਇਨ੍ਹਾਂ ਤੋਂ ਦਰਾਮਦ ਬੰਦ ਕੀਤੀ ਜਾਣੀ ਚਾਹੀਦੀ ਹੈ।"
ਕਈ ਲੋਕਾਂ ਨੇ ਬਰਤਾਨੀਆ ਸਰਕਾਰ ਦੇ ਇਸ ਫੈਸਲੇ ਲਈ ਮੋਦੀ ਸਰਕਾਰ ਨੂੰ ਵੀ ਜ਼ਿੰਮੇਵਾਰ ਠਹਿਰਾਇਆ।
ਜੋਮੋਨ ਬਥੇਰੀ ਨੇ ਟਵੀਟ ਕੀਤਾ, "ਸਾਡੇ ਵਿਦੇਸ਼ ਯਾਤਰੀ ਪੀਐੱਮ ਦੀ ਵੱਡੀ ਕਾਮਯਾਬੀ ਜੋ ਕਹਿੰਦੇ ਹਨ ਕਿ ਭਾਰਤ ਦੀਆਂ ਸਾਰੀ ਫੌਰਨ ਪਾਲਿਸੀਆਂ ਪਿਛਲੇ ਚਾਰ ਸਾਲਾਂ ਵਿੱਚ ਹੀ ਬਣੀਆਂ ਹਨ।"
ਹਾਲਾਂਕਿ ਕੁਝ ਲੋਕਾਂ ਨੇ ਭਾਰਤੀ ਵਿਦਿਆਰਥੀਆਂ ਨੂੰ ਹੀ ਇਸ ਲਈ ਜ਼ਿੰਮੇਵਾਰ ਠਰਾਇਆ।
ਚੰਦਰਾ ਨੇ ਟਵੀਟ ਕਰ ਕੇ ਲਿਖਿਆ, "ਭਾਰਤੀ ਵਿਦਿਆਰਥੀ ਸਿਸਟਮ ਦਾ ਸੋਸ਼ਣ ਕਰਦੇ ਹਨ। ਇੱਥੇ ਨਕਲੀ ਤਜਰਬਾ ਵਿਖਾ ਕੇ ਨੌਕਰੀਆਂ ਲੈਂਦੇ ਹਨ।"

# ਵੀਜ਼ਾ ਨਿਯਮਾਂ ਨੂੰ ਲੈ ਕੇ ਭਾਰਤੀ ਵਿਦਿਆਰਥੀਆਂ ਨੂੰ ਦਿੱਤਾ ਝਟਕਾ



ਲੰਡਨ: ਬ੍ਰਿਟੇਨ ਦੀ ਸਰਕਾਰ ਨੇ ਦੇਸ਼ ਦੀਆਂ ਯੂਨੀਵਰਸਿਟੀਆਂ 'ਚ ਵੀਜ਼ਾ ਬਿਨੈਕਾਰ ਪ੍ਰਕਿਰਿਆ ਨੂੰ ਆਸਾਨ ਬਣਾਉਣ ਲਈ ਬਣਾਈ ਇਕ ਨਵੀਂ ਸੂਚੀ 'ਚੋਂ ਭਾਰਤੀ ਵਿਦਿਆਰਥੀਆਂ ਨੂੰ ਵੱਖ ਕਰ ਦਿੱਤਾ ਹੈ। ਬ੍ਰਿਟੇਨ ਸਰਕਾਰ ਦੇ ਇਸ ਕਦਮ ਦੀ ਕਾਫੀ ਆਲੋਚਨਾ ਹੋ ਰਹੀ ਹੈ। ਦੇਸ਼ ਦੀ ਇਮੀਗ੍ਰੇਸ਼ਨ ਨੀਤੀ ਵਿਚ ਲਿਆਂਦੇ ਬਦਲਾਅ ਨੂੰ ਕੱਲ ਭਾਵ ਸ਼ੁੱਕਰਵਾਰ ਨੂੰ ਸੰਸਦ ਵਿਚ ਪੇਸ਼ ਕੀਤਾ ਗਿਆ। ਬ੍ਰਿਟੇਨ ਦੇ ਗ੍ਰਹਿ ਮੰਤਰਾਲੇ ਨੇ ਲੱਗਭਗ 25 ਦੇਸ਼ਾਂ ਦੇ ਵਿਦਿਆਰਥੀਆਂ ਲਈ ਟਿਅਰ-4 ਵੀਜ਼ਾ ਸ਼੍ਰੇਣੀ 'ਚ ਢਿੱਲ੍ਹ ਦਾ ਐਲਾਨ ਕੀਤਾ। ਇਸ ਸੂਚੀ ਵਿਚ ਅਮਰੀਕਾ, ਕੈਨੇਡਾ ਅਤੇ ਨਿਊਜ਼ੀਲੈਂਡ ਵਰਗੇ ਦੇਸ਼ ਪਹਿਲਾਂ ਤੋਂ ਹੀ ਸ਼ਾਮਲ ਸਨ। ਹੁਣ ਚੀਨ, ਬਹਿਰੀਨ ਅਤੇ ਸਰਬੀਆ ਵਰਗੇ ਦੇਸ਼ਾਂ ਨੂੰ ਇਸ ਵਿਚ ਸ਼ਾਮਲ ਕੀਤਾ ਗਿਆ ਹੈ।
ਇਨ੍ਹਾਂ ਦੇਸ਼ਾਂ ਦੇ ਵਿਦਿਆਰਥੀਆਂ ਨੂੰ ਬ੍ਰਿਟੇਨ ਦੀਆਂ ਯੂਨੀਵਰਸਿਟੀਆਂ ਵਿਚ ਦਾਖਲੇ ਲਈ ਸਿੱਖਿਆ, ਵਿੱਤੀ ਅਤੇ ਅੰਗਰੇਜ਼ੀ ਭਾਸ਼ਾ ਵਰਗੇ ਮਾਪਦੰਡਾਂ 'ਤੇ ਘੱਟ ਜਾਂਚ 'ਚੋਂ ਲੰਘਣਾ ਹੋਵੇਗਾ। ਇਹ ਬਦਲਾਅ 6 ਜੁਲਾਈ ਤੋਂ ਪ੍ਰਭਾਵੀ ਹੋਣਗੇ ਅਤੇ ਇਨ੍ਹਾਂ ਦਾ ਉਦੇਸ਼ ਕੌਮਾਂਤਰੀ ਵਿਦਿਆਰਥੀਆਂ ਲਈ ਬ੍ਰਿਟੇਨ ਵਿਚ ਅਧਿਐਨ ਨੂੰ ਆਸਾਨ ਬਣਾਉਣਾ ਹੈ।
ਹਾਲਾਂਕਿ ਇਸ ਨਵੀਂ ਸੂਚੀ ਵਿਚ ਭਾਰਤ ਨੂੰ ਸ਼ਾਮਲ ਨਹੀਂ ਕੀਤਾ ਗਿਆ ਹੈ। ਇਸ ਦਾ ਸਿੱਧਾ ਮਤਲਬ ਇਹ ਹੈ ਕਿ ਸਮਾਨ ਪਾਠਕ੍ਰਮਾਂ ਲਈ ਬੇਨਤੀ ਕਰਨ ਵਾਲੇ ਭਾਰਤੀ ਵਿਦਿਆਰਥੀਆਂ ਨੂੰ ਸਖਤ ਜਾਂਚ ਅਤੇ ਦਸਤਾਵੇਜ਼ੀ ਪ੍ਰਕਿਰਿਆ 'ਚੋਂ ਲੰਘਣਾ ਹੋਵੇਗਾ। ਯੂ. ਕੇ. ਕੌਂਸਲ ਫੋਰ ਇੰਟਰਨੈਸ਼ਨਲ ਸਟੂਡੈਂਟ ਅਫੇਅਰਸ ਦੇ ਪ੍ਰਧਾਨ ਲਾਰਡ ਕਰਣ ਬਿਲਮੋਰੀਆ ਨੇ ਸਰਕਾਰ ਦੇ ਇਸ ਕਦਮ ਨੂੰ ਭਾਰਤ ਦਾ ਅਪਮਾਨ ਦੱਸਿਆ ਹੈ।

## ਉੱਚ ਡਿਗਰੀਆਂ ਵਾਲੇ ਭਾਰਤੀਆਂ ਨੂੰ ਗ੍ਰੀਨਕਾਰਡ ਮਿਲਣ 'ਚ ਲੱਗਣਗੇ 151 ਸਾਲ




ਵਾਸ਼ਿੰਗਟਨ : ਅਮਰੀਕਾ ਦੀ ਇਕ ਸੋਧ ਸੰਸਥਾ 'ਥਿੰਕ ਟੈਂਕ' ਦਾ ਅੰਦਾਜ਼ਾ ਹੈ ਕਿ ਉੱਚ ਡਿਗਰੀ ਜਾਂ ਅਡਵਾਂਸ ਡਿਗਰੀ ਰੱਖਣ ਵਾਲੇ ਭਾਰਤੀਆਂ ਨੂੰ ਅਮਰੀਕਾ 'ਚ ਗ੍ਰੀਨ ਕਾਰਡ ਲਈ 150 ਸਾਲਾਂ ਤੋਂ ਵਧੇਰੇ ਸਮੇਂ ਤਕ ਇੰਤਜ਼ਾਰ ਕਰਨਾ ਪਵੇਗਾ। ਸੋਧ ਸੰਸਥਾ ਕੇਟੋ ਇੰਸਟੀਚਿਊਟ ਨੇ ਗ੍ਰੀਨ ਕਾਰਡ ਲਈ ਵੇਟਿੰਗ ਪੀਰੀਅਡ (ਇੰਤਜ਼ਾਰ ਦੇ ਸਮੇਂ) ਬਾਰੇ ਆਪਣੀ ਗਿਣਤੀ ਦੇ ਆਧਾਰ 'ਤੇ ਇਹ ਅੰਦਾਜ਼ਾ ਪ੍ਰਗਟ ਕੀਤਾ ਹੈ। ਇਹ ਅਨੁਮਾਨ ਅਮਰੀਕਾ ਦੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾ ਵਿਭਾਗ ਵੱਲੋਂ ਹਾਲ ਹੀ 'ਚ ਜਾਰੀ ਅਰਜ਼ੀਆਂ ਦੀ ਗਿਣਤੀ ਦੇ ਆਧਾਰ 'ਤੇ ਲਾਇਆ ਹੈ। ਇਸ 'ਚ 2017 'ਚ ਜਾਰੀ ਕੀਤੇ ਗਏ ਗ੍ਰੀਨ ਕਾਰਡ ਦੀ ਗਿਣਤੀ ਨੂੰ ਵੀ ਧਿਆਨ 'ਚ ਰੱਖਿਆ ਗਿਆ ਹੈ।
ਇਸ ਮੁਤਾਬਕ 20 ਅਪ੍ਰੈਲ, 2018 ਤਕ 632,219 ਭਾਰਤੀ ਬਿਨੈਕਾਰ ਅਤੇ ਉਨ੍ਹਾਂ ਦੇ ਪਤੀ/ ਪਤਨੀ ਅਤੇ ਘੱਟ ਉਮਰ ਦੇ ਬੱਚੇ ਗ੍ਰੀਨ ਕਾਰਡ ਦੇ ਇੰਤਜ਼ਾਰ 'ਚ ਸਨ। ਤੁਹਾਨੂੰ ਦੱਸ ਦਈਏ ਕਿ ਗ੍ਰੀਨ ਕਾਰਡ ਨਾਲ ਅਮਰੀਕਾ ਦੀ ਸਥਾਈ ਨਾਗਰਿਕਤਾ ਮਿਲਦੀ ਹੈ।
ਕੇਟੋ ਇੰਸਟੀਚਿਊਟ ਦੀ ਰਿਪੋਰਟ ਅਨੁਸਾਰ ਵੱਖ-ਵੱਖ ਸ਼੍ਰੇਣੀ ਦੇ ਹੁਨਰਮੰਦ ਬਿਨੈਕਾਰਾਂ ਲਈ ਗ੍ਰੀਨ ਕਾਰਡ ਦਾ ਇੰਤਜ਼ਾਰ ਦਾ ਸਮਾਂ ਵੀ ਵੱਖਰਾ-ਵੱਖਰਾ ਹੈ। ਇਸ 'ਚ ਸਭ ਤੋਂ ਘੱਟ ਵੇਟਿੰਗ ਪੀਰੀਅਡ ਈਬੀ-ਵਨ ਸ਼੍ਰੇਣੀ ਦੇ ਬਿਨੈਕਾਰਾਂ ਨੂੰ ਜਦਕਿ ਸਭ ਤੋਂ ਵਧੇਰੇ ਇੰਤਜ਼ਾਰ ਈਬੀ-ਟੂ ਸ਼੍ਰੇਣੀ ਦੇ ਬਿਨੈਕਾਰਾਂ ਨੂੰ ਕਰਨਾ ਪੈਂਦਾ ਹੈ। ਇਸ ਦੇ ਮੁਤਾਬਕ, 'ਵੀਜ਼ਾ ਜਾਰੀ ਕੀਤੇ ਜਾਣ ਲਈ ਮੌਜੂਦਾ ਸਪੀਡ ਦੇ ਹਿਸਾਬ ਨਾਲ ਉਨ੍ਹਾਂ ਨੂੰ ਗ੍ਰੀਨ ਕਾਰਡ ਲਈ 151 ਸਾਲਾਂ ਤਕ ਦਾ ਇੰਤਜ਼ਾਰ ਕਰਨਾ ਪਵੇਗਾ, ਸ਼ਰਤ ਇਹ ਹੈ ਕਿ ਇਸ ਦੌਰਾਨ ਕੋਈ ਕਾਨੂੰਨੀ ਬਦਲਾਅ ਨਾ ਹੋਵੇ।

# ਬ੍ਰਿਟੇਨ ਕਰੇਗਾ ਟਿਅਰ-ਟੂ ਵਿਜ਼ਾ 'ਚ ਬਦਲਾਅ



ਲੰਡਨ: ਬ੍ਰਿਟੇਨ ਨੇ ਆਪਣੀ ਇਮੀਗ੍ਰੇਸ਼ਨ ਨੀਤੀ 'ਚ ਬਦਲਾਅ ਕਰਕੇ ਇਸ ਨੂੰ ਸੰਸਦ ਦੇ ਸਾਹਮਣੇ ਪੇਸ਼ ਕੀਤਾ ਹੈ। ਇਨ੍ਹਾਂ ਬਦਲਾਵਾਂ 'ਚ ਭਾਰਤ ਵਰਗੇ ਦੇਸ਼ਾਂ ਦੇ ਉੱਚ ਸਿਖਲਾਈ ਪ੍ਰਾਪਤ ਪੇਸ਼ੇਵਰਾਂ ਦੇ ਲਈ ਸਖਤ ਵੀਜ਼ਾ ਨਿਯਮਾਂ ਦੀ ਸਮੀਖਿਆ ਕਰਨਾ ਸ਼ਾਮਲ ਹੈ। ਇਸ ਪਹਿਲ ਦੀ ਭਾਰਤ ਤੇ ਬ੍ਰਿਟੇਨ ਦੇ ਉਦਯੋਗਾਂ ਨੇ ਸ਼ਲਾਘਾ ਕੀਤੀ ਹੈ।
ਇਮੀਗ੍ਰੇਸ਼ਨ ਨੀਤੀ 'ਚ ਬਦਲਾਅ ਨਾਲ ਉਨ੍ਹਾਂ ਉਦਯੋਗਾਂ ਨੂੰ ਆਪਣੇ ਇਥੇ ਸੇਵਾ ਦੇਣ ਦੇ ਲਈ ਭਾਰਤ ਵਰਗੇ ਦੇਸ਼ਾਂ ਤੋਂ ਪੇਸ਼ੇਵਰ ਲਿਆਉਣ 'ਚ ਆਸਾਨੀ ਹੋਵੇਗੀ ਤੇ ਇਸ ਦੇ ਨਾਲ ਹੀ ਭਾਰਤੀ ਸੂਚਨਾ ਤਕਨੀਕ ਉਦਯੋਗ ਨੂੰ ਵੀ ਬਹੁਤ ਲਾਭ ਹੋਵੇਗਾ। ਬ੍ਰਿਟੇਨ ਇਮੀਗ੍ਰੇਸ਼ਨ ਮੰਤਰੀ ਕੇਰੋਲਾਈਨ ਨੋਕਸ ਨੇ ਦੱਸਿਆ ਕਿ ਅੱਜ ਦੇ ਇਨ੍ਹਾਂ ਬਦਲਾਵਾਂ ਨਾਲ ਅਸੀਂ ਆਪਣੀਆਂ ਫ੍ਰੰਟਲਾਈਨ ਸੇਵਾਵਾਂ ਦੀਆਂ ਮੰਗਾਂ ਨੂੰ ਪੂਰਾ ਕਰਨ 'ਚ ਸਮਰਥ ਹੋਵਾਂਗੇ ਤੇ ਆਪਣੇ ਉਦਯੋਗਾਂ ਦੇ ਲਈ ਚੰਗੇ ਪੇਸ਼ੇਵਰਾਂ ਨੂੰ ਵੀ ਆਕਰਸ਼ਿਤ ਕਰ ਸਕਾਂਗੇ। ਫੈਡਰਲ ਆਫ ਇੰਡੀਅਨ ਚੈਂਬਰਸ ਆਫ ਕਾਮਰਸ ਐਂਡ ਇੰਡਸਟ੍ਰੀ (ਫਿੱਕੀ) ਦੇ ਪ੍ਰਧਾਨ ਰਸ਼ੇਸ਼ ਸ਼ਾਹ ਨੇ ਕਿਹਾ ਕਿ ਭਾਰਤੀ ਪੇਸ਼ੇਵਰਾਂ ਦੀਆਂ ਪੁਰਾਣੀਆਂ ਮੰਗਾਂ ਦੇ ਵਿਚਾਲੇ ਬ੍ਰਿਟਿਸ਼ ਸਰਕਾਰ ਵਲੋਂ ਟਿਅਰ-ਟੂ ਵੀਜ਼ਾ ਕੈਟੇਗਰੀ ਨੂੰ ਆਸਾਨ ਬਣਾਉਣ ਦਾ ਕਦਮ ਇਕ ਸਵਾਗਤਯੋਗ ਘਟਨਾਕ੍ਰਮ ਹੈ। ਯੂਕੇ ਸਰਕਾਰ ਦਾ ਇਹ ਕਦਮ ਨਿਸ਼ਚਿਤ ਰੂਪ ਨਾਲ ਕੁਸ਼ਲ ਪੇਸ਼ੇਵਰਾਂ ਦੇ ਆਉਣ-ਜਾਣ ਨੂੰ ਆਸਾਨ ਬਣਾਏਗਾ ਤੇ ਲੰਬੇ ਸਮੇਂ ਤੱਕ ਬ੍ਰਿਟੇਨ ਦੇ ਉਦਯੋਗ ਦੀ ਸਮੁੱਚੀ ਮੁਕਾਬਲੇਬਾਜ਼ੀ 'ਚ ਵਾਧਾ ਕਰੇਗਾ। ਬ੍ਰਿਟੇਨ 'ਚ ਡਾਕਟਰਾਂ ਤੇ ਨਰਸਾਂ ਦੀ ਕਮੀ ਤੇ ਰਾਸ਼ਟਰੀ ਸਿਹਤ ਸੇਵਾਵਾਂ 'ਚ ਆ ਰਹੀਆਂ ਕਠਿਨਾਈਆਂ ਨੂੰ ਦੇਖਦੇ ਹੋਏ ਸਰਕਾਰ ਨੇ ਪਹਿਲਾਂ ਹੀ ਇਹ ਐਲਾਨ ਕੀਤਾ ਸੀ ਕਿ ਯੂਰਪੀ ਸੰਘ ਦੇ ਬਾਹਰ ਦੇ ਦੇਸ਼ਾਂ ਤੋਂ ਆਉਣ ਵਾਲੇ ਡਾਕਟਰਾਂ ਤੇ ਨਰਸਾਂ ਨੂੰ ਟੀਅਰ-ਟੂ ਵੀਜ਼ਾ 'ਚ ਛੋਟ ਹੋਵੇਗੀ।

### ਭਾਰਤੀ ਪੇਸ਼ੇਵਰਾਂ ਨੂੰ ਮਿਲੇਗਾ ਲਾਭ

ਕੰਫੈਡਰੇਸ਼ਨ ਆਫ ਬ੍ਰਿਟਿਸ਼ ਇੰਡਸਟ੍ਰੀ ਦੇ ਮੁੱਖ ਨੀਤੀ ਨਿਰਦੇਸ਼ਕ ਮੈਥਿਊ ਫੈਲ ਨੇ ਕਿਹਾ ਕਿ ਉਦਯੋਗ ਇਨ੍ਹਾਂ ਸੁਧਾਰਾਂ ਦਾ ਸਵਾਗਤ ਕਰੇਗਾ ਕਿਉਂਕਿ ਇਹ ਇਕ ਚੰਗਾ ਕਦਮ ਹੈ। ਅੰਤਰਰਾਸ਼ਟਰੀ ਕੁਸ਼ਲਤਾ ਤੇ ਪ੍ਰਤਿਭਾ ਬ੍ਰਿਟੇਨ ਦੇ ਗਲੋਬਲ ਨਿਯੁਕਤੀਕਾਰਾਂ ਦਾ ਮੁੱਖ ਆਧਾਰ ਹੈ। ਉਨ੍ਹਾਂ ਨੇ ਕਿਹਾ ਕਿ ਇਕ ਸਫਲ ਇਮੀਗ੍ਰੇਸ਼ਨ ਪ੍ਰਣਾਲੀ ਨੂੰ ਬ੍ਰਿਟੇਨ ਦੇ ਸਮਾਜ ਤੇ ਇਥੇ ਦੀ ਅਰਥਵਿਵਸਥਾ 'ਚ ਯੋਗਦਾਨ ਦੇਣ ਵਾਲੇ ਲੋਕਾਂ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ ਨਾ ਕਿ ਗਿਣਤੀ 'ਤੇ। ਜਦੋਂ ਤੱਕ ਇਮੀਗ੍ਰੇਸ਼ਨ ਵਿਵਸਥਾ 'ਚ ਸੁਧਾਰ ਨਹੀਂ ਹੁੰਦਾ, ਨੌਕਰੀ ਦੀ ਸਿਰਜਨਾ ਕਰਨ ਤੇ ਵਾਧਾ ਕਰਨ ਦੇ ਲਈ ਜ਼ਰੂਰੀ ਲੋਕਾਂ ਨੂੰ ਆਪਣੇ ਇਥੇ ਬੁਲਾਉਣ ਦੇ ਲਈ ਉਦਯੋਗ ਤੇ ਵਪਾਰ ਜਗਤ ਸੰਘਰਸ਼ ਕਰਦੇ ਰਹਿਣਗੇ।




*Nassau County Executive*

**LAURA CURRAN**

*Nassau County Presiding Officer*

**RICHARD NICOLELLO**

*Cordially invite you to*

# THE ANNUAL VAISAKHI CELEBRATION

**FRIDAY, JUNE 22ND, 2018 @ 6:00PM**

***Theodore Roosevelt Executive & Legislative Building***
***Legislative Chamber***
***1550 Franklin Ave, Mineola, NY 11501***

***For More Information Please Call***

*Jasbir Jay Singh* 516-857-5297
*Pinky Jaggi* 516-330-7323
*Sharanjit Thind* 917-612-3158
*Zahid Syed* 516-832-6151

***Host Committee:***


*Kawaljit Chandi, Herman Singh, Jaya Bahadkar, Paul Bindra, Lalit Arey, Beena Kothari, Bhavani Srinivasan, Ajay Vir Sondhi, Vishal Sharma, Satnam S. Parhar, Harpreet S. Toor, Veena Lamba, Jyoti Gupta, Jaspal (Tony) Arora*



***By Invitation ONLY***

*Please RSVP by June 19th at nassauRSVP@gmail.com*

*Dinner will be served*



ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

# ਪੰਜਾਬੀ ਦੁਨੀਆ

PUNJABI DUNIYA




www.punjabiduniya.com

https://www.facebook.com/punjabiduniya



# ਸ਼ੋਸ਼ਲ ਮੀਡੀਆ ਔਰਤ ਦੀ ਅਜ਼ਾਦੀ

ਸ਼ੋਸ਼ਲ ਮੀਡੀਆ ਨਵੀਂ ਜਾਣਕਾਰੀ ਪ੍ਰਾਪਤ ਕਰਨ, ਕਾਰੋਬਾਰ ਵਿੱਚ ਵਾਧਾ ਕਰਨ, ਮਨੋਰੰਜਨ ਕਰਨ, ਤਨਾਅ ਤੋਂ ਦੂਰ ਰਹਿਣ ਅਤੇ ਵਿਸ਼ਵ ਭਰ 'ਚ ਨਵੇਂ ਲੋਕਾਂ ਨਾਲ ਪਹਿਚਾਣ ਬਣਾਉਣ ਦਾ ਸਾਧਨ ਤਾਂ ਬਣ ਗਿਆ ਹੈ। ਮਨੁੱਖ ਦੀ ਜਿੰਦਗੀ ਵਿੱਚ ਇਸਦਾ ਕੀ ਸਥਾਨ ਹੈ ਉਸ ਬਾਰੇ ਇਸ ਗੱਲ ਤੋਂ ਅੰਦਾਜਾ ਵੀ ਲਗਾਇਆ ਜਾ ਸਕਦਾ ਹੈ ਕਿ 35 ਤੋਂ 50 ਸਾਲ ਦੇ ਬਹੁਗਿਣਤੀ ਵਿਆਕਤੀ ਜਿਨਾਂ ਦੇ ਹੱਥਾਂ ਵਿੱਚ ਪਹਿਲਾਂ ਸਵੇਰੇ ਉਠਦੇ ਸਾਰ ਹੀ ਅਖਬਾਰ ਤੇ ਚਾਹ ਦਾ ਕੱਪ ਹੁੰਦਾ ਸੀ ਤੇ ਹੁਣ ਉਨਾਂ ਹੱਥਾਂ ਵਿਚ ਮੋਬਾਈਲ ਹੁੰਦਾ ਹੈ। ਉਹ ਦੇਰ ਰਾਤ ਸ਼ੋਸ਼ਲ ਮੀਡੀਆ ਤੇ ਜਿਥੋਂ ਖਤਮ ਹੋਏ ਸਨ ਅਪਣੀ ਸਵੇਰ ਉਥੋਂ ਹੀ ਮੁੜ ਸੂਰੂ ਕਰ ਦਿੰਦੇ ਹਨ। ਜਿਆਦਾਤਰ ਬਜੁਰਗ ਸ਼ੋਸ਼ਲ ਮੀਡੀਆ ਦੀ ਵਰਤੋਂ ਕਰਨ ਦੀ ਬਜਾਏ ਟੈਲੀਵਿਜਨ ਤੇ ਖਬਰਾਂ ਸੁਣਨਾ ਹੀ ਪਸੰਦ ਕਰਦੇ ਹਨ।

ਅੱਜ ਦੇ ਤਕਨੀਕੀ ਯੁੱਗ ਵਿਚ ਅੰਤਰਰਾਸ਼ਟਰੀ ਸਤਰ ਤੱਕ ਫੈਲਿਆ ਸ਼ੋਸ਼ਲ ਮੀਡੀਆ ਇੱਕ ਸਾਧਾਰਨ ਵਿਅਕਤੀ ਦੀ ਜਿੰਦਗੀ ਵਿੱਚ ਵੀ ਗਹਿਰਾ ਪ੍ਰਭਾਵ ਰੱਖਣ ਲੱਗਾ ਹੈ। ਇਸ ਪ੍ਰਤੀ ਮਨੁੱਖ ਦੇ ਰੁਝੇਵਿਆਂ ਨੂੰ ਦੇਖਦੇ ਹੋਏ ਜੇਕਰ ਏਹ ਕਿਹਾ ਜਾਵੇ ਕਿ ਏਹ ਮਨੁੱਖਾਂ ਦੇ ਸਾਹਾਂ ਨਾਲ ਚੱਲ ਰਿਹਾ ਹੈ ਤਾਂ ਇਸ ਵਿੱਚ ਕੋਈ ਅਤਕਥਨੀ ਨਹੀ ਹੋਵੇਗੀ। ਏਸੇ ਕਾਰਨ ਕੁਝ ਸਬਦਾਂ ਰਾਹੀਂ ਜਿਥੇ ਸ਼ੋਸ਼ਲ ਮੀਡੀਆ ਤੇ ਚਰਚਾ ਕੀਤੀ ਜਾਵੇਗੀ ਉਥੇ ਹੀ ਇਸ ਵਿੱਚ ਔਰਤ ਦਾ ਕੀ ਰੋਲ ਹੈ ਤੇ ਵਿਚਾਰ ਮੰਥਨ ਹੋਵੇਗਾ।ਸ਼ੋਸ਼ਲ ਸਾਈਟਾਂ ਜਿਵੇਂ ਕਿ ਵਟਸ-ਅੱਪ ਅਤੇ ਫੇਸਬੁੱਕ ਰਾਹੀਂ ਜਿਥੇ ਵਿਅਕਤੀ ਸਸਤੇ ਤੇ ਸੌਖੇ ਢੰਗ ਨਾਲ ਆਪਣੀ ਸੂਚਨਾਵਾਂ ਦੂਜਿਆਂ ਤੱਕ ਭੇਜ ਸਕਦਾ ਹੈ ਉਥੇ ਹੀ ਚੈਟਿੰਗ ਅਤੇ ਵੱਖ ਵੱਖ ਪ੍ਰਕਾਰ ਦੀਆਂ ਹੋਰ ਪੋਸਟਾਂ ਰਾਹੀਂ ਅਪਣੇ ਵਿਚਾਰਾਂ ਦਾ ਅਦਾਨ ਪ੍ਰਦਾਨ ਵੀ ਕਰਨ ਲੱਗ ਪਿਆ ਹੈ। ਇਸਦੇ ਜ਼ਰੀਏ ਹੁਣ ਲੋਕ ਇਕ ਦੂਜੇ ਦੇ ਸੰਪਰਕ ਵਿਚ ਆਉਂਦੇ ਤੇ ਮਿੱਤਰ ਬਣਦੇ ਹਨ ਜਿਹਨਾਂ ਚੋਂ ਕਈਆਂ ਨੂੰ ਅਸੀ ਜਾਣਦੇ ਵੀ ਨਹੀਂ ਹੁੰਦੇ। ਜਿਸ ਕਾਰਨ ਕਈ ਵਾਰ ਸਾਨੂੰ ਭਾਰੀ ਨੁਕਸਾਨ ਤੱਕ ਝੱਲਣੇ ਪੈਂਦੇ ਹਨ। ਕਈ ਵਾਰ ਸ਼ੋਸ਼ਲ ਮੀਡੀਆ ਦੀ ਵਰਤੋਂ ਨਾਲ ਹੋਂਦ ਵਿੱਚ ਆਈ ਘਟਨਾਂ ਸਾਡੇ ਲਈ ਨਾ-ਭੁੱਲਣ ਵਾਲੀ ਯਾਦ ਬਣ ਜਾਂਦੀ ਹੈ ਜੋ ਚੰਗੀ ਵੀ ਹੋ ਸਕਦੀ ਤੇ ਮਾੜੀ ਵੀ। ਸ਼ੋਸ਼ਲ ਮੀਡੀਆ ਦਾ ਨੌਜਵਾਨਾਂ ਤੇ ਮਾੜਾ ਅਸਰ ਪੈ ਰਿਹਾ ਹੈ, ਪੜਾਈ ਦੀ ਬਜਾਏ ਉਹ ਆਪਣਾ ਜਿਆਦਾ ਸਮਾਂ ਸ਼ੋਸ਼ਲ ਮੀਡੀਏ ਤੇ ਅਜਾਈਂ ਗਵਾ ਰਹੇ ਹਨ ਜਿਸ ਕਾਰਨ ਉਹ ਇਮਤਿਹਾਨਾਂ ਵਿਚ ਅਸਫਲ ਰਹਿੰਦੇ ਹਨ। ਉਹ ਮਾਪਿਆਂ ਦੀ ਗੱਲ ਨੂੰ ਅਣਸੁਣਿਆ ਕਰਕੇ ਸਾਰਾ ਦਿਨ ਚੈਟਿੰਗ ਅਤੇ ਗੇਮ ਖੇਡਦੇ ਰਹਿੰਦੇ ਹਨ। ਜੇਕਰ ਨੌਜਵਾਨ ਸ਼ੋਸ਼ਲ ਮੀਡੀਆ ਦਾ ਸਦਪ੍ਰਯੋਗ ਕਰਨ ਤਾਂ ਏਹ ਉਨਾਂ ਦੇ ਟੀਚੇ ਸਰ ਕਰਨ ਲਈ ਵਰਦਾਨ ਵੀ ਸਾਬਿਤ ਹੋ ਸਕਦਾ ਹੈ। ਸ਼ੋਸ਼ਲ ਮੀਡੀਆ ਨਵੀਂ ਜਾਣਕਾਰੀ ਪ੍ਰਾਪਤ ਕਰਨ, ਕਾਰੋਬਾਰ ਵਿੱਚ ਵਾਧਾ ਕਰਨ, ਮਨੋਰੰਜਨ ਕਰਨ, ਤਨਾਅ ਤੋਂ ਦੂਰ ਰਹਿਣ ਅਤੇ ਵਿਸ਼ਵ ਭਰ 'ਚ ਨਵੇਂ ਲੋਕਾਂ ਨਾਲ ਪਹਿਚਾਣ ਬਣਾਉਣ ਦਾ ਸਾਧਨ ਤਾਂ ਬਣ ਗਿਆ ਹੈ। ਮਨੁੱਖ ਦੀ ਜਿੰਦਗੀ ਵਿੱਚ ਇਸਦਾ ਕੀ ਸਥਾਨ ਹੈ ਉਸ ਬਾਰੇ ਇਸ ਗੱਲ ਤੋਂ ਅੰਦਾਜਾ ਵੀ ਲਗਾਇਆ ਜਾ ਸਕਦਾ ਹੈ ਕਿ 35 ਤੋਂ 50 ਸਾਲ ਦੇ ਬਹੁਗਿਣਤੀ ਵਿਆਕਤੀ ਜਿਨਾਂ ਦੇ ਹੱਥਾਂ ਵਿੱਚ ਪਹਿਲਾਂ ਸਵੇਰੇ ਉਠਦੇ ਸਾਰ ਹੀ ਅਖਬਾਰ ਤੇ ਚਾਹ ਦਾ ਕੱਪ ਹੁੰਦਾ ਸੀ ਤੇ ਹੁਣ ਉਨਾਂ ਹੱਥਾਂ ਵਿਚ ਮੋਬਾਈਲ ਹੁੰਦਾ ਹੈ। ਉਹ ਦੇਰ ਰਾਤ ਸ਼ੋਸ਼ਲ ਮੀਡੀਆ ਤੇ ਜਿਥੋਂ ਖਤਮ ਹੋਏ ਸਨ ਅਪਣੀ ਸਵੇਰ ਉਥੋਂ ਹੀ ਮੁੜ ਸੁਰੂ ਕਰ ਦਿੰਦੇ ਹਨ। ਜਿਆਦਾਤਰ ਬਜੁਰਗ ਸ਼ੋਸ਼ਲ ਮੀਡੀਆ ਦੀ ਵਰਤੋਂ ਕਰਨ ਦੀ ਬਜਾਏ ਟੈਲੀਵਿਜਨ ਤੇ ਖਬਰਾਂ ਸੁਣਨਾ ਹੀ ਪਸੰਦ ਕਰਦੇ ਹਨ।

ਸ਼ੋਸ਼ਲ ਮੀਡੀਆ ਦੀ ਵਰਤੋਂ ਕਰਨ ਵਿੱਚ ਔਰਤਾਂ ਵੀ ਪਿਛੇ ਨਹੀ ਹਨ ਬਲਕਿ ਤੁਹਾਨੂੰ ਏਹ ਜਾਣ ਕੇ ਵੀ ਬੜੀ ਹੈਰਾਨੀ ਹੋਵੇਗੀ ਕਿ ਮਰਦਾਂ ਨਾਲੋਂ ਔਰਤਾਂ ਸ਼ੋਸ਼ਲ ਮੀਡੀਆ ਦੀ ਵਰਤੋਂ ਜਿਆਦਾ ਕਰਦੀਆਂ ਹਨ। ਸਾਡੇ ਦੇਸ਼ ਦੀ ਪ੍ਰਾਪਤ ਹੋਈ ਇੱਕ ਰਿਸਰਚ ਰਿਪੋਰਟ ਦੇ ਮੁਤਾਬਿਕ 2010 ਵਿਚ ਮਰਦ 53 ਫੀਸਦੀ ਅਤੇ ਔਰਤਾਂ 68 ਫੀਸਦੀ ਅਤੇ 2015 ਵਿਚ 73 ਫੀਸਦੀ ਮਰਦ ਅਤੇ ਔਰਤਾਂ 80 ਫੀਸਦੀ ਸ਼ੋਸ਼ਲ ਸਾਈਟਾਂ ਦੀ ਵਰਤੋਂ ਕਰਦੀਆਂ ਸਨ ਜੋ ਹੁਣ ਹੋਰ ਵਧ ਗਈ ਹੈ। ਸ਼ੋਧ ਕੀਤੇ ਆਂਕੜੇ ਮੁਤਾਬਕ 24 ਫੀਸਦੀ ਔਰਤਾਂ 1 ਸਾਲ ਤੋਂ ਫੇਸਬੁੱਕ ਦੀ ਵਰਤੋਂ ਕਰ ਰਹੀਆਂ ਹਨ। ਪਰ ਏਥੇ ਏਹ ਗੱਲ ਵੀ ਸਾਹਮਣੇ ਆਈ ਹੈ ਕਿ ਭਾਰਤ 'ਚ ਮਰਦਾਂ ਦੇ ਮੁਕਾਬਲੇ ਸ਼ੋਸ਼ਲ ਮੀਡੀਆ ਦੀ ਜਿਆਦਾ ਵਰਤੋਂ ਕਰਨ ਵਾਲੀ ਔਰਤ ਸ਼ੋਸ਼ਲ ਮੀਡੀਆ ਦੀ ਵਰਤੋਂ ਦੇ ਮਾਮਲੇ ਤੇ ਆਜਾਦ ਨਹੀ ਲੱਗਦੀ। ਜੇਕਰ ਏਹ ਕਹਿ ਲਿਆ ਜਾਵੇ ਕਿ ਭਾਰਤ ਦੀ ਪੜੀ ਲਿਖੀ ਤੇ ਉੱਚ ਅਹੁਦਿਆਂ ਤੇ ਬਿਰਾਜਮਾਨ ਔਰਤ ਵੀ ਸ਼ੋਸ਼ਲ ਮੀਡੀਆ ਦੀ ਵਰਤੋਂ ਉਸ ਢੰਗ ਨਾਲ ਨਹੀ ਕਰ ਰਹੀ ਜਿਸ ਪ੍ਰਕਾਰ ਉਸ ਤੋਂ ਕਿਤੇ ਘੱਟ ਪੜਿਆ ਅਤੇ ਆਮ ਸਧਾਰਨ ਮਰਦ ਕਰ ਸਕਦਾ ਹੈ। ਇਸਨੂੰ ਝੁਠਲਾਉਣ ਦੀ ਬਜਾਏ ਆਧੁਨਿਕ ਸਮੇਂ ਵਿੱਚ ਔਰਤ ਦੀ ਅਜਾਦੀ ਤੇ ਇੱਕ ਸਵਾਲੀਆ ਨਿਸ਼ਾਨ ਹੀ ਮੰਨਿਆ ਜਾਵੇ ਤਾਂ ਠੀਕ ਹੈ। ਅੱਜ ਕਈ ਸਵਾਲ ਮਰਦ ਪ੍ਰਧਾਨ ਸਮਾਜ ਅਤੇ ਔਰਤ ਨੂੰ ਆਜਾਦ ਆਖਣ ਵਾਲੇ ਲੋਕਾਂ ਤੋਂ ਜਵਾਬ ਮੰਗ ਰਹੇ ਹਨ ਕਿ ਇੱਕ ਔਰਤ ਆਖਰ ਸ਼ੋਸ਼ਲ ਮੀਡੀਆ ਤੇ ਆਪਣੀ ਹੀ ਤਸ਼ਵੀਰ ਕਿਉਂ ਸਾਂਝੀ ਨਹੀ ਕਰ ਸਕਦੀ। ਜੇਕਰ ਮਰਦ ਸ਼ੋਸ਼ਲ ਮੀਡੀਆ ਤੇ ਅਪਣੀ ਤਸਵੀਰ ਪਾ ਕੇ ਏਹ ਪੁੱਛ ਸਕਦਾ ਹੈ ਕਿ ਉਹ ਕਿੰਨਾ ਸੋਹਣਾ ਹੈ ਤੇ ਕਿੰਨਾ ਜੱਚਦਾ ਹੈ ਤਾਂ ਔਰਤ ਤੋਂ ਏਹ ਅਧਿਕਾਰ ਕਿਉਂ ਖੋਹਿਆ ਜਾ ਰਿਹਾ ਹੈ। ਉਹ ਸ਼ੋਸ਼ਲ ਸਾਈਟ ਤੇ ਕਿਸੇ ਤਰਾਂ ਵੀ ਪੋਸਟ ਪਾਉਣ ਤੋਂ ਕਿਉਂ ਕਤਰਾਉਂਦੀ ਹੈ। ਘਰ ਦੇ ਕੰਮ ਕਾਰ ਤੋਂ ਥੱਕੀ ਟੁੱਟੀ ਜਾਂ ਦਿਨ ਭਰ ਤੇ ਦਫਤਰੀ ਬੋਝ ਤੋਂ ਸਤਾਈ ਏਹ ਔਰਤ ਜੇਕਰ ਦਿਮਾਗੀ ਰਾਹਤ ਲਈ ਕੁਝ ਸਮਾਂ ਸ਼ੋਸ਼ਲ ਮੀਡੀਆ ਨੂੰ ਦਿੰਦੀ ਹੈ ਤਾਂ ਉਸ ਦਾ ਅਪਣੇ ਘਰ ਵਾਲੇ ਸਮੇਤ ਹੋਰਾਂ ਵੱਲੋਂ ਕਿਉਂ ਵਿਰੋਧ ਕੀਤਾ ਜਾ ਰਿਹਾ ਹੈ। ਜੇਕਰ ਉਹ ਕਿਸੇ ਨਾਲ ਚੈਟਿੰਗ ਕਰਦੀ ਹੈ ਤਾਂ ਉਸ ਦੇ ਚੱਰਿਤਰ ਤੇ ਉਂਗਲ ਕਿਉਂ ਉੱਠ ਜਾਂਦੀ ਹੈ, ਜੇਕਰ ਔਰਤ ਫੇਸਬੁੱਕ ਤੇ ਕੋਈ ਮਿੱਤਰ ਬਣਾਉਂਦੀ ਹੈ ਤਾਂ ਮਰਦ ਉਸਨੂੰ ਗਲਤ ਸਮਝ ਕੇ ਬੁਰੇ ਕਾਮੇਂਟ ਕਰਦਾ ਹੈ। ਉਹ ਇਸ ਖੇਤਰ ਵਿੱਚ ਹੋ ਰਹੀ ਧੱਕੇਸ਼ਾਹੀ ਨਾਲ ਕਿਵੇਂ ਲੜੇ ? ਕਿਸ ਤੋਂ ਇਨਸਾਫ ਮੰਗੇ, ਕਿਸ ਅਦਾਲਤ ਦਾ ਦਰਵਾਜਾ ਖੜਕਾਵੇ ਜਿਥੋਂ ਉਸ ਨੂੰ ਅਪਣੇ ਅੰਦਰ ਦੇ ਡਰ ਅਤੇ ਬਾਹਰ ਦੇ ਸੈਤਾਨਾਂ ਨੂੰ ਖਤਮ ਕਰਨ ਦਾ ਬਲ ਮਿਲੇ, ਆਤਮ ਸ਼ਕਤੀ ਮਿਲੇ।

ਭਾਵੇਂ ਸੰਵਿਧਾਨ ਨਿਰਮਾਤਾ ਡਾ.ਭੀਮ ਰਾਓ ਅੰਬੇਡਕਰ ਨੇ ਔਰਤਾਂ ਦੇ ਹੱਕ ਤੇ ਅਧਿਕਾਰਾਂ ਲਈ ਸੰਘਰਸ਼ ਕੀਤਾ ਅਤੇ ਸੰਵਿਧਾਨ ਵਿਚ ਔਰਤਾਂ ਦੇ ਅਧਿਕਾਰਾਂ ਬਾਰੇ ਕਾਨੂੰਨ ਵੀ ਬਣਾਏ ਪਰ ਫਿਰ ਵੀ ਮਰਦ ਔਰਤ ਨੂੰ ਆਪਣੇ ਤੋਂ ਉਪਰ ਉਠਾਉਣ ਦੀ ਕੋਸ਼ਿਸ ਨਹੀਂ ਕਰ ਰਿਹਾ। ਉਹ ਉਸਨੂੰ ਆਪਣੇ ਫੈਸਲੇ ਖੁਦ ਲੈਣ ਦੇ ਵੀ ਅਧਿਕਾਰ ਨਹੀਂ ਦੇ ਰਿਹਾ। "ਅੱਜ ਵੀ ਔਰਤ ਗੁਲਾਮ ਹੈ ?" ਮੈਨੂੰ ਵਾਰ ਵਾਰ ਏਹ ਗੱਲ ਸਤਾ ਰਹੀ ਹੈ।ਕਈ ਮਰਦ ਤੇ ਔਰਤਾਂ ਮੇਰੇ ਉਪਰੋਕਤ ਸਵਾਲਾਂ ਤੇ ਬਵਾਲ ਜਰੂਰ ਖੜਾ ਕਰਨਗੇ। ਮੈਨੂੰ ਸਵਾਲ ਕਰਨਗੇ ਕਿ ਤੁਹਾਨੂੰ ਕੌਣ ਰੋਕ ਰਿਹਾ ਹੈ ਸ਼ੋਸ਼ਲ ਮੀਡੀਆ ਤੇ ਆਪਣੀ ਹੀ ਤਸਵੀਰ ਜਾਂ ਕੋਈ ਕੋਈ ਪੋਸਟ ਪਾਉਣ ਤੋਂ। ਅਸੀ ਤਾਂ ਪਾਉਂਦੇ ਹਾਂ ਤੁਸੀਂ ਵੀ ਪਾਓ, ਅੱਜ ਔਰਤ ਗੁਲਾਮ ਨਹੀ ਅਜਾਦ ਹੈ। ਪਰ ਮੇਰੇ ਮੰਨ ਅੰਦਰ ਬੈਠੀਆਂ ਲੱਖਾਂ ਔਰਤਾਂ ਕਹਿ ਰਹੀਆਂ ਹਨ ਕਿ ਜੇਕਰ ਆਪਣੀ ਤਸਵੀਰ ਪਾ ਦਿੱਤੀ ਅਤੇ ਉਸ ਉੱਤੇ ਮਾੜੀ ਸੋਚ ਰੱਖਣ ਵਾਲੇ ਲੋਕਾਂ ਦੀ ਮਾੜੀ ਪ੍ਰਤੀਕਿਰਿਆ ਆ ਗਈ ਤਾਂ ਮੈਂ,,,,,,!

ਕਹਿਣ ਨੂੰ ਹੀ ਹੈ ਕਿ ਔਰਤਾਂ ਗੁਲਾਮ ਨਹੀਂ ਹਨ ਪਰ ਜੇ ਅਸੀਂ ਡੂੰਘਾਈ ਨਾਲ ਨਜ਼ਰ ਮਾਰੀਏ ਤਾਂ ਔਰਤਾਂ ਅਜੇ ਵੀ ਗੁਲਾਮ ਹਨ। ਚਾਹੇ ਅੱਜ ਦੀ ਔਰਤ ਜਿੰਨੀ ਵੀ ਮਰਜ਼ੀ ਉੱਚੀ ਪਦਵੀ ਤੇ ਪਹੁੰਚ ਗਈ, ਮੰਜ਼ਿਲਾਂ ਸਰ ਕਰਦੀ ਹੋਈ ਆਈ ਏ ਐਸ, ਆਈ ਪੀ ਐਸ, ਡਾਕਟਰ, ਇੰਜਨੀਅਰ, ਵਕੀਲ ਤੇ ਲੀਡਰ ਬਣ ਗਈ। ਫਿਰ ਵੀ ਉਹ ਗੁਲਾਮ ਜਿਹੀ ਹੀ ਜਾਪਦੀ ਹੈ। ਇਹ ਗੁਲਾਮੀ ਦੀਆਂ ਜ਼ੰਜੀਰਾਂ ਇਸ ਵਾਰ ਮਰਦਾਂ ਨੇ ਘੱਟ ਬਲਕਿ ਉਸਦੀ ਆਪਣੀ ਸੋਚ ਨੇ ਵੀ ਪਾ ਦਿੱਤੀਆਂ ਹਨ, ਸਮਾਜਿਕ ਕਦਰਾਂ ਕੀਮਤਾਂ, ਸੰਸਕਾਰਾਂ ਤੇ ਸਾਡੇ ਸੱਭਿਆਚਾਰਕ ਤਾਣੇ ਬਾਣੇ ਨੇ ਪਾ ਦਿੱਤੀਆਂ ਹਨ। ਸ਼ੋਸ਼ਲ ਨੈਟਵਰਕਿੰਗ ਦੀਆਂ ਵੈਬਸਾਈਟਾਂ ਤੇ ਤਸਵੀਰਾਂ ਨਾਲ ਛੇੜਛਾੜ, ਭੱਦੀਆਂ ਫਿਲਮਾਂ, ਅਸ਼ਲੀਲ ਚੈਟਿੰਗ ਵਗੈਰਾ ਦੇ ਜ਼ਰੀਏ ਮਹਿਲਾਵਾਂ ਨੂੰ ਤੰਗ ਕਰਨ ਦੇ ਮਾਮਲੇ ਆਉਂਦੇ ਰਹਿੰਦੇ ਹਨ। ਅਸ਼ਲੀਲ ਮੈਸੇਜ ਭੇਜਣਾ, ਪ੍ਰੇਸ਼ਾਨ ਕਰਨਾ, ਬਦਨਾਮ ਕਰਨਾ ਅਪਰਾਧ ਹੈ ਜਿਸਦੇ ਲਈ ਕਾਨੂੰਨ 2009 ਦੀ ਧਾਰਾ 66(ਏ) ਦੇ ਤਹਿਤ ਸਜ਼ਾ ਮੁਕਰੱਰ ਹੁੰਦੀ ਹੈ। ਦੋਸ਼ੀ ਨੂੰ ਤਿੰਨ ਸਾਲ ਦੀ ਸਜ਼ਾ ਅਤੇ ਜੁਰਮਾਨਾ ਵੀ ਹੋ ਸਕਦਾ ਹੈ। ਕਈ ਮਰਦ ਟਾਈਮ ਪਾਸ ਕਰਨ ਜਾਂ ਭੱਦੀ ਚੈਟਿੰਗ ਕਰਨ ਲਈ ਔਰਤਾਂ ਨੂੰ ਵਾਰ ਵਾਰ ਫਰੈਂਡ ਰਿਕੁਏਸਟ ਭੇਜਦੇ ਹਨ ਜਦਕਿ ਨਵੇਂ ਨਿਯਮਾਂ ਮੁਤਾਬਕ ਔਰਤ ਨੂੰ ਬਾਰ ਬਾਰ ਫਰੈਂਡਜ਼ ਰਿਕੁਏਸਟ ਭੇਜਣਾ ਇਕ ਅਪਰਾਧ ਮੰਨਿਆ ਗਿਆ ਹੈ। ਲੋੜ ਪੈਣ ਤੇ ਔਰਤ ਨੂੰ ਇਸ ਨਿਯਮ ਦੀ ਵਰਤੋਂ ਵੀ ਸੈਤਾਨਾਂ ਨੂੰ ਸੁਧਾਰਨ ਲਈ ਕਰ ਲੈਣੀ ਚਾਹੀਦੀ ਹੈ।

ਦੇਸ਼ ਦੀ ਕੁੱਲ 1 ਅਰਬ 34 ਕਰੋੜ 96 ਲੱਖ 18 ਹਜਾਰ 623 ਅਬਾਦੀ 'ਚ 65 ਕਰੋੜ 26 ਲੱਖ 75 ਹਜਾਰ 566 ਔਰਤਾਂ ਹਨ ਜਿਸਦੀ ਰੇਸ਼ੋ 1000 ਮਰਦ ਪਿਛੇ 945 ਹੈ। ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ ਕਿ ਕੁੱਲ ਅਬਾਦੀ ਦਾ 24 ਫੀਸਦੀ ਔਰਤਾਂ ਸ਼ੋਸ਼ਲ ਮੀਡੀਆ ਨਾਲ ਜੁੜੀਆਂ ਹੋਈਆਂ ਹਨ ਜੇਕਰ ਉਨਾਂ ਨੂੰ ਉਪਰੋਕਤ ਸਮੱਸਿਆਵਾਂ ਆ ਰਹੀਆਂ ਹਨ ਤਾਂ ਏਹ ਭਾਰਤ ਵਰਗੇ ਵੱਡੇ ਲੋਕਤੰਤਰ ਦੇਸ਼ ਲਈ ਚੰਗੀ ਗੱਲ ਨਹੀ ਕਹੀ ਜਾ ਸਕਦੀ। ਜਿਸ ਵਿੱਚ ਸੁਧਾਰ ਲਿਆਉਣ ਅਤੇ ਔਰਤਾਂ ਨੂੰ ਅੰਦਰੋਂ ਮਜਬੂਤ ਕਰਨ ਲਈ ਉਨਾਂ ਦੇ ਪਰਿਵਾਰਾਂ ਅਤੇ ਦੇਸ਼ ਦੀ ਸਰਕਾਰ ਨੂੰ ਹੋਰ ਠੋਸ ਕਦਮ ਚੁੱਕਣ ਦੀ ਜਰੂਰਤ ਹੈ ਤਾਂ ਕਿ ਵਿਦੇਸ਼ਾਂ ਵਾਂਗ ਭਾਰਤੀ ਨਾਰੀ ਵੀ ਹਰ ਪ੍ਰਕਾਰ ਦੀ ਆਜਾਦੀ ਦਾ ਨਿੱਘ ਮਾਣ ਸਮੇਂ ਦੀ ਹਾਣੀ ਬਣ ਸਕੇ।

**ਜਰਨਲਿਸਟ ਗੁਰਿੰਦਰ ਕੌਰ ਮਹਿਦੂਦਾਂ**
**ਐਮ ਏ ਜਰਨਲਿਜਮ ਐਂਡ ਮਾਸ਼ ਕਮਿਊਨੀਕੇਸ਼ਨ**
**ਪੰਜਾਬੀ ਯੂਨੀਵਰਸਿਟੀ ਪਟਿਆਲਾ।**

# ਵੀਹ ਹਜ਼ਾਰ ਡਾਲਰ ਵਿਚ ਪਈ ਬੁਰੀ ਨਜ਼ਰ

ਪ੍ਰਿੰ: ਗੁਰਬਚਨ ਸਿੰਘ ਪੰਨਵਾਂ
ਥਾਈਲੈਂਡ

ਵਾਰਸ਼ ਸ਼ਾਹ ਨਾ ਆਦਤਾਂ ਜਾਂਦੀਆਂ ਨੇ ਭਾਂਵੇਂ ਕੱਟੀਆ ਪੋਰੀਆ ਪੋਰੀਆ ਜੀ। ਅੱਜ ਦੁਨੀਆਂ ਚੰਦਰਮਾ ਤੇ ਕਲੋਨੀਆਂ ਕੱਟਣ ਦੀਆਂ ਤਿਆਰੀਆਂ ਕਰ ਰਹੀ ਹੈ ਪਰ ਅਸੀਂ ਬਾਹਰਲੇ ਵਿਕਸਤ ਮੁਲਕਾਂ ਵਿੱਚ ਜਾ ਕੇ ਵੀ ਆਪਣੀਆਂ ਕਰਮਕਾਂਡੀ ਆਦਤਾਂ ਛੱਡਣ ਲਈ ਤਿਆਰ ਨਹੀਂ ਹਾਂ। ਇਸ ਵਿੱਚ ਆਮ ਲੋਕਾਂ ਦਾ ਬਹੁਤਾ ਕਸੂਰ ਨਹੀਂ ਸਮਝਿਆ ਜਾਣਾ ਚਾਹੀਦਾ ਕਿਉਂਕਿ ਪੜ੍ਹ ਲਿਖੇ, ਬੁੱਧੀ ਜੀਵੀਏ, ਵਪਾਰੀ, ਕਿਰਸਾਨ, ਨੇਤਾਜਨ ਤੇ ਵੱਡੇ ਵੱਡੇ ਅਧਿਕਾਰੀ ਵੀ ਵਹਿਮ ਦੇ ਸ਼ਿਕਾਰ ਹੁੰਦੇ ਹਨ। ਬਾਹਰਲੇ ਮੁਲਕਾਂ ਵਿੱਚ ਜੋ ਵਿਦਵਾਨ ਲੋਕ ਪੰਜਾਬੀ ਦੀਆਂ ਅਖਬਾਰਾਂ ਕੱਢਦੇ ਹਨ ਤੇ ਉਹਨਾਂ ਬਹੁਤੀਆਂ ਅਖਬਾਰਾਂ ਵਿੱਚ ਸੜ੍ਹਾਈ ਸੜ੍ਹਾਈ ਮਸ਼ਹੂਰੀਆਂ ਜੋਤਸ਼ੀਆਂ ਦੀਆਂ ਹੀ ਲੱਗੀਆਂ ਹੁੰਦੀਆਂ ਹਨ। ਜਨ ਸਧਾਰਨ ਮਨੁੱਖ ਦੀ ਤਾਂ ਗੱਲ ਛੱਡੋ ਕਈ ਪੜ੍ਹੇ ਲਿਖੇ ਲੋਕ ਵੀ ਇਹਨਾਂ ਮਸ਼ਹੂਰੀਆਂ ਨੂੰ ਪੜ੍ਹ ਕੇ ਇੱਕ ਵਾਰ ਸੋਚਣ ਲਈ ਮਜ਼ਬੂਰ ਹੋ ਜਾਂਦੇ ਹਨ ਕਿ ਸ਼ਾਇਦ ਵਾਕਿਆ ਹੀ ਜੋਤਸ਼ ਵਿੱਚ ਕੋਈ ਤਾਕਤ ਹੰਦੀ ਹੈ? ਇਹਨਾਂ ਜੋਤਸ਼ ਦੀਆਂ ਮਸ਼ਹੂਰੀਆਂ ਵਿੱਚ ਲਿਖਿਆ ਹੁੰਦਾ ਹੈ ਕਿ ਕਿਸੇ ਦੀ ਪ੍ਰੇਮਿਕਾ ਭੱਜ ਗਈ ਹੋਵੇ ਜਾਂ ਕਿਸੇ ਦਾ ਪ੍ਰੇਮੀ ਰੁੱਸ ਗਿਆ ਹੋਵੇ ਸਾਡੇ ਕੋਲ ਆਓ ਅਸੀਂ ਚੌਹ ਦਿਨਾਂ ਦੇ ਵਿੱਚ ਹੀ ਮਿਲਾ ਸਕਦੇ ਹਾਂ। ਕਿਸੇ ਬੱਚੇ ਬੱਚੀ ਦੇ ਵਿਆਹ ਵਿੱਚ ਰੁਕਾਵਟਾਂ ਖੜੀਆਂ ਹੋਈਆਂ ਹੋਣ ਉਹ ਅਸੀਂ ਮਿੰਟਾਂ ਸੈਕਿੰਟਾਂ ਵਿੱਚ ਹਟਾ ਸਕਦੇ ਹਾਂ। ਜੋਤਸ਼ ਦੀਆਂ ਮਸ਼ਹੂਰੀਆਂ ਵਿੱਚ ਤਾਂ ਏੱਥੋਂ ਤੀਕ ਵੀ ਦਾਅਵਾ ਕੀਤਾ ਹੁੰਦਾ ਹੈ ਕਿ ਜਿੰਨ੍ਹਾਂ ਦੇ ਵੀਜ਼ੇ ਨਹੀਂ ਲੱਗਦੇ ਹਨ ਜੇ ਸਾਡੇ ਦੱਸੇ ਹੋਏ ਉਪਾਅ ਕਰ ਲੈਣ ਤਾਂ ਉਹਨਾਂ ਦੇ ਵੀਜ਼ੇ ਲੱਗ ਸਕਦੇ ਹਨ। ਜਨੀ ਕਿ ਜੰਮਣ ਤੋਂ ਲੈ ਕੇ ਮਰਣ ਤੀਕ ਮਨੁੱਖੀ ਜ਼ਿੰਦਗੀ ਵਿੱਚ ਜਿੰਨੀਆਂ ਵੀ ਉਲ਼ਝਣਾਂ ਆਉਂਦੀਆਂ ਹਨ ਉਹਨਾਂ ਸਾਰੀਆਂ ਉਲਝਣਾਂ ਦਾ ਇਲਾਜ ਇਹ ਜੋਤਸ਼ੀ ਕਹਿੰਦੇ ਹਨ ਕਿ ਸਾਡੇ ਪਾਸ ਹੁੰਦਾ ਹੈ ਕਿਉਂਕਿ ਸਾਨੂੰ ਕਾਲ਼ੇ ਇਲਮ ਦੀ ਜਾਣਕਾਰੀ ਹੈ। ਇਹਨਾਂ ਦਾ ਦਾਅਵਾ ਹੁੰਦਾ ਹੈ ਕਿ ਕਾਲੇ ਇਲਮ ਨੂੰ ਦੁਆਰਾ ਗੈਬੀ ਸ਼ਕਤੀਆਂ ਨੂੰ ਅਸੀਂ ਆਪਣੇ ਵੱਸ ਵਿੱਚ ਕੀਤਾ ਹੋਇਆ ਹੈ ਇਸ ਲਈ ਹਰ ਵਿਗੜਿਆ ਤਿਗੜਿਆ ਕੰਮ ਅਸੀਂ ਸਹੀ ਕਰਨ ਦੇ ਸਮਰੱਥ ਹਾਂ। ਆਪਣੀ ਮਸ਼ਹੂਰੀ ਵਧਾਉਣ ਲਈ ਅਖਬਾਰ 'ਤੇ ਕੁੱਝ ਅਜੇਹੇ ਨਾਂ ਤੇ ਉਹਨਾਂ ਦੀਆਂ ਫੋਟੋਆਂ ਦਿੱਤੀਆਂ ਹੁੰਦੀਆਂ ਹਨ ਕਿ ਇਹਨਾਂ ਦੀਆਂ ਸਾਰੀਆਂ ਆਈਆਂ ਹੋਈਆਂ ਮੁਸ਼ਕਲਾਂ ਹੱਲ ਹੋ ਗਈਆਂ ਹਨ। ਮੁਕਦੀ ਗੱਲ ਇਹ ਜੋਤਸ਼ੀ ਖੁਲ੍ਹੇ ਆਮ ਕਹਿੰਦੇ ਹਨ ਕਿ ਹਰ ਵਿਗੜੇ ਕੰਮ ਨੂੰ ਅਸੀਂ ਸਵਾਰਨ ਦੀ ਸਮਰੱਥਾ ਰੱਖਦੇ ਹਾਂ।

ਸਿਤਮ ਜ਼ਰੀਫੀ ਦੀ ਗੱਲ ਦੇਖੋ ਬਾਹਰਲੇ ਮੁਲਕਾਂ ਵਿੱਚ ਇਹ ਸਾਰੀਆਂ ਅਖਬਾਰਾਂ ਸਾਡਿਆਂ ਗੁਰਦੁਆਰਿਆਂ ਵਿਚੋਂ ਮਿਲਦੀਆਂ ਹਨ। ਸਾਰਾ ਸਾਰਾ ਹਫਤਾ ਏੱਥੇ ਅਖਬਾਰਾਂ ਪਈਆਂ ਰਹਿੰਦੀਆਂ ਹਨ। ਜੋਤਸ਼ ਦੀਆਂ ਮਸ਼ਹੂਰੀਆਂ ਪੰਡਤ ਤੇ ਮੁਸਲਮਾਨਾਂ ਭਰਾਵਾਂ ਵਲੋਂ ਹੁੰਦੀਆਂ ਹਨ ਪਰ ਗਾਹਕ ਸਾਰੇ ਸਿੱਖ ਹੁੰਦੇ ਹਨ। ਨਜ਼ਰ ਦਾ ਲੱਗ ਜਾਣਾ ਜਾਂ ਨਜ਼ਰ ਉਤਾਰਨੀ, ਕਿਸੇ ਦਾ ਕੰਮ ਬੱਧਾ ਹੋਣਾ ਜਾਂ ਕਿਸੇ ਕੀਤਾ ਕਰਾਇਆ ਹੋਣਾ ਇਹ ਦਾਹਵੇ ਨਾਲ ਕਹਿੰਦੇ ਹਨ ਸਾਰਾ ਕੁੱਝ ਠੀਕ ਹੋ ਸਕਦਾ ਹੈ ਕੇਵਲ ਇੱਕ ਵਾਰੀ ਗੱਲ ਸਾਡੇ ਨਾਲ ਕਰੋ। ਜੇ ਤੁਸੀਂ ਆ ਨਹੀਂ ਸਕਦੇ ਤਾਂ ਇਹ ਕਹਿੰਦੇ ਹਨ ਕਿ ਟੈਲੀਫੂਨ ਰਾਂਹੀਂ ਵੀ ਅਸੀਂ ਸਮੱਸਿਆ ਦਾ ਹੱਲ ਕਰ ਸਕਦੇ ਹਾਂ। ਏਦਾਂ ਕਹੀਏ ਇਹਨਾਂ ਜੋਤਸ਼ੀਆਂ ਨੇ ਲੋਕਾਂ ਨੂੰ ਡਰਾ ਹੀ ਏਨ੍ਹਾ ਦਿੱਤਾ ਹੋਇਆ ਹੈ ਕਿ ਲੋਕ ਆਪਣੇ ਆਪ ਹੀ ਇਸ ਪਾਸੇ ਨੂੰ ਤੁਰੇ ਜਾ ਰਹੇ ਹਨ।

ਭਾਂਵੇਂ ਪੰਜਾਬੀ ਵਿਕਸਤ ਮੁਲਕਾਂ ਵਿੱਚ ਜਾ ਵੱਸੇ ਹਨ ਪਰ ਭਰਮ ਵਹਿਮ ਵਰਗੀਆਂ ਬਿਮਾਰੀਆਂ ਦੇ ਕਿਰਮ ਨਾਲ ਹੀ ਚੁੱਕੀ ਫਿਰਦੇ ਹਨ। ਖਾਸ ਤੌਰ 'ਤੇ ਵਪਾਰੀ ਬੰਦਾ ਤਾਂ ਬਿਲਕੁਲ ਹੀ ਨਹੀਂ ਬਚਿਆ ਹੋਇਆ ਹੈ। ਦੁਕਾਨਾਂ ਦੇ ਅੱਗੇ ਮਿਰਚਾਂ ਨਿੰਬੂਆਂ ਦਾ ਟੰਗਣਾ, ਮੂਰਤੀਆਂ ਦੀ ਧੂਪ ਬੱਤੀ ਕਰਨੀ, ਵੱਗਦੇ ਪਾਣੀਆਂ ਵਿੱਚ ਨਿੱਕ ਸੁਕ ਸੁਟਣਾ ਆਦਿ ਸਾਰੇ ਕੰਮ ਜੋਤਸ਼ੀ ਪੰਡਤਾਂ ਦੇ ਕਹੇ 'ਤੇ ਕਰ ਰਹੇ ਹਨ। ਮਕਾਨ ਨਵਾਂ ਬਣਾਇਆ ਜਾਂਦਾ ਹੈ ਤਾਂ ਉਸ ਤੇ ਨਜ਼ਰ ਪੱਟੂ ਲਗਾਉਣਾ ਕਿ ਕਿਸੇ ਦੀ ਨਜ਼ਰ ਨਾ ਲਗ ਜਾਏ। ਸਮਝਿਆ ਜਾਂਦਾ ਹੈ ਕਿ ਜੇ ਕਿਸੇ ਦੀ ਨਜ਼ਰ ਲੱਗ ਗਈ ਤਾਂ ਬਣਿਆ ਹੋਇਆ ਮਕਾਨ ਡਿੱਗ ਵੀ ਸਕਦਾ ਹੈ। ਕਈਆਂ ਨੇ ਨਜ਼ਰ ਪੱਟੂ ਬਾਹਰ ਨਹੀਂ ਲਗਾਇਆ ਹੁੰਦਾ ਕਿਉਂਕਿ ਸ਼ਹਿਰ ਦੇ ਸਰਕਾਰੀ ਮਹਿਕਮੇ ਵਾਲੇ ਪੁੱਛ ਸਕਦੇ ਹਨ ਕਿ ਆ ਤੁਸਾਂ ਕੀ ਟੰਗਿਆ ਹੋਇਆ ਹੈ, ਇਸ ਲਈ ਉਹ ਵਿਚਾਰੇ ਆਪਣਿਆਂ ਕਮਰਿਆਂ ਵਿੱਚ ਨਜ਼ਰ ਪੱਟੂ ਲਗਾ ਕੇ ਆਪਣੇ ਮਨ ਨੂੰ ਧਰਵਾਸ ਦੇ ਲੈਂਦੇ ਹਨ ਕਿ ਸ਼ਾਇਦ ਹੁਣ ਸਾਡਾ ਘਰ ਬੁਰੀ ਨਜ਼ਰ ਤੋਂ ਬਚ ਜਾਏਗਾ।

ਪੰਜਾਬ ਹੀ ਨਹੀਂ ਸਗੋਂ ਸਾਰੇ ਭਾਰਤ ਵਿੱਚ ਜਦੋਂ ਵੀ ਕੋਈ ਨਵੀਂ ਕਾਰ, ਸਕੂਟਰ ਤੇ ਗੱਡੀ ਆਦਿ ਲੈਂਦਾ ਹੈ ਓਦੋਂ ਉਹ ਕਾਲੇ ਰੰਗ ਦੀ ਪਰਾਂਦੀ ਜਾਂ ਕਾਲ਼ੇ ਰੰਗ ਦਾ ਰੇਬਨ ਬੰਨ ਦੇਂਦਾ ਹੈ। ਕਈ ਤਾਂ ਬੁਰੀ ਨਜ਼ਰ ਤੋਂ ਏਨੇ ਡਰੇ ਹੁੰਦੇ ਹਨ ਕਿ ਉਹ ਸਾਰੀਆਂ ਹੱਦਾਂ ਪਾਰ ਕਰਦਿਆਂ ਨਵੇਂ ਨਕੋਰ ਟਰੱਕਾਂ ਕਾਰਾਂ ਨਾਲ ਜੁੱਤੀ ਦਾ ਛਿੱਤਰ ਬੰਨ੍ਹ ਕੇ ਬੁਰੀ ਨਜ਼ਰ ਤੋਂ ਬਚਣ ਦਾ ਹਰ ਹੀਲਾ ਵਰਤਦੇ ਦਿਖਾਈ ਦੇਂਦੇ ਹਨ। ਕਈ ਮਾਈਆਂ ਨਵ ਜੰਮੇ ਮੁੰਡੇ ਦੇ ਮੱਥੇ 'ਤੇ ਕਾਲੇ ਰੰਗ ਦਾ ਨਿਸ਼ਾਨ ਲਗਾ ਦੇਂਦੀਆਂ ਹਨ ਅੱਖੇ ਇਸ ਨੂੰ ਨਜ਼ਰ ਨਹੀਂ ਲੱਗੇਗੀ। ਕਈ ਥਾਈਂ ਲੜਾਈਆਂ ਵੀ ਹੁੰਦੀਆਂ ਦੇਖੀਆਂ ਗਈਆਂ ਹਨ ਕਿ ਇਸ ਨੇ ਸਾਡੇ ਕਾਕੇ ਨੂੰ ਨਜ਼ਰ ਲਗਾ ਦਿੱਤੀ ਹੈ। ਬਹੁਤੀਆਂ ਮਾਈਆਂ ਨਿਆਣਿਆਂ ਦੇ ਸਿਰ ਉੱਤੋਂ ਦੀ ਰਾਤ ਨੂੰ ਸੌਣ ਤੋਂ ਪਹਿਲਾਂ ਲਾਲ ਮਿਰਚਾਂ ਵਾਰ ਕੇ ਚੁੱਲੇ ਵਿੱਚ ਸੁੱਟ ਦੀਆਂ ਹਨ। ਅੱਖੇ ਇੰਜ ਕਰਨ ਨਾਲ ਸਾਡੇ ਕਾਕੇ ਨੂੰ ਲੱਗੀ ਹੋਈ ਨਜ਼ਰ ਉੱਤਰ ਜਾਂਦੀ ਹੈ। ਸ਼ਹਿਰਾਂ ਵਿੱਚ ਬਹੁਤੀਆਂ ਮਾਈਆਂ ਬਾਲਟਿਆਂ ਵਿੱਚ ਅੱਗ ਬਾਲ਼ ਕੇ ਮਿਰਚਾਂ ਸੁੱਟੀਆਂ ਦੀਆਂ ਹਨ ਤਾਂ ਕੇ ਸਾਡੇ ਬੁਬੂ ਦੀ ਨਜ਼ਰ ਉੱਤਰ ਜਾ ?ਗੀ।

ਹਲਵਾਈ ਬਰਫੀ ਬਣਾਉਣ ਸਮੇਂ ਦੁੱਧ ਵਿੱਚ ਛੋਟਾ ਜੇਹਾ ਕੋਲ਼ੇ ਦਾ ਪੀਸ ਸੁੱਟ ਦੇਂਦਾ ਹੈ ਅੱਖੇ ਕਿਸੇ ਗਾਹਕ ਦੀ ਨਜ਼ਰ ਨਹੀਂ ਲੱਗੇਗੀ। ਇਹ ਇੱਕ ਆਮ ਹੀ ਗੱਲ ਬਣ ਗਈ ਹੈ ਕਿ ਸਾਡੇ ਬਣਿਆ ਹੋਇਆ ਕੰਮ ਕਿਸੇ ਪਾਸੋਂ ਦੇਖਿਆ ਨਹੀਂ ਜਾਂਦਾ ਉਸ ਨੇ ਮਾੜੀ ਨਜ਼ਰ ਨਾਲ ਦੇਖਿਆ ਗਿਆ ਤਾਂ ਸਾਡਾ ਨੁਕਸਾਨ ਹੋ ਗਿਆ ਹੈ। ਸਾਡਿਆਂ ਪਿੰਡਾਂ ਵਿੱਚ ਜਦੋਂ ਮੱਝ ਜਾਂ ਗਊ ਸੂਣ ਵਾਲੀ ਹੁੰਦੀ ਸੀ ਤਾਂ ਉਸ ਦੇ ਗੱਲ਼ ਵਿੱਚ ਟੁੱਟਾ ਛਿੱਤਰ ਪਾਇਆ ਹੁੰਦਾ ਸੀ ਕਿ ਕਿਸੇ ਦੀ ਨਜ਼ਰ ਨਾ ਲੱਗ ਜਾਏ। ਅਚਾਨਕ ਨਿਆਣਾ ਬਿਮਾਰ ਹੋ ਗਿਆ ਤਾਂ ਪਿੰਡਾਂ ਵਿੱਚ ਕਈ ਮਾਈਆਂ ਦੀ ਸ਼ਾਮਤ ਆ ਜਾਂਦੀ ਸੀ ਕਿ ਇਸ ਨੇ ਸਾਡਾ ਮੁੰਡਾ ਚੁੱਕਿਆ ਸੀ ਤਾਂ ਹੀ ਇਹ ਓਦੋਂ ਦਾ ਰੋਈ ਜਾ ਰਿਹਾ ਹੈ। ਪਤਾ ਨਹੀਂ ਇਸ ਨੇ ਇਸ ਨੂੰ ਕੀ ਕਰ ਦਿੱਤਾ ਹੈ। ਪੰਜਾਬ ਹੀ ਨਹੀਂ ਸਗੋਂ ਸਾਰੇ ਭਾਰਤ ਵਿੱਚ ਕਰੋੜ ਰੁਪਇਆ ਲਗਾਉਣ ਉਪਰੰਤ ਵਧੀਆ ਮਕਾਨ 'ਤੇ ਨਜ਼ਰ ਪੱਟੂ ਮੁੱਲ ਲਿਆ ਕੇ ਬਨੇਰੇ 'ਤੇ ਰੱਖਿਆ ਹੁੰਦਾ ਹੈ। ਕਈਆਂ ਦੇ ਨਜ਼ਰ ਪੱਟੂ ਮੂੰਹ ਵਿੱਚ ਜ਼ਬਾਨ ਬਾਹਰ ਲਮਕਾਉਂਦੇ ਹੋਏ ਵੀ ਦਿਸਦੇ ਹਨ। ਨਜ਼ਰ ਦਾ ਪਤਾ ਨਹੀਂ ਲੱਗਣੀ ਹੈ ਜਾਂ ਨਹੀਂ ਲੱਗਣੀ ਜਾਂ ਇਸ ਨਜ਼ਰ ਪੱਟੂ ਨਾਲ ਉਤਰਨੀ ਹੈ ਜਾਂ ਨਹੀਂ ਉਤਰਨੀ ਪਰ ਇੱਕ ਗੱਲ ਜ਼ਰੂਰ ਹੈ ਕਿ ਜ਼ਬਾਨ ਬਾਹਰ ਕੱਢੀ ਇਹ ਪ੍ਰਤੀਕ ਦੇ ਰਿਹਾ ਹੈ ਕਿ ਭਰਾਓ ਮਕਾਨ ਬਣਾਉਂਦਿਆਂ ਬਣਾਉਂਦਿਆਂ ਮੇਰੀ ਜ਼ਬਾਨ ਬਾਹਰ ਆ ਗਈ ਹੈ ਤੁਸੀਂ ਜ਼ਰੂਰ ਸੋਚ ਸਮਝ ਕੇ ਬਣਾਇਆ ਜੇ। ਅਜੇਹੀਆਂ ਬਿਮਾਰੀਆਂ ਅਸੀਂ ਬਾਹਰਲੇ ਮੁਲਕਾਂ ਵਿੱਚ ਵੀ ਚੁੱਕੀ ਫਿਰਦੇ ਹਾਂ। ਨਜ਼ਰ ਲੱਗਣ ਦੀ ਜੱਗੋਂ ਤੇਰ੍ਹਵੀਂ ਕਨੇਡਾ ਦੇ ਵਿਨੀਪੈਗ ਸ਼ਹਿਰ ਵਿਖੇ ਵਾਪਰੀ ਘਟਨਾ ਮੈਨੂੰ ਸਿੰਘ ਸਭਾ ਕਨੇਡਾ ਦੇ ਵੀਰਾਂ ਨੇ ਸੁਣਾਈ ਸੀ। ਉਹਨਾਂ ਨੇ ਦੱਸਿਆ ਵਿਨੀਪੈਗ ਆਏ ਇੱਕ ਵੀਰ ਵਲੋਂ ਆਪਣੀ ਟੈਕਸੀ ਦੇ ਮਗਰ ਡਿੱਗੀ ਦੇ ਥੱਲੇ ਕਰਕੇ ਇੱਕ ਛਿੱਤਰ ਬੱਧਾ ਹਿ?ਆ ਸੀ ਕਿ ਕਿਤੇ ਮੇਰੇ ਕਾਰੋਬਾਰ ਨੂੰ ਨਜ਼ਰ ਨਾ ਲੱਗ ਜਾਏ। ਉਸ ਦਾ ਖਿਆਲ ਸੀ ਕਿ ਛਿੱਤਰ ਬੰਨਣ ਨਾਲ ਮੇਰੇ ਨਾਲ ਕੋਈ ਦੁਰਘਟਨਾ ਨਹੀਂ ਵਾਪਰੇਗੀ ਤੇ ਸਵਾਰੀਆਂ ਵੀ ਵੱਧ ਆਉਣਗੀਆਂ। ਹੋਇਆ ਇਹ ਕਿ ਅਚਾਨਕ ਗੱਡੀ ਦਾ ਐਕਸੀਡੈਂਟ ਹੋ ਗਿਆ। ਜਨੀ ਕਿ ਇਸ ਦੀ ਗੱਡੀ ਫੁੱਟਪਾਥ ਨਾਲ ਟਕਰਾ ਕੇ ਹਾਦਸਾਗ੍ਰਸੱਤ ਹੋ ਗਈ। ਹੁਣ ਇਸ ਨੇ ਆਪਣੀ ਗੱਡੀ ਠੀਕ ਕਰਾਉਣ ਸੀ। ਇਹ ਵੀਰ ਆਪਣੀ ਗੱਡੀ ਨੂੰ ਵਰਕਸ਼ਾਪ ਵਿੱਚ ਲੈ ਗਿਆ ਜੋ ਇੱਕ ਗੋਰੇ ਦੀ ਸੀ। ਜਦ ਗੋਰਾ ਮਕੈਨਿਕ ਕੰਮ ਸ਼ੁਰੂ ਕਰਨ ਲੱਗਿਆ ਕਿ ਤਾਂ ਉਸ ਨੇ ਦੇਖਿਆ ਕਿ ਇਸ ਦੀ ਗੱਡੀ ਨਾਲ ਛਿੱਤਰ ਅੜਿਆ ਹੋਇਆ ਹੈ। ਇਹ ਉਸ ਦੀ ਸਮਝ ਵਿੱਚ ਨਹੀਂ ਆ ਰਿਹਾ ਸੀ ਕਿ ਇਹ ਛਿੱਤਰ ਇਸ ਨੇ ਆਪ ਟੰਗਿਆ ਹੋਇਗਾ? ਗੋਰੇ ਮਕੈਨਿਕ ਨੇ ਇਹ ਸਮਝ ਲਿਆ ਕਿ ਇਸ ਡਰਾਇਵਰ ਕੋਲੋਂ ਜ਼ਰੂਰ ਕੋਈ ਵੱਡੀ ਦੁਰਘਟਨਾ ਵਾਪਰ ਗਈ ਹੈ ਜੋ ਇਸ ਨੇ ਲੁਕਾ ਕੇ ਰੱਖੀ ਹੋਏਗੀ, ਜ਼ਰੂਰ ਕੋਈ ਬੰਦਾ ਇਸ ਦੀ ਗੱਡੀ ਥੱਲੇ ਆ ਕੇ ਮਰ ਗਿਆ ਹੋਵੇਗਾ ਤੇ ਉਸ ਬੰਦੇ ਦੀ ਜੁੱਤੀ ਦਾ ਛਿੱਤਰ ਇਸ ਦੀ ਗੱਡੀ ਵਿੱਚ ਅੜਿਆ ਰਹਿ ਗਿਆ ਹੈ। ਗੋਰਾ ਫੱਟ ਪੰਜਾਬੀ ਡਰਾਇਵਰ ਨੂੰ ਕਹਿਣ ਲੱਗਾ ਕਿ ਮਿੱਤਰਾ ਤੂੰ ਕੋਈ ਵੱਡਾ ਐਕਸੀ ਡੈਂਟ ਕਰਕੇ ਆਇਆ ਏਂ। ਹੋ ਸਕਦਾ ਹੈ ਤੇਰੇ ਕੋਲੋਂ ਕਿਸੇ ਬੰਦੇ ਦੀ ਮੌਤ ਹੋ ਗਈ ਹੋਵੇ ਕਿਉਂਕਿ ਤੇਰੀ ਗੱਡੀ ਨਾਲ ਹਾਦਸਾ ਗ੍ਰਸਤ ਬੰਦੇ ਦੀ ਜੁੱਤੀ ਦਾ ਇੱਕ ਛਿੱਤਰ ਅੜਿਆ ਰਹਿ ਗਿਆ ਹੈ।

ਪੰਜਾਬੀ ਡ੍ਰਾਇਵਰ ਕਹਿਣ ਲੱਗਾ ਕਿ ਮੇਰੇ ਕੋਲੋਂ ਕੋਈ ਬੰਦਾ ਨਹੀਂ ਮਰਿਆ। ਇਹ ਤੇ ਮੇਰੇ ਕੋਲੋਂ ਹੀ ਗੱਡੀ ਵੱਜ ਗਈ ਹੈ ਜੋ ਮੈਂ ਠੀਕ ਕਰਾਉਣ ਲਈ ਆਇਆ ਹਾਂ। ਗੋਰੇ ਮਕੈਨਿਕ ਨੇ ਪੁਲੀਸ ਨੂੰ ਕਾਲ ਕਰ ਦਿੱਤੀ। ਪੁਲੀਸ ਹਾਜ਼ਰ ਹੋ ਗਈ। ਪੰਜਾਬੀ ਡ੍ਰਾਇਵਰ ਬਾਰ ਬਾਰ ਕਹੇ ਕਿ ਕੋਈ ਬੰਦਾ ਨਹੀਂ ਮਰਿਆ ਸਗੋਂ ਮੇਰੇ ਕੋਲੋਂ ਹੀ ਦੁਰਘਟਨਾ ਹੋ ਗਈ ਹੈ। ਅਖੀਰ ਪੰਜਾਬੀ ਡ੍ਰਾਇਵਰ ਉਹਨਾਂ ਨੂੰ ਕਹਿਣ ਲੱਗਾ ਕਿ ਮੈਂ ਤਾਂ ਬੁਰੀ ਨਜ਼ਰ ਲੱਗਣ ਦੇ ਡਰੋਂ ਜੁੱਤੀ ਦਾ ਪੁਰਾਣਾ ਛਿੱਤਰ ਟੰਗਿਆ ਹੋਇਆ ਸੀ। ਸਿਆਪਾ ਇਹ ਖੜਾ ਹੋ ਗਿਆ ਕਿ ਪੰਜਾਬੀ ਡ੍ਰਾਇਵਰ ਨੂੰ ਬੁਰੀ ਨਜ਼ਰ ਦੀ ਅੰਗਰੇਜ਼ੀ ਨਾ ਆਵੇ। ਡ੍ਰਾਇਵਰ ਆਪਣੀ ਗੱਲ ਸਮਝਾ ਹੀ ਨਾ ਸਕਿਆ ਕਿ ਮੈਂ ਜੋਤਸ਼ੀ ਕੋਲੋਂ ਡਰਿਆ ਹੋਇਆ ਇਨਸਾਨ ਹਾਂ ਤਾਂ ਆਪਣੀ ਗੱਡੀ ਨਾਲ ਛਿੱਤਰ ਬੱਧਾ ਹੋਇਆ ਹੈ। ਪਰ ਏਦਾਂ ਗੱਡੀ ਦੇ ਮਗਰ ਛਿੱਤਰ ਟੰਗਣਾ ਗੋਰਿਆਂ ਨੂੰ ਹਜ਼ਮ ਨਹੀਂ ਹੋ ਰਿਹਾ ਸੀ। ਗੋਰਿਆਂ ਨੇ ਇੱਕ ਗੱਲ ਪੰਜਾਬੀ ਡ੍ਰਾਇਵਰ ਦੀ ਮੰਨ ਲਈ ਕਿ ਤੇਰੇ ਕੋਲੋਂ ਕੋਈ ਬੰਦਾ ਨਹੀਂ ਮਾਰਿਆ। ਇਹ ਵੀ ਮੰਨ ਲਿਆ ਕਿ ਤੂੰ ਆਪਣੀ ਗੱਡੀ ਨਾਲ ਛਿੱਤਰ ਇਸ ਲਈ ਹੋਇਆ ਬੰਨ੍ਹਿਆ ਹੋਇਆ ਸੀ ਕਿ ਤੇਰੀ ਗੱਡੀ ਨੂੰ ਕਿਤੇ ਭੈੜੀ ਨਜ਼ਰ ਨਾ ਲੱਗ ਜਾਏ। ਅਸੀਂ ਤੇਰੀਆਂ ਸਾਰੀਆਂ ਗੱਲ ਮੰਨ ਲੈਂਦੇ ਹਾਂ। ਹੁਣ ਇਸ ਗੱਲ ਨੂੰ ਸਹੀ ਸਾਬਤ ਕਰਨ ਲਈ, ਤੂੰ ਇਸ ਛਿੱਤਰ ਨਾਲ ਦਾ ਦੂਜਾ ਛਿੱਤਰ ਦਿਖਾ। ਪੰਜਾਬੀ ਭਾਅ ਨੇ ਇੱਕ ਛਿੱਤਰ 'ਤੇ ਗੱਡੀ ਨਾਲ ਬੰਨ੍ਹ ਲਿਆ ਸੀ ਦੂਜਾ ਓਸੇ ਦਿਨ ਹੀ ਕੂੜੇ ਵਿੱਚ ਸੁੱਟ ਦਿੱਤਾ ਸੀ। ਪੰਜਾਬੀ ਡ੍ਰਾਇਵਰ ਪਾਸ ਦੂਜਾ ਛਿੱਤਰ ਨਹੀਂ

# ਸ਼ੋਸ਼ਲ ਮੀਡੀਆ ਤੋਂ ਖ਼ੌਫ਼ਜ਼ਦਾ ਸਰਕਾਰਾਂ

ਰਵੀਸ਼ ਕੁਮਾਰ

ਪ੍ਰਸ਼ਾਸਨ ਅਤੇ ਸਰਕਾਰਾਂ ਨੂੰ ਹੁਣ ਸੋਸ਼ਲ ਮੀਡੀਆ ਤੋਂ ਘਬਰਾਹਟ ਹੋਣ ਲੱਗੀ ਹੈ। ਫਿਰ ਤੋਂ ਕਸ਼ਮੀਰ ਤੇ ਗੁਜਰਾਤ ਵਿਚ ਕਈ ਜ਼ਿਲ੍ਹਿਆਂ ਵਿਚ ਇੰਟਰਨੈੱਟ ਸੇਵਾ ਬੰਦ ਕੀਤੀ ਗਈ ਹੈ। ਕਸ਼ਮੀਰ ਦੇ ਕੁਪਵਾੜਾ, ਬਾਂਦੀਪੁਰਾ ਤੇ ਗਾਂਦਰਬਲ ਵਿਚ ਨੈੱਟ ਸੇਵਾਵਾਂ ਬੰਦ ਕਰ ਦਿੱਤੀਆਂ ਗਈਆਂ ਹਨ। ਗੁਜਰਾਤ ਵਿਚ ਪਿਛਲੇ ਸਾਲ ਅਗਸਤ ਦੇ ਮਹੀਨੇ ਵਾਂਗ ਇਸ ਵਾਰ ਵੀ ਪਟੇਲ ਅੰਦੋਲਨ ਨੂੰ ਲੈ ਕੇ ਇੰਟਰਨੈੱਟ ਸੇਵਾ ਬੰਦ ਕਰ ਦਿੱਤੀ ਗਈ ਹੈ। ਅਹਿਮਦਾਬਾਦ, ਰਾਜਕੋਟ, ਵੜੋਦਰਾ, ਸਾਬਰਕਾਂਠਾ ਵਿਚ ਇੰਟਰਨੈੱਟ ਸੇਵਾ ਬੰਦ ਹੈ। ਉਦੋਂ ਤਾਂ ਲੋਕ ਇਹ ਵੀ ਸ਼ਿਕਾਇਤ ਕਰਦੇ ਮਿਲੇ ਕਿ ਪੁਲੀਸ ਨੇ ਕਾਫ਼ੀ ਕੁੱਟਿਆ-ਮਾਰਿਆ ਹੈ, ਉਨ੍ਹਾਂ ਦੇ ਵੀਡੀਓ ਅਸੀਂ ਸ਼ੇਅਰ ਨਾ ਕਰ ਸਕੀਏ, ਇਸ ਲਈ ਇੰਟਰਨੈੱਟ ਸੇਵਾ ਬੰਦ ਕੀਤੀ ਗਈ ਹੈ। ਇੰਟਰਨੈੱਟ ਸੇਵਾ ਬੰਦ ਕਰਨਾ, ਝਟ ਦੇਣੀ ਧਾਰਾ 144 ਲਗਾ ਦੇਣ ਵਾਂਗ ਹੋ ਗਿਆ ਹੈ। ਹੁਣ ਤਾਂ ਪ੍ਰੀਖਿਆਵਾਂ ਵਿਚ ਚੋਰੀ ਰੋਕਣ ਲਈ ਵੀ ਉਸ ਦੌਰਾਨ ਸ਼ਹਿਰ ਵਿਚ ਇੰਟਰਨੈੱਟ ਸੇਵਾ ਬੰਦ ਕਰ ਦਿੱਤੀ ਜਾਂਦੀ ਹੈ। ਫਰਵਰੀ ਮਹੀਨੇ ਵਿਚ ਗੁਜਰਾਤ ਵਿਚ ਹੀ ਖਜ਼ਾਨਾ ਲੇਖਾਪਾਲ ਦੀ ਪ੍ਰੀਖਿਆ ਦੌਰਾਨ ਸਵੇਰੇ 9 ਵਜੇ ਤੋਂ ਇਕ ਵਜੇ ਤਕ ਲਈ ਇੰਟਰਨੈੱਟ ਸੇਵਾ ਬੰਦ ਕਰ ਦਿੱਤੀ ਗਈ, ਤਾਂ ਕਿ ਨਕਲ ਨਾ ਹੋ ਸਕੇ। ਇਹ ਫ਼ੈਸਲੇ ਦੱਸਦੇ ਹਨ ਕਿ ਇੰਟਰਨੈੱਟ ਹੁਣ ਮੁਕਤ ਆਕਾਸ਼ ਨਹੀਂ ਰਿਹਾ। 'ਦੀ ਵਾਇਰ' ਨਾਂ ਦੀ ਨਿਊਜ਼ ਸਾਈਟ ਨੇ ਲਿਖਿਆ ਹੈ ਕਿ ਕਸ਼ਮੀਰ ਵਿਚ ਪਿਛਲੇ ਚਾਰ ਸਾਲਾਂ ਵਿਚ 18 ਤੋਂ 25 ਦਿਨਾਂ ਲਈ ਇੰਟਰਨੈੱਟ ਸੇਵਾ ਬੰਦ ਕੀਤੀ ਗਈ। ਪਿਛਲੇ ਸਾਲ 'ਹਫਿੰਗਟਨ ਪੋਸਟ' ਦੀ ਰਿਪੋਰਟ ਅਨੁਸਾਰ ਭਾਰਤ ਵਿਚ 2013 ਤੋਂ 2015 ਦੌਰਾਨ ਚਾਰ ਸੂਬਿਆਂ ਵਿਚ 9 ਵਾਰ ਇੰਟਰਨੈੱਟ ਸੇਵਾ ਬੰਦ ਕੀਤੀ ਗਈ। ਗੁਜਰਾਤ, ਕਸ਼ਮੀਰ ਤੋਂ ਇਲਾਵਾ ਨਾਗਾਲੈਂਡ ਅਤੇ ਮਨੀਪੁਰ ਵਿਚ ਇੰਟਰਨੈੱਟ ਬੰਦ ਹੋਇਆ ਹੈ। ਸਾਲ 2011 ਵਿਚ 'ਆਰਗੇਨਾਈਜ਼ੇਸ਼ਨ ਫਾਰ ਇਕਨਾਮਿਕ ਕੋ-ਆਪਰੇਸ਼ਨ ਐਂਡ ਡਿਵੈਲਪਮੈਂਟ' (ਓ ਈ ਸੀ ਡੀ.) ਨੇ ਅਨੁਮਾਨ ਲਾਇਆ ਸੀ ਕਿ ਮਿਸਰ ਵਿਚ ਪੰਜ ਦਿਨ ਲਈ ਇੰਟਰਨੈੱਟ ਬੰਦ ਕਰ ਦੇਣ ਨਾਲ 9 ਕਰੋੜ ਡਾਲਰ ਦਾ ਨੁਕਸਾਨ ਹੋ ਗਿਆ ਸੀ। ਸਾਲ 2015 ਵਿਚ ਜਰਮਨੀ ਦੀ ਇਕ ਸੰਸਥਾ ਨੇ ਪਾਕਿਸਤਾਨ ਵਿਚ ਇੰਟਰਨੈੱਟ ਬੰਦ ਕੀਤੇ ਜਾਣ ਨੂੰ ਲੈ ਕੇ ਅਧਿਐਨ ਕਰਕੇ ਦੱਸਿਆ ਸੀ ਕਿ ਕਿਵੇਂ ਇਸ ਨਾਲ ਨਾ ਸਿਰਫ਼ ਪ੍ਰਗਟਾਵੇ ਦੀ ਆਜ਼ਾਦੀ 'ਤੇ ਹਮਲਾ ਹੁੰਦਾ ਹੈ, ਸਗੋਂ ਰਾਸ਼ਟਰੀ ਜਾਂ ਵਿਅਕਤੀਗਤ ਸੁਰੱਖਿਆ ਜਾਂ ਬਿਜ਼ਨਸ ਨੂੰ ਵੀ ਨੁਕਸਾਨ ਪਹੁੰਚ ਸਕਦਾ ਹੈ। ਭਾਰਤ ਵਿਚ ਵੀ ਟਾਈਮਜ਼ ਆਫ਼ ਇੰਡੀਆ ਤੋਂ ਲੈ ਕੇ ਇੰਡੀਅਨ ਐਕਸਪ੍ਰੈੱਸ ਤਕ ਨੇ ਲਿਖਿਆ ਕਿ ਗੁਜਰਾਤ ਵਿਚ ਪਟੇਲ ਅੰਦੋਲਨ ਦੇ ਪਹਿਲੇ ਪੜਾਅ ਦੌਰਾਨ ਇੰਟਰਨੈੱਟ ਬੰਦ ਕਰਨ ਨਾਲ 30 ਕਰੋੜ ਤੋਂ ਲੈ ਕੇ 7000 ਕਰੋੜ ਤਕ ਦਾ ਨੁਕਸਾਨ ਹੋਇਆ। ਸਾਡਾ ਸਾਰਿਆਂ ਦਾ ਜੀਵਨ ਹੁਣ ਇੰਟਰਨੈੱਟ ਨਾਲ ਜੁੜਿਆ ਹੋਇਆ ਹੈ ਸਰਕਾਰ ਵੀ ਆਪਣੇ ਕਈ ਕੰਮ ਐਪ ਰਾਹੀਂ ਕਰਦੀ ਹੈ ਈ-ਕਾਮਰਸ, ਹੋਟਲ, ਸੈਰ-ਸਪਾਟਾ ਤੋਂ ਲੈ ਕੇ ਤਮਾਮ ਤਰ੍ਹਾਂ ਦੇ ਵਪਾਰ ਇੰਟਰਨੈੱਟ ਰਾਹੀਂ ਹੀ ਹੁੰਦੇ ਹਨ। ਆਮ ਲੋਕ ਵੀ ਹੁਣ ਸਮਾਰਟ ਫੋਨ 'ਤੇ ਮੁਹੱਈਆ ਨੈੱਟ ਰਾਹੀਂ ਜਿਉਂਦੇ ਹਨ। ਮੀਡੀਆ ਵਿਚ ਰਿਪੋਰਟ ਘੱਟ ਹੀ ਹੁੰਦਾ ਹੈ ਕਿ ਇੰਟਰਨੈੱਟ ਬੰਦ ਹੋਣ ਨਾਲ ਲੋਕਾਂ ਨੂੰ ਕਿਸ ਤਰ੍ਹਾਂ ਪ੍ਰੇਸ਼ਾਨੀ ਹੋਈ। ਇੰਟਰਨੈੱਟ ਹੁਣ ਹਵਾ-ਪਾਣੀ ਵਾਂਗ ਹੈ। ਕੀ ਪ੍ਰਸ਼ਾਸਨ ਹਿੰਸਕ ਸਥਿਤੀ ਵਿਚ ਪਾਣੀ ਦੀ ਸਪਲਾਈ ਬੰਦ ਕਰ ਦਿੰਦਾ ਹੈ? ਜੇਕਰ ਅਜਿਹਾ ਹੈ ਤਾਂ ਸਰਕਾਰ ਨੂੰ ਦੱਸਣਾ ਚਾਹੀਦਾ ਹੈ ਕਿ ਜਦੋਂ ਕਿਸੇ ਕਾਰਨ ਇੰਟਰਨੈੱਟ ਬੰਦ ਹੋਵੇਗਾ, ਤਾਂ ਤੁਸੀਂ ਐਪ ਤੋਂ ਇਲਾਵਾ ਕਿੱਥੇ ਜਾ ਕੇ ਉਸ ਦੀਆਂ ਸੁਵਿਧਾਵਾਂ ਲੈ ਸਕਦੇ ਹੋ। ਪ੍ਰਸ਼ਾਸਨ ਨੂੰ ਡਰ ਰਹਿੰਦਾ ਹੈ ਕਿ ਸ਼ੋਸ਼ਲ ਮੀਡੀਆ ਰਾਹੀਂ ਅਫ਼ਵਾਹਾਂ ਫੈਲਣ ਨਾਲ ਸਥਿਤੀ ਕੰਟਰੋਲ ਤੋਂ ਬਾਹਰ ਹੋ ਸਕਦੀ ਹੈ। ਕਈ ਵਾਰ ਉਹ ਆਪਣੀ ਨਾਕਾਮੀ ਦੇ ਕਿੱਸੇ ਫੈਲਣ ਤੋਂ ਰੋਕਣ ਲਈ ਵੀ ਬੰਦ ਕਰਦੀ ਹੋਵੇਗੀ। ਸ਼ੋਸ਼ਲ ਮੀਡੀਆ 'ਤੇ ਰੋਜ਼ ਅਫ਼ਵਾਹਾਂ ਫੈਲਦੀਆਂ ਰਹਿੰਦੀਆਂ ਹਨ, ਤਾਂ ਕੀ ਰੋਜ਼ ਹੀ ਫੇਸਬੁੱਕ ਅਤੇ ਵਟਸਐਪ ਬੰਦ ਕਰ ਦਿੱਤਾ ਜਾਵੇ। ਸ਼ੋਸ਼ਲ ਮੀਡੀਆ ਦਾ ਉਭਾਰ ਅਜਿਹੇ ਸਪੇਸ ਦੇ ਰੂਪ ਵਿਚ ਹੋਇਆ ਸੀ, ਜਿੱਥੇ ਲੋਕ ਸਨ। ਜੋ ਮੀਡੀਆ ਅਤੇ ਸਿਆਸੀ ਦਲਾਂ ਤੋਂ ਵੱਖਰੇ ਨਵੇਂ ਸਪੇਸ ਦੀ ਰਚਨਾ ਕਰ ਰਹੇ ਸਨ ਤੇ ਆਪਣੀਆਂ ਗੱਲਾਂ ਲਿਖ ਰਹੇ ਸਨ। ਹੁਣ ਦੱਸਣ ਦੀ ਜ਼ਰੂਰਤ ਨਹੀਂ ਹੈ ਕਿ ਕਿਸ ਤਰ੍ਹਾਂ ਪਾਰਟੀਆਂ ਨੇ ਇਸ ਸਪੇਸ ਦੀ ਵਰਤੋਂ ਸਿਆਸੀਕਰਨ ਕਰਨ ਵਿਚ ਕੀਤੀ ਤੇ ਕਿਸ ਤਰ੍ਹਾਂ ਅਫ਼ਵਾਹਾਂ ਦਾ ਸਿਲਸਿਲਾ ਅੱਜ ਵੀ ਜਾਰੀ ਹੈ। ਇਸ ਖੇਡ ਵਿਚ ਸੱਤਾਧਾਰੀ ਦਲ ਨਾਲ ਜੁੜੇ ਸਮਰਥਕਾਂ ਅਤੇ ਸੰਗਠਨਾਂ ਦਾ ਹੀ ਪੱਲਾ ਭਾਰੀ ਰਹਿੰਦਾ ਹੈ। ਇਨ੍ਹਾਂ ਖ਼ਿਲਾਫ਼ ਸ਼ਾਇਦ ਹੀ ਕਦੇ ਕਾਰਵਾਈ ਹੁੰਦੀ ਹੋਵੇ। ਜਥੇਬੰਦ ਰੂਪ ਗਾਲ੍ਹਾਂ ਦਿੱਤੀਆਂ ਜਾ ਰਹੀਆਂ ਹਨ।


ਬਹੁਤ ਵੱਡੀ ਸੰਖਿਆ ਵਿਚ ਲੋਕਾਂ ਨੂੰ ਸ਼ੋਸ਼ਲ ਮੀਡੀਆ 'ਤੇ ਲਾਇਆ ਗਿਆ ਹੈ, ਤਾਂ ਕਿ ਉਹ ਬਹਿਸਾਂ ਅਤੇ ਮੁੱਦਿਆਂ ਨੂੰ ਕੰਟਰੋਲ ਕਰ ਸਕਣ। ਇਨ੍ਹਾਂ ਦੇ ਹੰਗਾਮਾ ਕਰਨ ਨਾਲ ਨਿਊਜ਼ ਚੈਨਲਾਂ ਦੇ ਨਿਊਜ਼ ਰੂਮ ਵਿਚ ਭੂਚਾਲ ਜਿਹਾ ਆ ਜਾਂਦਾ ਹੈ। ਐਂਕਰ ਇਨ੍ਹਾਂ ਨੂੰ ਜਨਤਾ ਸਮਝ ਕੇ ਇਨ੍ਹਾਂ ਦੀ ਭਾਸ਼ਾ ਬੋਲਣ ਲਗਦੇ ਹਨ, ਅਤੇ ਜਦੋਂ ਇਹ ਚੁੱਪ ਹੋ ਜਾਂਦੇ ਹਨ ਤਾਂ ਉਹ ਮੁੱਦਾ ਚੈਨਲਾਂ ਤੋਂ ਗਾਇਬ ਹੋ ਜਾਂਦਾ ਹੈ। ਜਿਵੇਂ ਗੁਜਰਾਤ ਵਿਚ ਜ਼ਮਾਨਤ 'ਤੇ ਰਿਹਾਅ ਹੋਏ ਅਧਿਕਾਰੀ ਨੂੰ ਪੁਲੀਸ ਮੁਖੀ ਬਣਾ ਦਿੱਤਾ। ਇਸ ਨੂੰ ਲੈ ਕੇ ਇਨ੍ਹਾਂ ਸਮਰਥਕਾਂ ਨੇ ਮੀਡੀਆ ਨੂੰ ਗਾਲ੍ਹਾਂ ਕੱਢੀਆਂ ਕਿ ਤੁਸੀਂ ਚੁੱਪ ਕਿਉਂ ਹੋ, ਜਦਕਿ ਜਿਸ ਵਿਅਕਤੀ ਨੂੰ ਹਟਾਇਆ ਗਿਆ ਹੈ, ਉਹ ਖੁੱਲ੍ਹੇਆਮ ਕਹਿ ਰਿਹਾ ਹੈ ਕਿ ਉਨ੍ਹਾਂ ਨੇ ਅਹੁਦੇ ਤੋਂ ਹਟਾਉਣ ਦੀ ਅਪੀਲ ਨਹੀਂ ਕੀਤੀ ਸੀ। ਉਸ ਨੂੰ ਪੁਲੀਸ ਮੁਖੀ ਦੇ ਅਹੁਦੇ ਤੋਂ ਨਾ ਹਟਾਇਆ ਜਾਵੇ। ਡੀ.ਜੀ. ਵੰਜਾਰਾ ਜੇਲ੍ਹ ਤੋਂ ਛੁੱਟ ਕੇ ਆਉਂਦੇ ਹਨ ਤੇ ਜਨਤਕ ਤੌਰ 'ਤੇ ਤਲਵਾਰ ਲੈ ਕੇ ਡਾਂਸ ਕਰਦੇ ਹਨ। ਉਹ ਖ਼ੁਦ ਨੂੰ ਦੇਸ਼ ਭਗਤ ਦੱਸਦੇ ਹੋਏ ਦੂਸਰੇ ਦੇਸ਼ ਭਗਤਾਂ ਦਾ ਸ਼ੁਕਰੀਆ ਅਦਾ ਕਰਦੇ ਹਨ। ਇਹੀ ਘਟਨਾ ਜੇਕਰ ਕਿਸੇ ਦੂਸਰੇ ਸੂਬੇ ਵਿਚ ਹੋਈ ਹੁੰਦੀ, ਤਾਂ ਇਹ ਲੋਕ ਗਾਲ੍ਹਾਂ ਦਾ ਢੇਰ ਲਾ ਦਿੰਦੇ ਕਿ ਮੀਡੀਆ ਵਿਕ ਗਿਆ ਹੈ। ਫਲਾਣਾ ਪੱਤਰਕਾਰ ਚੋਰ ਹੈ, ਦਲਾਲ ਹੈ। ਬਿਹਤਰ ਹੈ ਕਿ ਅਸੀਂ ਸਮਾਜ ਨਾਲ ਹੀ ਗੱਲਾਂ ਕਰੀਏ। ਪ੍ਰਸ਼ਾਸਨ ਸਹੀ ਤੱਥਾਂ ਨੂੰ ਉਸ ਤਕ ਪਹੁੰਚਾਏ ਅਤੇ ਇਸ ਲਈ ਜ਼ਰੂਰੀ ਹੈ ਕਿ ਇੰਟਰਨੈੱਟ ਸੇਵਾ ਬੰਦ ਨਾ ਹੋਵੇ। ਕੁਝ ਸਾਲ ਪਹਿਲਾਂ ਲੰਡਨ ਵਿਚ ਦੰਗੇ ਭੜਕ ਸਨ। ਪੁਲੀਸ ਨੇ ਦੇਖਿਆ ਕਿ ਸ਼ੋਸ਼ਲ ਮੀਡੀਆ ਰਾਹੀਂ ਕੁਝ ਗੱਲਾਂ ਫੈਲਾਈਆਂ ਗਈਆਂ ਹਨ। ਨਤੀਜਾ ਇਹ ਹੋਇਆ ਕਿ ਹਿੰਸਾ ਰੁਕ ਗਈ। ਇਸ ਨੂੰ ਲੈ ਕੇ ਬਾਕਾਇਦਾ ਰਿਪੋਰਟ ਬਣਾਈ ਗਈ ਸੀ ਕਿ ਕੀ ਇੰਟਰਨੈੱਟ ਕਾਰਨ ਦੰਗੇ ਭੜਕਦੇ ਹਨ। ਲੋੜ ਹੈ ਕਿ ਅਸੀਂ ਇਸ ਅਫ਼ਵਾਹ ਸਭਿਆਚਾਰ ਦੇ ਸਿਆਸੀ ਪੱਖ ਨੂੰ ਉਜਾਗਰ ਕਰੀਏ ਅਤੇ ਸਹੀ ਤੱਥਾਂ ਨਾਲ ਮੁਕਾਬਲਾ ਕਰੀਏ। ਇੰਟਰਨੈੱਟ ਬੰਦ ਕਰਨਾ ਆਖ਼ਰੀ ਉਪਾਅ ਹੋਣਾ ਚਾਹੀਦਾ ਹੈ, ਪਹਿਲਾ ਕਦਮ ਨਹੀਂ।

# ਦਰਬਾਰ ਸਾਹਿਬ 'ਤੇ ਜੂਨ '84 ਵਿਚ ਹਮਲਾ ਕਰਨ ਵਾਲੀ ਭਾਰਤ ਸਰਕਾਰ ਦੇ ਸਹਿਯੋਗੀਆਂ ਦੀ ਲੰਬੀ ਸੂਚੀ

ਡਾ. ਅਮਰਜੀਤ ਸਿੰਘ

ਵਾਸ਼ਿੰਗਟਨ (ਡੀ.ਸੀ.): ਜੂਨ '84 ਦੇ ਘੱਲੂਘਾਰੇ ਦੀ 34ਵੀਂ ਦੁਖਦ ਯਾਦ ਦੁਨੀਆ ਭਰ ਵਿਚ ਬੈਠੀ ਸਿੱਖ ਕੌਮ ਵਲੋਂ ਮਨਾਈ ਗਈ। ਸ਼ਹੀਦੀ ਸਮਾਗਮ, ਪ੍ਰੋਟੈਸਟ, ਕੈਂਡਲ ਲਾਈਟ ਵਿਜ਼ਿਲ, ਫਰੀਡਮ ਮਾਰਚ, ਵਿਚਾਰ-ਗੋਸ਼ਟੀਆਂ ਦੁਨੀਆ ਦੇ ਕੋਨੇ-ਕੋਨੇ ਵਿਚ ਹੋਈਆਂ। ਲੰਡਨ, ਫਰੈਂਕਫਰਟ, ਵਾਸ਼ਿੰਗਟਨ ਡੀ. ਸੀ., ਸੈਨ-ਫਰਾਂਸਿਸਕੋ, ਓਟਾਵਾ, ਵੈਨਕੂਵਰ ਆਦਿ ਥਾਵਾਂ 'ਤੇ ਭਾਰੀ ਰੋਸ ਵਿਖਾਵੇ ਹੋਏ। ਸ੍ਰੀ ਅੰਮ੍ਰਿਤਸਰ ਸ਼ਹਿਰ ਵਿਚ 'ਨਸਲਕੁਸ਼ੀ ਯਾਦਗਾਰ ਮਾਰਚ' ਕੱਢਿਆ ਗਿਆ ਅਤੇ 6 ਜੂਨ ਨੂੰ ਅੰਮ੍ਰਿਤਸਰ ਵਿਚ ਮੁਕੰਮਲ ਬੰਦ ਹੋਇਆ। ਘੱਲੂਘਾਰਾ ਹਫ਼ਤੇ ਦਾ ਮੁੱਖ ਸਮਾਗਮ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ 6 ਜੂਨ ਨੂੰ ਲਗਭਗ ਸ਼ਾਂਤ ਮਾਹੌਲ ਵਿਚ ਹੋਇਆ। 'ਸਰਕਾਰੀ ਟਾਸਕ ਫੋਰਸ' ਦੇ ਜਬਰ ਭਰੇ ਹਥਕੰਡਿਆਂ ਦੇ ਬਾਵਜੂਦ, ਖਾਲਿਸਤਾਨੀ ਝੰਡਾ ਵੀ ਲਹਿਰਾਇਆ ਗਿਆ ਅਤੇ 'ਖਾਲਿਸਤਾਨ-ਜ਼ਿੰਦਾਬਾਦ' ਦੇ ਨਾਹਰੇ ਵੀ ਗੂੰਜਦੇ ਰਹੇ।

ਜੂਨ 1984 'ਚ ਭਾਰਤੀ ਫੌਜ ਵਲੋਂ ਅਕਾਲ ਤਖ਼ਤ ਸਾਹਿਬ 'ਤੇ ਹਮਲੇ ਤੋਂ ਬਾਅਦ ਦੀ ਤਸਵੀਰ



ਪੰਜਾਬ ਦੀ ਖੁਦਮੁਖਤਾਰੀ ਦੀ ਗੱਲ ਕਰਨਾ ਸਰਕਾਰੀ ਜਥੇਦਾਰ ਦੀ ਵੀ ਮਜਬੂਰੀ ਬਣ ਗਿਆ। ਸਰਬੱਤ ਖਾਲਸਾ ਵਲੋਂ ਥਾਪੇ, ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ, ਭਾਈ ਧਿਆਨ ਸਿੰਘ ਮੰਡ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ 2 ਜੂਨ ਤੋਂ ਬਰਗਾੜੀ ਵਿਖੇ ਅਨਮਿੱਥੇ ਸਮੇਂ ਦਾ ਧਰਨਾ ਆਰੰਭ ਕੀਤਾ ਹੋਇਆ ਹੈ, ਜਿਸ ਨੂੰ ਸੰਗਤਾਂ ਦਾ ਭਰਪੂਰ ਸਮਰਥਨ ਮਿਲ ਰਿਹਾ ਹੈ।

ਘੱਲੂਘਾਰਾ '84 ਦੇ 34 ਵਰ੍ਹਿਆਂ ਦੌਰਾਨ ਭਾਰਤ ਸਰਕਾਰ ਦੀਆਂ ਜ਼ੁਲਮੀਂ ਨੀਤੀਆਂ ਤੇ ਲੁੰਬੜ ਚਾਲਾਂ ਦੇ ਬਾਵਜੂਦ, ਦੁਨੀਆ ਦੇ ਕੋਨੇ-ਕੋਨੇ ਵਿਚ ਖਾਲਿਸਤਾਨ ਦੀਆਂ ਗੂੰਜਾਂ ਪੈ ਰਹੀਆਂ ਹਨ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ, ਭਾਈ ਅਮਰੀਕ ਸਿੰਘ, ਜਨਰਲ ਸੁਬੇਗ ਸਿੰਘ, ਮਹਾਨ ਕੌਮੀ ਸ਼ਹੀਦਾਂ ਵਜੋਂ ਸਿੱਖ ਕੌਮ ਦੇ ਨਾਇਕ ਬਣ ਕੇ ਉਭਰੇ ਹਨ।

ਜੂਨ '84 ਦੇ ਘੱਲੂਘਾਰੇ ਲਈ ਜ਼ਿੰਮੇਵਾਰ ਭਾਰਤੀ ਨੇਤਾਵਾਂ ਖਾਸ ਤੌਰ 'ਤੇ ਇੰਦਰਾ ਗਾਂਧੀ ਦੀ ਕਿਚਨ ਕੈਬਨਿਟ ਦੇ ਰੋਲ ਬਾਰੇ ਅਕਸਰ ਗੱਲਬਾਤ ਹੁੰਦੀ ਹੈ। ਇਨ੍ਹਾਂ ਵਿਚ ਰਾਜੀਵ ਗਾਂਧੀ, ਪ੍ਰਣਬ ਮੁਖਰਜੀ, ਨਰਸਿਮ੍ਹਾ ਰਾਓ, ਅਰੁਣ ਨਹਿਰੂ, ਅਰੁਣ ਸਿੰਘ, ਪੀ. ਚਿਦੰਬਰਮ, ਪੀ. ਸੀ. ਅਲੈਗਜ਼ੈਂਡਰ, ਰਾਅ ਮੁਖੀ ਆਰ. ਐਨ. ਕਾਓ ਦੇ ਨਾਂ ਪ੍ਰਮੁੱਖਤਾ ਨਾਲ ਸਾਹਮਣੇ ਆਉਂਦੇ ਹਨ। 1973 ਵਿਚ ਗੋਲਵਲਕਰ ਦੀ ਮੌਤ ਤੋਂ ਬਾਅਦ, ਆਰ. ਐਸ. ਐਸ. ਮੁਖੀ ਬਣੇ ਬਾਲਾ ਸਾਹਿਬ ਦਿਓਰਸ ਨੇ ਇੰਦਰਾ ਗਾਂਧੀ ਨੂੰ ਘੱਲੂਘਾਰਾ '84 ਲਈ ਮੁਕੰਮਲ ਹਮਾਇਤ ਦਿਤੀ। ਆਰ. ਐਸ. ਐਸ. ਦਾ ਸਿਆਸੀ ਵਿੰਗ - ਬੀ. ਜੇ. ਪੀ. ਫੌਜੀ ਐਕਸ਼ਨ ਦੀ ਮੰਗ ਬੜੇ ਚਿਰਾਂ ਤੋਂ ਕਰ ਰਿਹਾ ਸੀ। ਦੋਵੇਂ ਕਮਿਊਨਿਸਟ ਪਾਰਟੀਆਂ ਸਮੇਤ ਭਾਰਤ ਦੀਆਂ ਖੇਤਰੀ ਪਾਰਟੀਆਂ ਵੀ ਇੰਦਰਾ ਗਾਂਧੀ ਦੇ ਹੱਕ ਵਿਚ ਭੁਗਤੀਆਂ। ਤੇਲਗੂ ਦੇਸਮ ਪਾਰਟੀ ਦੇ ਐਮ. ਟੀ. ਰਾਮਾਰਾਓ ਨੇ ਇਸ ਦਾ ਵਿਰੋਧ ਕੀਤਾ। ਭਾਰਤ ਭਰ ਦੇ ਮੀਡੀਏ ਅਤੇ ਬਹੁਗਿਣਤੀ ਹਿੰਦੂਆਂ ਨੇ ਇੰਦਰਾ ਗਾਂਧੀ ਦਾ ਗੁਣ ਗਾਇਨ ਕੀਤਾ, ਕਿਉਂਕਿ ਉਸ ਨੇ 'ਸਿੱਖਾਂ ਨੂੰ ਸਬਕ ਸਿਖਾ ਕੇ' ਦੇਸ਼ ਦੀ ਏਕਤਾ-ਅਖੰਡਤਾ ਬਚਾ ਲਈ ਸੀ।

ਸਿੱਖ ਕੌਮ ਨੂੰ ਸਜ਼ਾ ਯਾਫਤਾ ਕਰਨ ਦੀ ਨੀਤੀ ਸਿਰਫ ਭਾਰਤੀ ਨਾ ਹੋ ਕੇ, ਅੰਤਰਰਾਸ਼ਟਰੀ ਸਾਜ਼ਿਸ਼ ਸੀ, ਇਸ ਦੀਆਂ ਪਰਤਾਂ ਹੌਲੀ-ਹੌਲੀ ਖੁੱਲ੍ਹ ਰਹੀਆਂ ਹਨ। ਸੋਵੀਅਤ ਯੂਨੀਅਨ ਦੀ ਉਸ ਦੌਰ ਵਿਚ ਭਾਰਤ ਵਿਚ ਸਿਧੀ ਦਖਲਅੰਦਾਜ਼ੀ ਸੀ ਅਤੇ ਘੱਲੂਘਾਰਾ '84 ਲਈ ਸੋਵੀਅਤ ਖੁਫੀਆ ਏਜੰਸੀ ਕੇ. ਜੀ. ਬੀ, ਭਾਰਤੀ ਖੁਫੀਆ ਏਜੰਸੀ ਰਾਅ ਨਾਲ ਪੂਰਾ ਤਾਲਮੇਲ ਕਰ ਰਹੀ ਸੀ। 1979 ਵਿਚ ਸੋਵੀਅਤ ਫੌਜਾਂ ਨੇ ਅਫਗਾਨਿਸਤਾਨ 'ਤੇ ਕਬਜ਼ਾ ਕੀਤਾ ਸੀ ਅਤੇ ਪਾਕਿਸਤਾਨ ਰਾਹੀਂ ਅਮਰੀਕਾ, ਸੋਵੀਅਤ ਯੂਨੀਅਨ ਦੇ ਖਿਲਾਫ ਅਸਿੱਧੀ ਜੰਗ ਲੜ ਰਿਹਾ ਸੀ।

ਇੰਦਰਾ ਗਾਂਧੀ ਨੇ, ਸੋਵੀਅਤ ਯੂਨੀਅਨ ਵਲੋਂ ਅਫਗਾਨਿਸਤਾਨ 'ਤੇ ਕਬਜ਼ੇ ਦੀ ਹਮਾਇਤ ਕੀਤੀ ਸੀ ਅਤੇ ਉਹ ਪੂਰੀ ਤਰ੍ਹਾਂ ਸੋਵੀਅਤ ਯੂਨੀਅਨ ਦੀ ਖੇਡ, ਖੇਡ ਰਹੀ ਸੀ। ਘੱਲੂਘਾਰਾ '84 ਦੀ, ਕਮਿਊਨਿਸਟ ਪਾਰਟੀ ਦੇ ਮਾਸਕੋ ਵਿਚ ਛਪਦੇ ਮੈਗਜ਼ੀਨ 'ਪ੍ਰਾਵਦਾ' ਵਲੋਂ ਮੁਕੰਮਲ ਹਮਾਇਤ ਕੀਤੀ ਗਈ ਸੀ।

ਯੂ. ਕੇ. ਵਲੋਂ ਡੀਕਲਾਸੀਫਾਈ ਕੀਤੇ ਗਏ ਸਰਕਾਰੀ ਦਸਤਾਵੇਜ਼ਾਂ ਤੋਂ ਇਹ ਸਾਹਮਣੇ ਆਇਆ ਹੈ ਕਿ ਫਰਵਰੀ '84 ਵਿਚ ਇੰਦਰਾ ਗਾਂਧੀ ਨੇ ਯੂ. ਕੇ. ਦੀ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਨੂੰ ਪੱਤਰ ਲਿਖ ਕੇ, ਸਿੱਖਾਂ ਦੇ ਖਿਲਾਫ ਕਾਰਵਾਈ ਵਿਚ ਮਦਦ ਮੰਗੀ ਸੀ। ਇਸ ਦੇ ਜਵਾਬ ਵਿਚ ਥੈਚਰ ਨੇ ਆਪਣੀ ਖੁਫੀਆ ਏਜੰਸੀ ਦੀ ਉੱਚ-ਪੱਧਰੀ ਟੀਮ ਭਾਰਤ ਭੇਜੀ ਸੀ। ਇਸ ਟੀਮ ਨੇ ਭਾਰਤੀ ਖੁਫੀਆ ਏਜੰਸੀਆਂ ਨਾਲ ਮਿਲ ਕੇ ਦਰਬਾਰ ਸਾਹਿਬ ਕੰਪਲੈਕਸ ਦੀ ਛਾਣਬੀਣ (ਰੇਕੀ) ਕਰਕੇ ਬਲਿਊ-ਪ੍ਰਿੰਟ ਤਿਆਰ ਕੀਤਾ ਸੀ। ਇੰਗਲੈਂਡ ਦੇ ਸਿੱਖਾਂ ਵਲੋਂ ਇਸ ਸਬੰਧੀ ਮੁਕੰਮਲ ਸੱਚ ਸਾਹਮਣੇ ਲਿਆਉਣ ਲਈ ਇਕ 'ਨਿਰਪੱਖ ਪੜਤਾਲੀਆ ਕਮਿਸ਼ਨ' ਦੀ ਮੰਗ ਕੀਤੀ ਜਾ ਰਹੀ ਹੈ। ਮੁਕੰਮਲ ਸੱਚ ਬਾਹਰ ਆਉਣ ਦੇ ਡਰੋਂ ਇੰਗਲੈਂਡ ਦੀ ਮੌਜੂਦਾ ਕਨਜ਼ਰਵੇਟਿਵ ਸਰਕਾਰ ਨੇ ਇਸ ਨਾਲ ਸਬੰਧਿਤ ਹੋਰ ਦਸਤਾਵੇਜ਼ਾਂ ਨੂੰ ਡੀਕਲਾਸੀਫਾਈ ਕਰਨ ਦੇ ਅਮਲ ਨੂੰ ਰੋਕ ਦਿੱਤਾ ਹੈ। ਜ਼ਾਹਰ ਹੈ ਕਿ ਇੰਗਲੈਂਡ ਸਰਕਾਰ, ਜੂਨ '84 ਦੇ ਸਿੱਖ ਘੱਲੂਘਾਰੇ ਦੇ ਕੁਕਰਮ ਵਿਚ ਭਾਗੀਦਾਰ ਸੀ।

6 ਜੂਨ, 2018 ਦੇ 'ਮਿਡਲ ਈਸਟ ਮਾਨੀਟਰ' ਨੇ ਜੂਨ '84 ਦੇ ਘੱਲੂਘਾਰੇ ਵਿਚ ਇਜ਼ਰਾਈਲ ਦੀ ਸ਼ਮੂਲੀਅਤ ਸਬੰਧੀ ਇਕ ਸਟੋਰੀ ਪ੍ਰਕਾਸ਼ਿਤ ਕੀਤੀ ਹੈ, ਜਿਸ ਦਾ ਸਿਰਲੇਖ ਹੈ - 'ਇਜ਼ਰਾਈਲੀ ਏਜੰਟਾਂ ਨੇ ਦਰਬਾਰ ਸਾਹਿਬ 'ਤੇ ਹਮਲਾ ਕਰਨ ਵਾਲੇ ਕਮਾਂਡੋਆਂ ਨੂੰ ਦਿਤੀ ਸੀ ਟਰੇਨਿੰਗ'। ਇਸ ਸਟੋਰੀ ਦਾ ਆਧਾਰ 'ਇੰਡੀਆ ਟੂਡੇ' ਵਿਚ ਪੱਤਰਕਾਰ ਪ੍ਰਭਾਸ਼ ਕੁਮਾਰ ਦੱਤਾ ਦੀ ਪ੍ਰਕਾਸ਼ਿਤ ਸਟੋਰੀ ਨੂੰ ਬਣਾਇਆ ਗਿਆ ਹੈ। ਸਟੋਰੀ ਅਨੁਸਾਰ - ਭਾਵੇਂ 1984 ਵਿਚ ਭਾਰਤ ਵਲੋਂ ਇਜ਼ਰਾਈਲ ਨੂੰ ਸਰਕਾਰੀ ਤੌਰ 'ਤੇ ਕੋਈ ਮਾਨਤਾ ਹਾਸਲ ਨਹੀ ਸੀ ਪਰ ਇਹ ਹਕੀਕਤ ਹੈ ਕਿ ਇਜ਼ਰਾਈਲੀ ਖੁਫੀਆ ਏਜੰਸੀ ਮੋਸਾਦ ਦੇ ਏਜੰਟਾਂ ਨੇ ਭਾਰਤੀ ਫੌਜ ਦੇ ਉਨ੍ਹਾਂ ਸਪੈਸ਼ਲ ਕਮਾਂਡੋਆਂ ਨੂੰ ਟਰੇਨਿੰਗ ਦਿੱਤੀ, ਜਿਨ੍ਹਾਂ ਨੇ ਜੂਨ '84 ਵਿਚ ਦਰਬਾਰ ਸਾਹਿਬ 'ਤੇ ਹਮਲਾ ਕੀਤਾ। ਸਟੋਰੀ ਅਨੁਸਾਰ ਇਨ੍ਹਾਂ ਸਪੈਸ਼ਲ ਕਮਾਂਡੋਆਂ ਦਾ ਸਬੰਧ '56 ਕਮਾਂਡੋ ਕੰਪਨੀ' ਨਾਲ ਸੀ। ਭਾਰਤ ਦੀ ਇਹ ਇਕ-ਇਕ ਕਮਾਂਡੋ ਯੂਨਿਟ ਹੈ, ਜਿਸਨੂੰ ਮੋਸਾਦ ਨੇ ਵਿਸ਼ੇਸ਼ ਤੌਰ 'ਤੇ ਇਸ ਮਿਸ਼ਨ ਲਈ ਤਿਆਰ ਕੀਤਾ। ਇਸ ਕਮਾਂਡੋ ਯੂਨਿਟ ਨੂੰ 'ਸਪੈਸ਼ਲ ਗਾਰਡ ਕਮਾਂਡੋ' ਯਾਨੀਕਿ ਐਸ. ਜੀ. ਕਮਾਂਡੋ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਹ ਇਕ ਵੱਖਰੀ ਕਹਾਣੀ ਹੈ ਕਿ ਇਨ੍ਹਾਂ ਕਮਾਂਡੋਆਂ ਦੇ 'ਪੜਛੇ' ਸਿੰਘਾਂ ਨੇ ਕਿਵੇਂ ਉਡਾਏ ਪਰ ਜੂਨ '84 ਦੇ ਘੱਲੂਘਾਰੇ ਵਿਚ ਇਜ਼ਰਾਈਲ ਦੀ 'ਖੁਫੀਆ ਮੱਦਦ' ਇਕ ਡੂੰਘੇ ਭੇਦ ਤੋਂ ਪਰਦਾ ਚੱਕਦੀ ਹੈ।

ਯਾਦ ਰਹੇ ਇਸ ਸਮੇਂ ਦੌਰਾਨ ਭਾਰਤ ਦੇ ਇਜ਼ਰਾਈਲ ਨਾਲ 'ਕੂਟਨੀਤਕ ਸਬੰਧ' ਨਹੀਂ ਸਨ। ਜਨਵਰੀ-1992 ਵਿਚ ਭਾਰਤੀ ਪ੍ਰਧਾਨ ਮੰਤਰੀ ਨਰਸਿਮ੍ਹਾ ਰਾਓ ਨੇ ਇਜ਼ਰਾਈਲ ਨੂੰ ਡਿਪਲੋਮੈਟਿਕ ਮਾਨਤਾ ਦਿੰਦਿਆਂ, ਤੇਲ ਅਵੀਵ (ਇਜ਼ਰਾਈਲ) ਵਿਚ ਆਪਣੀ ਅੰਬੈਸੀ ਖੋਲ੍ਹੀ ਸੀ। ਕੀ ਇਹ ਇਜ਼ਰਾਇਲ ਦੇ ਘੱਲੂਘਾਰਾ '84 ਵਿਚ ਰੋਲ ਲਈ ਸ਼ੁਕਰੀਆ ਅਦਾ ਕਰਨਾ ਨਹੀਂ ਸੀ?

# ਕਿੰਨੀ ਉਚਿਤ ਹੈ ਜਹਾਜ਼ 'ਚ ਮੋਬਾਇਲ ਤੇ ਇੰਟਰਨੈੱਟ ਦੀ ਸਹੂਲਤ

ਭਾਰਤ ਹੀ ਨਹੀਂ, ਜ਼ਿਆਦਾਤਰ ਦੇਸ਼ਾਂ ਵਿਚ ਕਿਸੇ ਵੀ ਏਅਰਲਾਈਨਜ਼ ਦੇ ਜਹਾਜ਼ ਵਿਚ ਸਫ਼ਰ ਕਰਨ ਵਾਲੇ ਯਾਤਰੀਆਂ ਨੂੰ ਉਡਾਣ ਤੋਂ ਠੀਕ ਪਹਿਲਾਂ ਇਹ ਨਿਰਦੇਸ਼ ਸੁਣਾਈ ਦਿੰਦਾ ਹੈ,'ਆਪਣੇ ਮੋਬਾਇਲ ਫੋਨ ਅਤੇ ਪੋਰਟੇਬਲ ਇਲੈਕਟ੍ਰਾਨਿਕ ਉਪਕਰਣਾਂ ਨੂੰ ਕ੍ਰਿਪਾ ਕਰ ਕੇ ਫਲਾਈਟ ਮੋਡ 'ਤੇ ਜਾਂ ਸਵਿੱਚ ਆਫ ਕਰ ਲਓ।'ਜ਼ਿਆਦਾਤਰ ਲੋਕ ਫਲਾਈਟ ਅਟੈਂਡੈਂਟ ਦੀ ਇਸ ਅਪੀਲ ਦੀ ਪਾਲਣਾ ਕਰਦੇ ਹਨ ਕਿਉਂਕਿ ਆਮ ਧਾਰਨਾ ਹੈ ਕਿ ਉਡਾਣ ਦੌਰਾਨ ਸਾਨੂੰ ਮੋਬਾਇਲ ਫੋਨ ਬੰਦ ਰੱਖਣਾ ਚਾਹੀਦਾ ਹੈ ਕਿਉਂਕਿ ਇਸ ਦਾ ਸਿਗਨਲ ਜਹਾਜ਼ ਦੇ ਨੇਵੀਗੇਸ਼ਨ ਉਪਕਰਣਾਂ 'ਚ ਰੁਕਾਵਟ ਪੈਦਾ ਕਰ ਸਕਦਾ ਹੈ। ਇਸ ਸਵਾਲ 'ਤੇ ਫਿਰ ਤੋਂ ਚਰਚਾ ਇਸ ਲਈ ਵੀ ਜ਼ਰੂਰੀ ਹੋ ਗਈ ਹੈ ਕਿਉਂਕਿ ਜਲਦੀ ਹੀ ਟੈਲੀਕਾਮ ਰੈਗੂਲੇਟਰੀ ਅਥਾਰਿਟੀ ਆਫ ਇੰਡੀਆ (ਟ੍ਰਾਈ) ਦੇਸ਼ ਅਤੇ ਦੇਸ਼ 'ਚੋਂ ਹੋ ਕੇ ਲੰਘਣ ਵਾਲੇ ਹਵਾਈ ਯਾਤਰੀਆਂ ਨੂੰ ਜਹਾਜ਼ਾਂ ਵਿਚ ਇੰਟਰਨੈੱਟ ਅਤੇ ਮੋਬਾਇਲ ਫੋਨ ਸੇਵਾਵਾਂ ਪ੍ਰਦਾਨ ਕਰਨ ਦੀ ਇਜਾਜ਼ਤ ਦੇ ਸਕਦੀ ਹੈ।

ਟ੍ਰਾਈ ਅਧਿਕਾਰੀਆਂ ਅਨੁਸਾਰ,'ਅਸੀਂ ਮੋਬਾਇਲ ਅਤੇ ਇੰਟਰਨੈੱਟ ਕਮਿਊਨੀਕੇਸ਼ਨ ਦੋਵਾਂ ਨੂੰ ਮਨਜ਼ੂਰੀ ਦੇ ਦਿੱਤੀ ਹੈ। ਹੁਣ ਇਹ ਉਡਾਣ ਕੰਪਨੀਆਂ 'ਤੇ ਨਿਰਭਰ ਹੈ ਕਿ ਉਹ ਆਪਣੇ ਯਾਤਰੀਆਂ ਨੂੰ ਕਿਹੜੀਆਂ ਸੇਵਾਵਾਂ ਦੇਣਾ ਚਾਹੁੰਦੀਆਂ ਹਨ?'

ਨਵੰਬਰ 2009 'ਚ ਏਅਰ ਫਰਾਂਸ ਅਜਿਹੀਆਂ ਸੇਵਾਵਾਂ ਦੇਣ ਵਾਲੀ ਪਹਿਲੀ ਉਡਾਣ ਕੰਪਨੀ ਬਣ ਗਈ ਸੀ। ਇਸ ਤੋਂ ਬਾਅਦ ਦੁਨੀਆ ਭਰ ਵਿਚ ਜ਼ਿਆਦਾਤਰ ਕੰਪਨੀਆਂ ਵਿਸ਼ੇਸ਼ ਤੌਰ 'ਤੇ ਆਪਣੀਆਂ ਲੰਮੀਆਂ ਉਡਾਣਾਂ ਦੌਰਾਨ ਯਾਤਰੀਆਂ ਨੂੰ ਵਾਈ-ਫਾਈ ਦੀਆਂ ਸਹੂਲਤਾਂ ਦੇ ਰਹੀਆਂ ਹਨ ਪਰ ਮੋਬਾਇਲ ਫੋਨ ਕਾਲਜ਼ ਦੀ ਸਹੂਲਤ ਨੂੰ ਆਮ ਤੌਰ 'ਤੇ 'ਪ੍ਰੇਸ਼ਾਨੀ' ਦੇ ਰੂਪ ਵਿਚ ਦੇਖਿਆ ਜਾਂਦਾ ਹੈ।

2013 ਤੋਂ ਅਮਰੀਕਾ ਵਿਚ ਇਸ ਦੀ ਇਜਾਜ਼ਤ ਹੈ ਪਰ ਉਥੇ ਘੱਟ ਹੀ ਉਡਾਣ ਕੰਪਨੀਆਂ ਨੇ ਆਪਣੀਆਂ ਉਡਾਣਾਂ ਦੌਰਾਨ ਇਸ ਦੀ ਇਜਾਜ਼ਤ ਦਿੱਤੀ ਹੈ। ਮੋਬਾਇਲ ਫੋਨ ਖਪਤਕਾਰਾਂ ਦੀ ਸਭ ਤੋਂ ਜ਼ਿਆਦਾ ਗਿਣਤੀ ਵਾਲੇ ਚੀਨ ਅਤੇ ਭਾਰਤ ਇਸ ਦੀ ਇਜਾਜ਼ਤ ਦੇਣ ਲਈ ਤਿਆਰ ਤਾਂ ਹਨ ਪਰ ਇਹ ਕਦਮ ਕਿਤੇ ਸੁਰੱਖਿਆ ਲਈ ਖ਼ਤਰਾ ਜਾਂ ਸਮਾਜਿਕ ਦਿੱਕਤ ਦਾ ਕਾਰਨ ਤਾਂ ਨਹੀਂ ਬਣ ਜਾਵੇਗਾ?

ਇਕ ਅਮਰੀਕੀ ਪਾਇਲਟ ਅਤੇ 'ਕਾਕਪਿਟ ਕਾਨਫੀਡੈਂਸ਼ੀਅਲ' ਨਾਂ ਦੀ ਕਿਤਾਬ ਦੇ ਲੇਖਕ ਪੈਟ੍ਰਿਕ ਸਮਿਥ ਕਹਿੰਦੇ ਹਨ ਕਿ ਮੋਬਾਇਲ ਫੋਨ ਅਤੇ ਇਲੈਕਟ੍ਰਾਨਿਕ ਉਪਕਰਣਾਂ ਨੂੰ ਸਵਿੱਚ ਆਫ ਕਰਨਾ ਸਿਰਫ ਸਾਵਧਾਨੀ ਦੇ ਤੌਰ 'ਤੇ ਅਪਣਾਇਆ ਜਾਣ ਵਾਲਾ ਨਿਯਮ ਹੈ। ਅਰਬਾਂ ਰੁਪਏ ਵਾਲੇ ਜਹਾਜ਼ 'ਤੇ ਕੁਝ ਹਜ਼ਾਰ ਰੁਪਏ ਦੇ ਮੋਬਾਇਲ ਫੋਨ ਦਾ ਅਸਰ ਨਹੀਂ ਹੋਵੇਗਾ। ਜਹਾਜ਼ ਹਾਈਟੈੱਕ ਹੁੰਦੇ ਹਨ ਅਤੇ ਉਨ੍ਹਾਂ ਵਿਚ ਲੱਗੇ ਟੈਲੀਕਾਮ ਅਤੇ ਨੇਵੀਗੇਸ਼ਨ ਉਪਕਰਣਾਂ ਨੂੰ ਮੋਬਾਇਲ ਵਰਗੀਆਂ ਆਮ ਚੀਜ਼ਾਂ ਤੋਂ ਪਹੁੰਚ ਸਕਣ ਵਾਲੇ ਸੰਭਾਵਿਤ ਅੜਿੱਕੇ ਤੋਂ ਵਿਸ਼ੇਸ਼ ਸੁਰੱਖਿਆ ਪ੍ਰਦਾਨ ਕੀਤੀ ਜਾਂਦੀ ਹੈ।

ਹਾਲਾਂਕਿ ਪੈਟ੍ਰਿਕ ਇਹ ਚਿਤਾਵਨੀ ਜ਼ਰੂਰ ਦਿੰਦੇ ਹਨ ਕਿ ਇਸ ਗੱਲ ਦਾ ਵੀ ਮਹੱਤਵ ਹੈ ਕਿ ਕਿਸੇ ਗੈਜੇਟ ਨੂੰ ਕਦੋਂ ਅਤੇ ਕਿਵੇਂ ਵਰਤਿਆ ਜਾਂਦਾ ਹੈ। ਮਿਸਾਲ ਵਜੋਂ ਇਕ ਪੁਰਾਣਾ ਲੈਪਟਾਪ ਹਾਨੀਕਾਰਕ ਊਰਜਾ ਪੈਦਾ ਕਰ ਸਕਦਾ ਹੈ। ਅਜਿਹੇ ਵਿਚ ਜਹਾਜ਼ ਦੀ ਰਫ਼ਤਾਰ ਵਿਚ ਅਚਾਨਕ ਕਮੀ ਆਉਣ ਜਾਂ ਟਕਰਾਅ ਦੀ ਸਥਿਤੀ ਵਿਚ ਇਹ ਤੇਜ਼ ਰਫਤਾਰ ਵਾਲੇ ਗੋਲੇ ਦਾ ਰੂਪ ਲੈ ਸਕਦਾ ਹੈ।

ਹੁਣ ਤਕ ਦੋ ਗੰਭੀਰ ਘਟਨਾਵਾਂ ਦਾ ਦੋਸ਼ ਮੋਬਾਇਲ ਫੋਨ ਨੂੰ ਦਿੱਤਾ ਜਾਂਦਾ ਹੈ। ਪਹਿਲੀ ਘਟਨਾ ਸਾਲ 2000 ਵਿਚ ਸਵਿਟਜ਼ਰਲੈਂਡ ਦਾ ਅਣਸੁਲਝਿਆ ਕ੍ਰਾਸਏਅਰ ਪਲੇਨ ਕ੍ਰੈਸ਼ ਹੈ, ਜਦੋਂ ਕਿਸੇ ਨਾਜਾਇਜ਼ ਟਰਾਂਸਮਿਸ਼ਨ ਦੇ ਕਾਰਨ ਜਹਾਜ਼ ਦਾ ਆਟੋਪਾਇਲਟ ਭੁਲੇਖੇ ਵਿਚ ਪੈ ਗਿਆ ਸੀ। ਦੂਜੀ ਘਟਨਾ 2003 ਵਿਚ ਨਿਊਜ਼ੀਲੈਂਡ ਦੇ ਕ੍ਰਾਈਸਟ ਚਰਚ ਵਿਚ ਹੋਇਆ ਘਾਤਕ ਪਲੇਨ ਕ੍ਰੈਸ਼ ਹੈ। ਹਾਲਾਂਕਿ ਇਨ੍ਹਾਂ ਦੋਵਾਂ ਘਟਨਾਵਾਂ ਨੂੰ ਅਪਵਾਦ ਵੀ ਕਿਹਾ ਜਾ ਸਕਦਾ ਹੈ




ਅਤੇ ਉਡਾਣ ਦੌਰਾਨ ਮੋਬਾਇਲ ਫੋਨ ਸਵਿੱਚ ਆਫ ਕਰਨ ਦੇ ਨਿਰਦੇਸ਼ ਪਿੱਛੇ ਜ਼ਿਆਦਾਤਰ 'ਹਾਦਸੇ ਨਾਲੋਂ ਸਾਵਧਾਨੀ ਭਲੀ' ਵਾਲੀ ਸੋਚ ਹੁੰਦੀ ਹੈ। ਬੇਸ਼ੱਕ ਇਹ ਕੰਮ ਕਰਨ ਵਾਲਿਆਂ ਲਈ ਵਰਦਾਨ ਹੋਵੇਗਾ ਕਿ ਉਹ ਆਪਣੇ ਕੰਮ ਅਤੇ ਦਫਤਰ ਦੇ ਸੰਪਰਕ ਵਿਚ ਰਹਿਣਗੇ ਪਰ ਸਮਾਜਿਕ ਪੱਖ ਵੀ ਬਰਾਬਰ ਮਹੱਤਵਪੂਰਨ ਹੈ। ਜਦੋਂ ਤਕ ਯਾਤਰੀ ਹੈੱਡਫੋਨ ਲਗਾ ਕੇ ਮੋਬਾਇਲ ਤੋਂ ਗੀਤ ਸੁਣਦਾ ਹੈ, ਗੇਮ ਖੇਡਦਾ ਹੈ ਜਾਂ ਫਿਲਮਾਂ ਦੇਖਦਾ ਹੈ, ਉਦੋਂ ਤਕ ਤਾਂ ਉਸ ਦੇ ਸਹਿ-ਯਾਤਰੀਆਂ ਨੂੰ ਪ੍ਰੇਸ਼ਾਨੀ ਨਹੀਂ ਪਰ 200 ਤੋਂ 300 ਯਾਤਰੀਆਂ ਵਿਚਾਲੇ ਫੋਨ 'ਤੇ ਜ਼ੋਰ-ਜ਼ੋਰ ਨਾਲ ਲੰਮੀਆਂ-ਲੰਮੀਆਂ ਗੱਲਾਂ ਕਰਨ ਲੱਗੇ ਤਾਂ ਲੰਮੀ ਉਡਾਣ ਵਿਚ ਸਫਰ ਕਰ ਰਹੇ ਹੋਰ ਲੋਕ ਨਾ ਤਾਂ ਸ਼ਾਂਤੀ ਨਾਲ ਸੌਂ ਸਕਣਗੇ, ਨਾ ਆਰਾਮ ਕਰ ਸਕਣਗੇ ਅਤੇ ਨਾ ਹੀ ਕੁਝ ਪੜ੍ਹ ਸਕਣਗੇ। ਇਹ ਹਾਲਤ ਠੀਕ ਸਾਡੀਆਂ ਟ੍ਰੇਨਾਂ ਵਰਗੀ ਹੋ ਜਾਵੇਗੀ, ਜਿੱਥੇ ਸਾਡੀ ਨਿੱਜਤਾ ਦੀ ਉਲੰਘਣਾ ਕਰਨ ਵਾਲਾ ਗੈਰ-ਜ਼ਰੂਰੀ ਆਵਾਜ਼ ਪ੍ਰਦੂਸ਼ਣ ਵੱਡੀ ਚਿੰਤਾ ਦਾ ਵਿਸ਼ਾ ਬਣਿਆ ਰਹਿੰਦਾ ਹੈ।

ਕਿਉਂਕਿ ਸਮਾਰਟ ਫੋਨਜ਼ ਨੇ ਸਾਨੂੰ ਪੁਰਾਣੇ ਕੈਮਰਿਆਂ ਤੋਂ ਆਜ਼ਾਦੀ ਦਿਵਾ ਦਿੱਤੀ ਹੈ, ਅਜਿਹੇ ਵਿਚ ਜਹਾਜ਼ ਦੇ ਹਰ ਕੋਨੇ ਵਿਚ ਸੈਲਫੀ ਅਤੇ ਫੋਟੋ ਲੈਣ ਦੀ ਤਾਨਾਸ਼ਾਹੀ ਨਾਲ ਵੀ ਸਹਿ-ਯਾਤਰੀਆਂ ਲਈ ਪ੍ਰੇਸ਼ਾਨੀ ਸ਼ੁਰੂ ਹੋ ਜਾਵੇਗੀ। ਇਸ ਮਾਮਲੇ ਵਿਚ ਸ਼ਾਇਦ ਜਾਪਾਨੀਆਂ ਤੋਂ ਸਿੱਖਿਆ ਲਈ ਜਾ ਸਕਦੀ ਹੈ, ਜਿੱਥੇ ਰੇਲ ਯਾਤਰਾ ਦੌਰਾਨ ਵੀ ਲੋਕ ਫੋਨ ਚੁੱਕਣ ਤੋਂ ਗੁਰੇਜ਼ ਕਰਦੇ ਹਨ, ਤਾਂ ਕਿ ਉਨ੍ਹਾਂ ਦੇ ਸਹਿ-ਯਾਤਰੀ ਪ੍ਰੇਸ਼ਾਨ ਨਾ ਹੋਣ।

ਵਿਜੈ ਕੁਮਾਰ ਚੋਪੜਾ

# ਮੇਰੀ ਇੱਛਾ ਤੇਰੀ ਇੱਛਾ



ਸੰਦੀਪ ਕੁਮਾਰ




ਅਜਿਹਾ ਗੋਰਾ, ਉੱਚਾ, ਜਵਾਨ ਮੁੰਡਾ; ਇੰਨਾ ਮੰਨ ਲਓ 20-25 ਲੋਕਾਂ ਦੇ ਕੋਲ ਖੜਾ ਹੋਵੇ ਤਾਂ ਵੱਖਰਾ ਹੀ ਨਜ਼ਰ ਆ ਜਾਵੇ। ਜਸਵੰਤ ਦਾ ਮਨ ਪੜ੍ਹਾਈ ਵਿੱਚ ਘੱਟ, ਉਸਦਾ ਤਾਂ ਧਿਆਨ ਸਿਰਫ ਫੁੱਟਬਾਲ ਖੇਡਣ ਵਿੱਚ ਹੀ ਲੱਗਦਾ ਸੀ।ਉਸ ਦੇ ਪਿੰਡ ਵਿੱਚ ਲੋਕ ਫੁਟਬਾਲ ਨੂੰ ਹੀ ਪਹਿਲ ਦਿੰਦੇ ਸਨ। ਉਹ ਕਦੇ-ਕਦੇ ਕਾਲਜਾਂ ਦੇ ਵੱਲੋਂ ਸਟੇਟ ਲੈਵਲ ਉੱਤੇ ਖੇਡਣ ਜਾਂਦਾ।ਉਸ ਨੂੰ ਸ਼ਹਿਰ ਵਿੱਚ ਹਰਦੀਪ ਨਾਂ ਦਾ ਇੱਕ ਵਿਅਕਤੀ ਮਿਲਿਆ। ਉਸ ਨੂੰ ਕਹਿਣ ਲਗਾ, "ਜਸਵੰਤ ਤੂੰ ਪੜ੍ਹਾਈ ਉੱਤੇ ਧਿਆਨ ਦਿੱਤੈ ਕਦੇ," ਜਸਵੰਤ ਨੇ ਅੱਗੋਂ ਇੱਜਤ ਨਾਲ ਕਿਹਾ, "ਚਾਚਾ ਜੇਕਰ ਮੈ ਪੜ੍ਹਾਈ ਵਿੱਚ ਜ਼ਿਆਦਾ ਚੰਗਾ ਨਹੀਂ ਹਾਂ ਤਾਂ ਮੇਰੀ ਪੜ੍ਹਾਈ ਇੰਨੀ ਘੱਟ ਵੀ ਨਹੀਂ ਹੈ , ਤੁਸੀਂ ਮੇਰਾ ਕਦੇ ਫੁਟਬਾਲ ਦਾ ਮੈਚ ਵੇਖਿਆ ਨਹੀ ਹੋਵੇਗਾ।" ਹਰਦੀਪ ਨੇ ਕਿਹਾ, "ਅਜਿਹੀ ਗੱਲ ਨਹੀਂ ਹੈ, ਅਸੀਂ ਕਈ ਵਾਰ ਤੇਰਾ ਮੈਚ ਵੇਖਿਆ ਹੈ, ਤੇਰੇ ਅੱਗੇ ਤਾਂ ਦਸ ਖਿਡਾਰੀ ਨਹੀਂ ਟਿਕਦੇ, ਤੂੰ ਤਾਂ ਮੈਦਾਨ ਵਿੱਚ ਦੂਸਰੀ ਟੀਮ ਦੇ ਛੱਕੇ ਛੁਡਾ ਦਿੰਦਾ ਏਂ, ਮੈਂ ਕਈ ਵਾਰ ਵੇਖਿਆ ਹੈ।

ਹੁਣ ਜਸਵੰਤ 12ਵੀਂ ਜਮਾਤ ਪਾਸ ਕਰ ਚੁੱਕਿਆ ਸੀ।ਸ਼ਹਿਰ ਦੇ ਕਾਲਜ ਵਿੱਚ ਦਾਖਲ ਹੋ ਚੁੱਕਿਆ ਸੀ।ਸ਼ਹਿਰ ਦੇ ਟੂਰਨਾਮੈਂਟ ਵਿੱਚ ਭਾਗ ਲੈਂਦਾ, ਉਨ੍ਹਾਂ ਦੀ ਟੀਮ ਪਹਿਲਾ ਸਥਾਨ ਹਾਸਲ ਕਰ ਲੈਂਦੀ।ਪਿਤਾ ਸਰਕਾਰੀ ਸਕੂਲ ਵਿੱਚ ਅਧਿਆਪਕ ਸੀ।ਇੱਕ ਦਿਨ ਅਚਾਨਕ ਉਸ ਦੇ ਪਿਤਾ ਦੀ ਸੜਕ ਹਾਦਸੇ ਵਿੱਚ ਮੌਤ ਹੋ ਗਈ।ਹੁਣ ਜਸਬੰਤ ਅਤੇ ਉਸਦੀ ਮਾਂ ਇਕੱਲੇ ਰਹਿ ਗਏ।ਜਸਬੰਤ ਨੇ ਪੜ੍ਹਾਈ ਛੱਡ ਦਿੱਤੀ।ਉਹ ਘਰ ਰਹਿਣ ਲੱਗਾ ਅਤੇ ਆਪਣੇ ਖੇਤਾਂ ਦੀ ਦੇਖਭਾਲ ਕਰਨ ਲਗਾ।

ਮਹਿਕ ਨਾਂ ਦੀ ਕੁੜੀ ਅਕਸਰ ਉਨ੍ਹਾਂ ਦੇ ਘਰ ਆਉਂਦੀ ਜਾਂਦੀ ਸੀ।ਗੁਆਂਢੀ ਹੋਣ ਦੇ ਕਾਰਨ ਕਦੇ - ਕਦੇ ਥੋੜ੍ਹੀਆਂ ਬਹੁਤ ਚੀਜਾਂ ਮੰਗ ਕੇ ਲੈ ਜਾਂਦੀ।ਮਹਿਕ ਜਸਬੰਤ ਦੀ ਮਾਂ ਦੇ ਨਾਲ ਖੇਤੀ ਦਾ ਕੰਮ ਕਰਵਾ ਜਾਂਦੀ। ਉਨ੍ਹਾਂ ਦੇ ਖੇਤਾਂ ਵਿੱਚ ਅੰਬ ਦੇ ਲੱਗਭੱਗ ਦਸ ਦਰਖਤ ਖੜੇ ਸਨ।ਜਦੋਂ ਮੌਸਮ ਆਉਂਦਾ ਉਹ ਅੰਬ ਦੇ ਖੜੇ ਦਰੱਖਤਾਂ ਨੂੰ ਵਪਾਰੀ ਨੂੰ ਵੇਚ ਦਿੰਦੇ।ਜਿਨ੍ਹਾਂ ਦੀ ਆਮਦਨੀ ਨਾਲ ਘਰ ਦਾ ਗੁਜਾਰਾ ਚੰਗਾ ਚੱਲਦਾ।

ਇੱਕ ਦਿਨ ਜਸਬੰਤ ਕਿਸੇ ਮਿੱਤਰ ਦੇ ਵਿਆਹ ਵਿੱਚ ਗਿਆ ਸੀ।ਉਸਦੇ ਦੋਸਤਾਂ ਨੇ ਉਸ ਦੇ ਮਨ੍ਹਾ ਕਰਨ ਤੇ ਵੀ ਇੱਕ ਦੋ ਪੈਗ ਸ਼ਰਾਬ ਦੇ ਲਵਾ ਦਿੱਤੇ।ਜਸਬੰਤ ਨੇ ਉਸ ਦਿਨ ਪਹਿਲੀ ਵਾਰ ਸ਼ਰਾਬ ਪੀਤੀ ਸੀ।ਕੁੱਝ ਸਮਾਂ ਉੱਥੇ ਗੁਜਾਰਨ ਤੋ ਬਾਅਦ,ਉਹ ਰਾਤ ਹੁੰਦੇ ਹੀ ਘਰ ਵਾਪਸ ਪਰਤ ਆਇਆ ਅਤੇ ਜਦੋਂ ਉਹ ਸਵੇਰੇ ਉੱਠਿਆ, ਉਸਦਾ ਸਿਰ ਬਹੁਤ ਜ਼ਿਆਦਾ ਦਰਦ ਕਰਨ ਲਗਾ।ਉਸਨੇ ਆਪਣੇ ਆਪ ਨੂੰ ਕਿਹਾ, "ਸ਼ਰਾਬ ਕਿੰਨੀ ਬੁਰੀ ਚੀਜ ਹੈ, ਪੀ ਲਓ ਤਾਂ ਆਰਾਮ, ਜਦੋਂ ਉੱਤਰ ਜਾਵੇ ਤਾਂ ਆਦਮੀ ਬੇਚੈਨ ਕਰਦੀ ਹੈ।"

ਮਹਿਕ ਨੇ ਬੀ.ਏ. ਪਾਸ ਕਰ ਲਈ। ਪਰ ਉਸ ਨੇ ਕੋਈ ਨੌਕਰੀ ਨਹੀਂ ਕੀਤੀ। ਜਸਬੰਤ ਦੇ ਪਿੰਡ ਮਹਿਕ ਦੀ ਰਿਸ਼ਤੇਦਾਰੀ ਹੋਣ ਕਰਕੇ ਛੁੱਟੀਆਂ ਦਾ ਜਿਆਦਾ ਸਮਾਂ ਜਸਬੰਤ ਦੇ ਪਿੰਡ ਗੁਜਾਰਦੀ।ਹੁਣ ਉਹ ਜਸਬੰਤ ਦੇ ਘਰ ਜ਼ਿਆਦਾ-ਆਉਣ ਜਾਣ ਲੱਗੀ।ਜਸਬੰਤ ਅਤੇ ਮਹਿਕ ਜਦੋਂ ਇੱਕ ਦੂਜੇ ਨੂੰ ਵੇਖਦੇ, ਉਨ੍ਹਾਂ ਵਿੱਚ ਪਿਆਰ ਕਰਨ ਦੀ ਇੱਛਾ ਜਾਗ ਪੈਂਦੀ ਅਤੇ ਮਹਿਕ ਕੁੱਝ ਕਹੇ ਬਿਨਾਂ ਹੀ ਆਪਣੇ ਘਰ ਮੁੜ ਆਉਂਦੀ।

ਇੱਕ ਦਿਨ ਜਸਬੰਤ ਦੀ ਮਾਂ ਗੁਆਂਢ ਘਰ ਵਿੱਚ ਗਈ ਹੋਈ ਸੀ।ਉਨ੍ਹਾਂ ਦੀ ਖੁਲ੍ਹਮ-ਖੁਲ੍ਹਾ ਮੁਲਾਕਾਤ ਹੋ ਗਈ। ਉਸ ਦਿਨ ਦੇ ਬਾਅਦ ਮਹਿਕ ਉਸ ਨੂੰ ਜਦੋ ਵੀ ਮਿਲਦੀ ਕਹਿੰਦੀ, "ਜਸਬੰਤ ਵਿਆਹ ਤਾਂ ਮੈ ਤੇਰੀ ਨਾਲ ਹੀ ਕਰਾਵਾਂਗੀ, ਮੈਂ ਬਹੁਤ ਜ਼ਿਆਦਾ ਪਿਆਰ ਕਰਦੀ ਹਾਂ ਤੈਨੂੰ।" ਹੌਲੀ-ਹੌਲੀ ਉਨ੍ਹਾਂ ਦਾ ਪਿਆਰ ਸਾਰੀਆਂ ਹੱਦਾਂ ਪਾਰ ਕਰਨ ਲੱਗਾ।

ਇੱਕ ਸਮਾਂ ਅਜਿਹਾ ਆਇਆ,ਉਨ੍ਹਾਂ ਦੇ ਪਿਆਰ ਦੀਆਂ ਗੱਲਾਂ ਪਿੰਡ ਦੇ ਲੋਕ ਕਰਨ ਲੱਗੇ।ਜਸਬੰਤ ਦੀ ਮਾਂ ਨੂੰ ਵੀ ਪਤਾ ਚੱਲ ਗਿਆ।ਉਸਦੀ ਮਾਂ ਨੇ ਜਸਬੰਤ ਨੂੰ ਕਿਹਾ, "ਪਿੰਡ ਵਿੱਚ ਤੇਰੇ ਪਿਤਾ ਦੀ ਕਿੰਨੀ ਇੱਜਤ ਹੈ, ਜੇਕਰ ਤੂੰ ਉਹ ਕੁੜੀ ਦੇ ਨਾਲ ਵਿਆਹ ਕਰੇਗਾ, ਉਹ ਇੱਕ ਗਰੀਬ ਘਰ ਦੀ ਕੁੜੀ ਹੈ , ਅਤੇ ਤੂੰ ਆਪਣੇ ਪਿਤਾ ਦੇ ਬਾਰੇ ਵਿੱਚ ਸੋਚ ਉਨ੍ਹਾਂ ਦੀ ਕਿੰਨੀ ਇੱਜਤ ਸੀ, ਮੈਂ ਤੇਰਾ ਵਿਆਹ ਅਮੀਰ ਘਰ ਵਿੱਚ ਹੀ ਕਰਾਂਗੀ, ਮੇਰੀ ਇਹ ਇੱਛਾ ਹੈ ਤੂੰ ਇਸ ਕੁੜੀ ਨਾਲ ਵਿਆਹ ਨਹੀਂ ਕਰੇਂਗਾ, ਤੈਨੂੰ ਤਾਂ ਕੋਈ ਵੀ ਕੁੜੀ ਦੇ ਦੇਵੇਗਾ।" ਇਹ ਗੱਲ ਸੁਣ ਕੇ ਜਸਬੰਤ ਸੋਚ ਵਿੱਚ ਪੈ ਗਿਆ....

ਉੱਧਰ ਮਾਹਿਕ ਨੇ ਵੀ ਆਪਣੀ ਮਾਂ ਨੂੰ ਕਹਿ ਦਿੱਤਾ, "ਮੈਂ ਵਿਆਹ ਕਰਾਂਗੀ ਤਾਂ ਸਿਰਫ ਜਸਬੰਤ ਨਾਲ ਹੀ, ਨਹੀਂ ਤੇ ਜਾਨ ਦੇ ਦੇਵਾਂਗੀ।" ਮਹਿਕ ਨੇ ਮਾਂ ਨੂੰ ਤਾਂ ਮਨਾ ਲਿਆ ਪਰ ਉਹ ਆਪਣੇ ਪਿਤਾ ਨੂੰ ਤੇ ਭਰਾ ਨੂੰ ਨਹੀਂ ਮਨਾ ਸਕੀ। ਉਨ੍ਹਾਂ ਦੇ ਘਰ ਵਿੱਚ ਲੜਾਈ ਦਾ ਮਾਹੌਲ ਬਣ ਗਿਆ। ਮਹਿਕ ਦੀ ਮਾਂ ਨੇ ਪਿਤਾ ਨੂੰ ਤਾਂ ਮਨਾ ਲਿਆ ਪਰ ਭਰਾ ਨੂੰ ਨਹੀਂ ਮਨਾ ਸਕੀ।ਇਹ ਸਾਰੀਆਂ ਗੱਲਾਂ ਉਸ ਨੇ ਜਾ ਕੇ ਦੂਜੇ ਦਿਨ ਜਸਬੰਤ ਨੂੰ ਦੱਸੀਆਂ।ਜਸਬੰਤ ਨੇ ਸਾਰੀ ਗੱਲ ਸੁਣਕੇ ਇੱਕ ਹੀ ਗੱਲ ਕਹੀ, "ਮੇਰੀ ਮਾਂ ਦੀ ਇੱਛਾ ਹੈ ਸਾਡਾ ਵਿਆਹ ਨਹੀਂ ਹੋ ਸਕਦਾ।"

ਮਹਿਕ ਬਿਨਾਂ ਕੁੱਝ ਬੋਲੇ ਵਾਪਸ ਆ ਗਈ।ਉਹ ਸੋਚਦੀ ਰਹਿ ਗਈ ਕਿ ਜਸਬੰਤ ਉਸਨੂੰ ਕਿਵੇਂ ਧੋਖਾ ਦੇ ਸਕਦਾ ਹੈ।ਉਸਦੀ ਮਾਂ ਨੇ ਤਾਂ ਮੇਰੇ ਨਾਲ ਅਜਿਹੀ ਕਦੇ ਕੋਈ ਗੱਲ ਨਹੀ ਕੀਤੀ। ਮਹਿਕ ਉਦਾਸ ਰਹਿਣ ਲੱਗੀ। ਉਸ ਨੇ ਪਿਤਾ ਨੂੰ ਕਿਹਾ, "ਜਿੱਥੇਂ ਤੁਸੀ ਚਾਹੁੰਦੇ ਹੋ ਉੱਥੇ ਵਿਆਹ ਕਰ ਦੇਵੋ ਮੇਰਾ।""

ਕੁੱਝ ਸਮੇਂ ਬਾਅਦ ਮਹਿਕ ਉਹਨਾਂ ਦੇ ਘਰ ਆਉਣੋਂ ਬੰਦ ਹੋ ਗਈ, ਜਸਬੰਤ ਅਤੇ ਉਸਦੀ ਮਾਂ ਦੇ ਵਿੱਚ ਛੋਟੀ ਮੋਟੀ ਗੱਲ ਉੱਤੇ ਤਕਰਾਰ ਹੋਣ ਲੱਗੀ।

ਮਹਿਕ ਦੇ ਪਿਤਾ ਦੇ ਕਹਿਣ ਉੱਤੇ ਰਿਸ਼ਤੇਦਾਰਾਂ ਨੇ ਮਹਿਕ ਦਾ ਵਿਆਹ ਕਰ ਦਿੱਤਾ।ਜਸਬੰਤ ਦੀ ਮਾਂ ਨੂੰ ਤਾਂ ਪਤਾ ਸੀ ਕਿ ਮਹਿਕ ਦਾ ਵਿਆਹ ਕਰਨ ਜਾ ਰਹੇ ਹਨ।ਪਰ ਜਸਬੰਤ ਨੂੰ ਇਹ ਗੱਲ ਪਤਾ ਨਹੀਂ ਲੱਗੀ।ਜਸਬੰਤ ਦੀ ਮਾਂ ਨੇ ਵਿਆਹ ਤੋਂ ਪਹਿਲਾਂ ਹੀ ਉਸ ਨੂੰ ਬਾਹਰ ਭੇਜ ਦਿੱਤਾ।ਜਸਬੰਤ ਸੋਚ ਵੀ ਨਹੀਂ ਸਕਦਾ ਸੀ, ਮਹਿਕ ਅਜਿਹਾ ਫੈਸਲਾ ਲੈ ਸਕਦੀ ਹੈ।ਜਸਬੰਤ ਦੇ ਮਨ ਵਿੱਚ ਸੀ, ਮਹਿਕ ਆਪੇ ਮੇਰੀ ਮਾਂ ਨੂੰ ਮਨਾ ਲਵੇਗੀ।

ਜਦੋਂ ਜਸਬੰਤ ਨੂੰ ਮਹਿਕ ਦੇ ਵਿਆਹ ਦੀ ਗੱਲ ਪਤਾ ਚੱਲੀ, ਉਹ ਬੁਰੀ ਤਰ੍ਹਾਂ ਟੁੱਟ ਗਿਆ।ਉਹ ਹੁਣ ਘਰੋਂ ਬਾਹਰ ਰਹਿਣ ਲੱਗਾ।ਆਪਣੇ ਦੋਸਤਾਂ ਨੂੰ ਮਹਿਕ ਦੀਆਂ ਗੱਲਾਂ ਦੱਸਦਾ। ਉਹ ਹੌਲੀ-ਹੌਲੀ ਖੂਬ ਨਸ਼ਾ ਕਰਣ ਲੱਗਾ, ਮਹਿਕ ਨੂੰ ਭਲਾਉਣ ਲਈ। ਉਸ ਕੋਲ ਸ਼ਰਾਬ ਖਰੀਦਣ ਲਈ ਜਦੋ ਕਦੇ ਪੈਸਿਆਂ ਦੀ ਤੰਗੀ ਹੁੰਦੀ ਇੱਕ-ਇੱਕ ਕਰਕੇ ਖੇਤ ਵੀ ਗਹਿਣੇ ਰੱਖ ਦਿੰਦਾ।ਉਨ੍ਹਾਂ ਪੈਸਿਆਂ ਦਾ ਨਸ਼ਾ ਕਰ ਲੈਂਦਾ।ਉਸ ਦੀ ਨਸ਼ੇ ਦੀ ਆਦਤ ਵੱਧ ਚੁੱਕੀ ਸੀ।ਉਸ ਨੂੰ ਕਦੇ-ਕਦੇ ਪਿੰਡ ਦੇ ਲੋਕ ਉਸਦੀ ਖ਼ਰਾਬ ਹਾਲਤ ਹੋਣ ਦੇ ਕਾਰਨ, ਨਸ਼ੇ ਦੀ ਹਾਲਤ ਵਿੱਚ ਹਸਪਤਾਲ ਵਿੱਚ ਲੈ ਜਾਂਦੇ। ਉਹ ਦਵਾਈਆਂ ਨਾਲ ਠੀਕ ਤਾਂ ਹੋ ਜਾਂਦਾ, ਪਰੰਤੂ ਫਿਰ ਨਸ਼ਾ ਲੈ ਲੈਂਦਾ। ਉਹ ਹੁਣ ਸਮੇਂ ਦੇ ਨਾਲ, ਗਰੀਬ ਹੋ ਗਿਆ।ਉਸਦੀ ਮਾਂ ਵੀ ਬੁੱਢੀ ਹੋ ਗਈ। ਉਹ ਉਸ ਦੀ ਹਾਲਤ ਵੇਖ ਕੇ ਬਿਮਾਰ ਰਹਿਣ ਲੱਗੀ।ਇੱਕ ਦਿਨ ਉਸਦੀ ਮਾਂ ਵੀ ਮਰ ਗਈ। ਜਸਬੰਤ ਆਪਣੀ ਮਾਂ ਦੀ ਜਲਦੀ ਚਿਤਾ ਦੇ ਕੋਲ ਬੈਠਾ ਕਹਿ ਰਿਹਾ ਸੀ, "ਮਾਂ, ਇਹ ਤੇਰੀ ਇੱਛਾ ਸੀ, ਤੂੰ ਉਸ ਕੁੜੀ ਨਾਲ ਵਿਆਹ ਨਹੀਂ ਕਰੇਂਗਾ, ਮਾਂ, ਇਹ ਮੇਰੀ ਇੱਛਾ ਸੀ, ਕਿ ਮੈਂ ਉਸ ਕੁੜੀ ਨਾਲ ਹੀ ਵਿਆਹ ਕਰਾਂਗਾ।"

ਜਸਬੰਤ ਆਪਣੀ ਮਾਂ ਦਾ ਸਸਕਾਰ ਕਰ ਚੁੱਕਿਆ ਸੀ। ਹੁਣ ਜਸਬੰਤ ਅਤੇ ਬੋਤਲ ਘਰ ਵਿੱਚ ਦੋਵੇਂ ਰਹਿ ਗਏ.....

ਮਹਿਕ ਉਸਦਾ ਇੱਕ ਖੁਆਬ ਹੀ ਬਣ ਕੇ ਰਹਿ ਗਈ

# ਤਸੱਲੀ



ਸੁਰਜੀਤ ਦੇ ਨੂੰਹ-ਪੁੱਤ ਅਮਰੀਕਾ ਜਾ ਕੇ ਵਸ ਗਏ। ਕੁਝ ਸਮੇਂ ਬਾਅਦ ਉਨ੍ਹਾਂ ਦੇ ਘਰ ਲੜਕੀ ਹੋਈ। ਸੁਰਜੀਤ ਅਤੇ ਉਸ ਦਾ ਪਤੀ ਅਪਣੇ ਪੁੱਤ ਨਾਲ ਦੂਜੇ-ਤੀਜੇ ਦਿਨ ਫੋਨ 'ਤੇ ਗੱਲਬਾਤ ਕਰ ਲੈਂਦੇ ਸਨ। ਉਹ ਜ਼ਿਆਦਾਤਰ ਵੀਡੀਓ ਕਾਲ ਹੀ ਕਰਦੇ। ਆਪਣੇ ਪੁੱਤ ਨੂੰ ਦੇਖ ਕੇ, ਗੱਲਬਾਤ ਕਰ ਕੇ ਉਨ੍ਹਾਂ ਨੂੰ ਤਸੱਲੀ ਜਿਹੀ ਮਿਲਦੀ। ਉਂਜ, ਦੋਵਾਂ ਨੂੰ ਇੱਕ ਝੋਰਾ ਅੰਦਰੋ-ਅੰਦਰ ਖਾਂਦਾ ਰਹਿੰਦਾ ਮਤੇ ਅਮਰੀਕਾ ਦੀ ਜੰਮਪਲ ਕੁੜੀ ਉਨ੍ਹਾਂ ਦੇ ਸਾਊ ਜਿਹੇ ਮੁੰਡੇ 'ਤੇ ਰੋਹਬ ਨਾ ਪਾ ਲਵੇ।ਕੁੜੀ ਦੇ ਜਨਮ ਤੋਂ ਬਾਅਦ ਉਹ ਸ਼ਾਮ ਨੂੰ ਆਪਣੇ ਪੁੱਤ ਨਾਲ ਗੱਲ ਕਰਦੇ। ਉਦੋਂ ਅਮਰੀਕਾ ਵਿੱਚ ਸਵੇਰ ਹੁੰਦੀ। ਫੋਨ ਵੇਲੇ ਮੁੰਡੇ ਨੇ ਆਪਣੀ ਧੀ ਨੂੰ ਹਮੇਸ਼ਾਂ ਗੋਦੀ 'ਚ ਚੁੱਕਿਆ ਹੁੰਦਾ। ਇੱਕ ਦਿਨ ਮਾਂ ਨੇ ਪੁੱਛ ਹੀ ਲਿਆ, "ਪੁੱਤ, ਮੈਂ ਜਦੋਂ ਵੀ ਤੇਰੇ ਨਾਲ ਗੱਲ ਕਰਦੀ ਹਾਂ, ਹਮੇਸ਼ਾਂ ਕੁੜੀ ਨੂੰ ਤੂੰ ਹੀ ਚੁੱਕਿਆ ਹੁੰਦਾ ਹੈ, ਕੀ ਬਹੂ ਇਸ ਨੂੰ ਬਿਲਕੁਲ ਨਹੀਂ ਸੰਭਾਲਦੀ ? ਅੱਗੋਂ ਮੁੰਡੇ ਨੇ ਕਿਹਾ, "ਨਹੀਂ ਮਾਂ, ਇਹ ਗੱਲ ਨਹੀਂ। ਉਹ ਇਸ ਨੂੰ ਸਾਰੀ ਰਾਤ ਸੰਭਾਲਦੀ ਹੈ। ਉਹ ਹੁਣੇ ਸੁੱਤੀ ਹੈ। "ਲੈ ਪੁੱਤ, ਤੈਨੂੰ ਕੀ ਮੈਂ ਪਾਲਿਆ ਨਹੀਂ ਇੱਕਲੀ ਨੇ। ਨਾਲੇ ਘਰ ਦਾ ਸਾਰਾ ਕੰਮ ਕਰਨਾ, ਉਪਰੋਂ ਤੂੰ ਬਥੇਰੀ ਰਿਹਾੜ ਕਰਦਾ ਸੀ। ਤੇਰੇ ਪਾਪਾ ਨੇ ਤਾਂ ਤੈਨੂੰ ਕਦੀ ਰੋਂਦੇ ਨੂੰ ਨਹੀਂ ਸੀ ਵਰਾਇਆ। ਉਂਜ ਖੇਡਦੇ ਤੋਂ ਤਾਂ ਭਾਵੇਂ ਕਦੇ ਤੈਨੂੰ ਚੁੱਕ ਲੈਂਦੇ ਸੀ। ਇੰਨੀ ਸੁਣ ਕੇ ਮੁੰਡੇ ਨੇ ਆਪਣੀ ਮਾਂ ਨੂੰ ਸਮਝਾਇਆ, "ਮਾਂ! ਉਦੋਂ ਜ਼ਮਾਨਾ ਹੋਰ ਸੀ। ਉਦੋਂ ਬੱਚਿਆਂ ਨੂੰ ਪਾਲਣ ਵਾਸਤੇ ਘਰਾਂ ਵਿੱਚ ਦਾਦਾ-ਦਾਦੀ, ਚਾਚੇ-ਤਾਏ ਅਤੇ ਭੂਆ ਹੁੰਦੀਆਂ ਸਨ। ਪਰਿਵਾਰ ਵਿੱਚ ਬੱਚੇ ਦੇ ਪਲਣ ਦਾ ਤਾਂ ਪਤਾ ਹੀ ਨਹੀਂ ਸੀ ਲੱਗਦਾ। ਮਾਂ! ਹੁਣ ਸਮੇਂ ਦਾ, ਹਾਲਾਤ ਦਾ ਬਹੁਤ ਫ਼ਰਕ ਹੈ। ਨਾਲੇ ਉਹ ਵੀ ਤਾਂ ਸਾਰੀ ਰਾਤ ਕੁੜੀ ਕਰਕੇ ਜਗਰਾਤਾ ਕੱਟਦੀ ਹੈ। ਇਹ ਸਾਰੀ ਰਾਤ ਉਸ ਨੂੰ ਸੌਣ ਨਹੀਂ ਦਿੰਦੀ। ਹੋਰ ਥੋੜ੍ਹੀ ਦੇਰ ਨੂੰ ਮੈਂ ਤਾਂ ਕੰਮ 'ਤੇ ਚਲਾ ਜਾਵਾਂਗਾ। ਉਹ ਵੀ ਇਕੱਲੀ ਸਾਰਾ ਦਿਨ ਅੱਕ ਜਾਂਦੀ ਹੈ। ਸਿੱਧੀ ਜਿਹੀ ਗੱਲ ਹੈ ਮਾਂ, ਇਸ ਨੂੰ ਪਾਲਣ ਦਾ ਫ਼ਰਜ਼ ਵੀ ਤਾਂ ਸਾਡਾ ਦੋਵਾਂ ਦਾ ਹੀ ਹੈ। ਮੁੰਡੇ ਵੱਲੋਂ ਇੰਨੀ ਸਿਆਣਪ ਭਰੀ ਗੱਲ ਸੁਣ ਕੇ ਮਾਂ ਦੀ ਤਸੱਲੀ ਹੋ ਗਈ। ਮੁੜ ਉਸ ਨੇ ਕਦੇ ਅਜਿਹੀ ਗੱਲ ਨਹੀਂ ਚਿਤਾਰੀ।

**ਰਾਜ ਕੌਰ ਕਮਾਲਪੁਰ**

# ਮੌਤ

ਅੱਜ ਅਚਾਨਕ ਹੋਈਆਂ ਦੋ ਨੌਜਵਾਨਾਂ ਦੀਆਂ ਮੌਤਾਂ ਨਾਲ ਪਿੰਡ ਵਿੱਚ ਸਨਸਨੀ ਫੈਲ ਗਈ ਸੀ। ਹਰ ਇੱਕ ਦੀ ਜ਼ੁਬਾਨ 'ਤੇ ਇਨ੍ਹਾਂ ਦੋਵਾਂ ਨੌਜਵਾਨਾਂ ਦੀ ਮੌਤ ਦਾ ਜ਼ਿਕਰ ਸੀ। ਲੋਕ ਪਹਿਲਾਂ ਨਾਜਰ ਸਿੰਘ ਦੇ ਪੁੱਤ ਦਾ ਸਸਕਾਰ ਕਰਵਾਉਣ ਲਈ ਉਸ ਦੇ ਘਰ ਗਏ ਤੇ ਬਾਅਦ ਵਿੱਚ ਧਰਮ ਸਿੰਘ ਦੇ ਪੁੱਤ ਦਾ ਸਸਕਾਰ ਕਰਵਾਉਣ ਲਈ ਉਸਦੇ ਘਰ।ਜਦ ਨਾਜਰ ਸਿੰਘ ਆਪਣੇ ਪੁੱਤਰ ਦੀ ਅਰਥੀ ਚੁੱਕਣ ਲੱਗਿਆ ਤਾਂ ਉਸ ਦਾ ਸਿਰ ਝੁਕਿਆ ਹੋਇਆ ਸੀ ਤੇ ਉਹ ਆਪਣੇ ਆਪ ਵਿੱਚ ਸ਼ਰਮ ਜਿਹੀ ਮਹਿਸੂਸ ਕਰ ਰਿਹਾ ਸੀ। ਦੂਜੇ ਪਾਸੇ ਜਦ ਧਰਮ ਸਿੰਘ ਨੇ ਆਪਣੇ ਪੁੱਤ ਦੀ ਅਰਥੀ ਚੁੱਕੀ ਤਾਂ ਉਸ ਦੀਆਂ ਅੱਖਾਂ ਵਿੱਚ ਅਜੀਬ ਜਿਹੀ ਚਮਕ ਸੀ ਤੇ ਉਹ ਫ਼ਖ਼ਰ ਮਹਿਸੂਸ ਕਰ ਰਿਹਾ ਸੀ। ਇਸ ਫ਼ਰਕ ਦਾ ਕਾਰਨ ਇਹ ਸੀ ਕਿ ਨਾਜਰ ਸਿੰਘ ਦਾ ਪੁੱਤ, ਜੋ ਗ਼ਲਤ ਸੰਗਤ ਵਿੱਚ ਪੈਣ ਕਾਰਨ ਲੁੱਟਾਂ ਖੋਹਾਂ ਕਰਕੇ ਆਪਣੇ ਨਸ਼ੇ ਦੀ ਘਾਟ ਪੂਰੀ ਕਰਦਾ ਸੀ, ਨਸ਼ੇ ਦੀਆਂ ਜ਼ਿਆਦਾ ਗੋਲੀਆਂ ਖਾਣ ਕਾਰਨ ਪ੍ਰਾਣ ਤਿਆਗ ਗਿਆ ਸੀ।ਦੂਜੇ ਪਾਸੇ ਧਰਮ ਸਿੰਘ ਦਾ ਫ਼ੌਜੀ ਪੁੱਤ ਸਰਹੱਦ 'ਤੇ ਘੁਸਪੈਠੀਆਂ ਵੱਲੋਂ ਕੀਤੇ ਗਏ ਹਮਲੇ ਦਾ ਜਵਾਬ ਦਿੰਦਾ ਹੋਇਆ, ਦੋ ਅਤਿਵਾਦੀਆਂ ਨੂੰ ਮਾਰ ਕੇ ਉਨ੍ਹਾਂ ਦੇ ਬਾਕੀ ਸਾਥੀਆਂ ਦਾ ਸਾਹਮਣਾ ਕਰਦਾ ਹੋਇਆ ਆਪਣੀ ਹਿੱਕ 'ਤੇ ਗੋਲੀਆਂ ਖਾ ਕੇ ਸ਼ਹੀਦ ਹੋਇਆ ਸੀ।

**ਬਲਜੀਤ ਥਰਾਜ**

# ਅਰਦਾਸ



ਗੁਰਦੁਆਰੇ ਅੰਦਰ ਵੜਦਿਆਂ ਗੁਰਮੁਖ ਸਿੰਘ ਨੇ ਇੱਕ ਸਿੰਘ ਨੂੰ ਫ਼ਤਹਿ ਬੁਲਾਈ। ਅੱਗੋਂ ਸਿੰਘ ਨੇ ਹੱਥ ਜੋੜ ਕੇ ਸਤਿਕਾਰ ਸਹਿਤ ਜਵਾਬ ਦਿੱਤਾ।

"ਗ੍ਰੰਥੀ ਜੀ ਨੂੰ ਮਿਲਣਾ ਹੈ।"

"ਹੁਕਮ ਕਰੋ, ਮੈਂ ਗ੍ਰੰਥੀ ਦੀ ਸੇਵਾ ਨਿਭਾਅ ਰਿਹਾ ਹਾਂ।""ਇਹ ਮੇਰੀ ਪਤਨੀ ਹੈ, ਇਹ ਸਾਡਾ ਪੁੱਤਰ ਤੇ ਉਹ ਨੂੰਹ ਰਾਣੀ ਹੈ।"

"ਜੀ।" "ਅਸੀਂ ਆਪਣੇ ਪੁੱਤਰ ਦੇ ਘਰ ਭੁਚੰਗੀ ਦੀ ਦਾਤ ਲਈ ਆਪ ਜੀ ਕੋਲੋਂ ਅਰਦਾਸ ਕਰਵਾਉਣੀ ਹੈ।"

"ਭਾਈ ਸਾਹਿਬ! ਧੀ ਜਾਂ ਪੁੱਤਰ ਤਾਂ ਪਰਮਾਤਮਾ ਦੀ ਦਾਤ ਹੁੰਦੀ ਹੈ। ਇਹ ਮੰਗੀ ਨਹੀਂ ਜਾਂਦੀ, ਪਰਮਾਤਮਾ ਆਪ ਹੀ ਝੋਲੀ ਪਾ ਦਿੰਦਾ ਹੈ।"

"ਸਾਨੂੰ ਭੁਚੰਗੀ ਹੀ ਚਾਹੀਦਾ ਹੈ। ਤੁਹਾਡੀ ਕੀਤੀ ਅਰਦਾਸ ਪ੍ਰਵਾਨ ਹੋਵੇਗੀ। ਕਿਰਪਾ ਕਰੋ।"

"ਮੈਂ ਰੱਬ ਦੀ ਰਜ਼ਾ ਅੱਗੇ ਹੱਥ ਜੋੜਦਾ ਹਾਂ। ਸਿਰਫ਼ ਲੜਕੇ ਦੀ ਪ੍ਰਾਪਤੀ ਲਈ ਅਰਦਾਸ ਕਰਨੀ ਗੁਰਮਤਿ ਨਹੀਂ ਹੈ। ਸੋ ਅਰਦਾਸ ਕਰੋ ਕਿ ਬੱਚਾ ਤੰਦਰੁਸਤ ਤੇ ਭਾਗਾਂ ਵਾਲਾ ਹੋਵੇ ਜੋ ਗੁਰੂ ਦੇ ਲੜ ਲੱਗ ਕੇ ਨੇਕ ਕਰਮ ਕਰੇ।"

"ਭਾਈ ਸਾਹਿਬ, ਤੁਸੀਂ ਤਾਂ ਭਾਸ਼ਣ ਦੇਣ ਲੱਗ ਪਏ। ਸਾਡੀ ਭਾਵਨਾ ਦਾ ਧਿਆਨ ਕਰਦਿਆਂ ਅਰਦਾਸ ਕਰੋ। ਅਸੀਂ ਤੁਹਾਨੂੰ 1100 ਰੁਪਏ ਭੇਟਾ ਵੀ ਦਿਆਂਗੇ।" ਗੁਰਮੁਖ ਸਿੰਘ ਨੇ ਮਾਇਆ ਦਾ ਲਾਲਚ ਦੇਣਾ ਚਾਹਿਆ।

"ਗੁਰਮੁਖੋ! ਮੈਂ ਮਾਇਆ ਬਦਲੇ ਅਰਦਾਸ ਨਹੀਂ ਕਰਦਾ। ਅਰਦਾਸ ਤਾਂ ਸਰਬੱਤ ਦੇ ਭਲੇ ਲਈ ਕੀਤੀ ਜਾਂਦੀ ਹੈ।" ਗ੍ਰੰਥੀ ਸਿੰਘ ਕਿਸੇ ਵੀ ਹੀਲੇ ਅਰਦਾਸ ਕਰਨ ਲਈ ਤਿਆਰ ਨਹੀਂ ਸੀ। ਖਿੱਝਦਿਆਂ ਗੁਰਮੁਖ ਸਿੰਘ ਨੇ ਕਿਹਾ, "ਸਾਨੂੰ ਮੁੱਖ ਗ੍ਰੰਥੀ ਨਾਲ ਮਿਲਾਓ। ਮੈਂ ਉਨ੍ਹਾਂ ਨੂੰ ਬੇਨਤੀ ਕਰਾਂਗਾ।" "ਮੈਂ ਮੁਲਾਕਾਤ ਕਰਵਾ ਦਿੰਦਾ ਹਾਂ, ਪਰ ਤੁਹਾਡੀ ਅਰਦਾਸ ਉਨ੍ਹਾਂ ਨੇ ਵੀ ਨਹੀਂ ਕਰਨੀ।" "ਕਿਉਂ ?" "ਇੰਜ ਗੁਰਮਤਿ ਦੇ ਵਿਪਰੀਤ ਕੀਤੀ ਅਰਦਾਸ ਗੁਰੂ ਘਰ ਪ੍ਰਵਾਨ ਨਹੀਂ ਹੁੰਦੀ। ਜੇ ਅਜਿਹਾ ਹੋ ਸਕਦਾ ਤਾਂ ਮੇਰੇ ਘਰ ਦੋ ਤੇ ਮੁੱਖ ਗ੍ਰੰਥੀ ਦੇ ਘਰ ਤਿੰਨ ਬੇਟੀਆਂ ਪੈਦਾ ਨਾ ਹੁੰਦੀਆਂ।"

**ਸੁਰਿੰਦਰ ਕੈਲੇ**

# ਬੜਾ ਰੋਕਿਆ ਦਿਲ ਝੱਲੇ ਨੂੰ

ਬੜਾ ਰੋਕਿਆ ਦਿਲ ਝੱਲੇ ਨੂੰ।
ਛੇੜੀ ਨਾ ਤੂੰ ਰੋਗ ਅਵੱਲੇ ਨੂੰ।
ਨਹੀਂ ਮੰਨਿਆ ਬੇਕਾਬੂ ਹੋਇਆ।
ਸਿਰ ਇਸ਼ਕੇ ਦਾ ਜਾਦੂ ਹੋਇਆ।
ਸੌਣ ਨਾ ਦਿੰਦੇ ਹਰਫ਼ ਸਿਸਕਦੇ।
ਬੈਠ ਸਿਰਾਣੇ ਰੋਜ ਵਿਲਕਦੇ।
ਕਹਿੰਦੇ ਕਾਹਤੋਂ ਚੁੱਪ ਬੈਠੀ ਏ।
ਡਰ ਕਾਹਦਾ ਤੂੰ ਲੁਕ ਬੈਠੀ ਏ।
ਵਰਕੇ ਮੈਨੂੰ ਪਾਉਣ ਵਾਸਤੇ।
ਲੱਭ ਲੈ ਕੋਈ ਵੱਖਰੇ ਰਾਸਤੇ।
ਹਿੱਕ ਸਾਡੀ ਤੇ ਲਿਖ ਦੇ ਕੁੜੀਏ।
ਸੋਚ ਕੋਈ ਤੂੰ ਮਿੱਥ ਕੇ ਕੁੜੀਏ।
ਅਬਲਾ ਇੱਕ ਹੈ ਬੇਪੱਤ ਹੋਈ।
ਔਰਤ ਹੱਥੋਂ ਫਿਰ ਔਰਤ ਮੋਈ।
ਗੈਰਾਂ ਨੂੰ ਕਿਉ ਦੋਸ਼ ਤੂੰ ਦੇਵੇਂ।
ਮੱਤ ਮਾਰੀ ਤੇਰੀ ਹੋਸ਼ ਖੋ ਦੇਵੇਂ।
ਦੁਨੀਆ ਦਾ ਕੀ ਏ ਲਾਵੇ ਚਟਕਾਰੇ।
ਕੋਈ ਹਾਮੀ ਭਰਦਾ ਕੋਈ ਫਿਟਕਾਰੇ।



ਸੰਭਲ ਅੜੀਏ ਤੂੰ ਲਾਚਾਰ ਕਿਉਂ ਹੈਂ।
ਦੇਹੀ ਦਾ ਅੜੀਏ ਵਪਾਰ ਕਿਉਂ ਹੈਂ।
ਤੇਗ ਤੂੰ ਫੜ ਮਾਈ ਭਾਗੋ ਬਣਜਾ।
ਹੰਸ ਤੂੰ ਅੜੀਏ ਕਾਗੋਂ ਬਣਜਾ।
ਹਰਫ਼ਾਂ ਦਾ ਕਦੇ ਹਾਰ ਪਰੋ ਕੇ।
ਬੈਠ ਕਦੇ ਤੂੰ ਇਹਨਾਂ ਸੰਗ ਹੋ ਕੇ।
ਨਿਰਮਲ ਐਸੀ ਲੋਰ ਲੱਗੀ ਹੈ।
ਹਰਫ਼ਾਂ ਦੇ ਸੰਗ ਡੋਰ ਬੱਝੀ ਹੈ

**ਨਿਰਮਲ ਕੌਰ ਕੋਟਲਾ**

# ਹੁਕਮਰਾਨ

ਹੁਕਮਰਾਨ
ਮੇਰੇ ਦੇਸ਼ ਦਾ
ਬੜਾ ਉੱਚਾ ਬੈਠਦਾ ਹੈ !
ਉਹ ਤਾਂ
ਖ਼ਾਮੋਸ਼
ਕੁੰਦੀਆਂ ਸੁਰਾਂ ਦੀ
ਘੰਢੀ ਨਪਿੱਤ ਕੇ,
ਉਹਨਾਂ 'ਤੋਂ
ਆਖਰੀ ਚੀਕਾਂ ਦੀ
ਹੋਂਦ ਤੱਕ
ਉੱਚਾ ਬੁਲਾ ਕੇ
ਸੁਣਨ ਦਾ ਆਦੀ ਹੋ ਰਿਹਾ ਹੈ !
ਨਹੀਂ ਤਾਂ
ਉਹਨੂੰ ਕੇਹੜਾ ਦਿਖਦਾ ਨਹੀਂ...
ਕਿ ਕੰਨਾਂ ਵਿੱਚੋਂ ਮਧੁਰਤਾ
ਮੈਲ ਦੀ ਗਰੋੜੀ ਬਣ
ਡਿੱਗ ਰਹੀ ਹੈ !
ਚੀਕ-ਚਿਹਾੜੇ,
ਅੜੈਕਣੀਆਂ
ਅਮਨ-ਚੈਨ ਦੇ



**ਗਗਨਦੀਪ ਸਿੰਘ ਸੰਧੂ**
(+917589431402)

ਬੂਹੇ ਭਿੱਤਾਂ ਭੰਨ ਕੇ
ਆ ਵੜੇ ਨੇ,
ਉਹਨੂੰ ਕੇਹੜਾ ਦਿਖਦਾ ਨਹੀਂ...!
ਉਹਨੂੰ ਕੇਹੜਾ ਦਿਖਦਾ ਨਹੀਂ...
ਸਿਆਹ ਸੜਕਾਂ ਦਾ ਰੰਗ
ਸੁਰਖ ਹੁੰਦਾ !!
ਤੁਸੀ ਦੇਖਦੇ ਰਹੋ
ਕਰੁਣਾ ਦੀਆਂ ਕੂੰਜਾਂ ਨੂੰ
ਅਪਣੇ ਸਿਰੋਂ
ਮੂੰਹ ਘੁੱਟ ਰੋਦੀਆਂ ਜਾਦੀਆਂ,
ਦਿਖਦਾ ਤਾਂ
ਉਹਨੂੰ ਵੀ ਹੈ
ਪਰ ਉਹਨੂੰ
ਚੁੱਲ੍ਹੇ ਅੱਗੇ ਡਾਹੀਆਂ
ਪੀੜ੍ਹੀਆਂ ਨਾਲੋਂ
'ਮੂੜ੍ਹੇ' ਜਿਆਦਾ ਪਸੰਦ ਨੇ !
ਨਹੀਂ ਤਾਂ
ਦੇਖਣ ਨੂੰ
ਉਹਨੂੰ ਕੇਹੜਾ ਦਿਖਦਾ ਨਹੀਂ।

# ਤਾਂ ਜਾਣੇ



ਕਦੇ ਤੂੰ ਵੀ ਮੇਰੀ ਜੂਨ ਹੰਢਾ ਤਾਂ ਜਾਣੇ,
ਰੋਟੀ ਨਿਤ ਕਮਾ ਕੇ ਖਾ ਤਾਂ ਜਾਣੇ,
ਕਿਦਾਂ ਪੈ ਜਾਂਦਾ ਹੈ ਫਿਕਰ ਤੜਕੇ ਹੀ,
ਤੂੰ ਕਦੇ ਇਕ ਦਿਹਾੜੀ ਲਾ ਤਾਂ ਜਾਣੇ,
ਵਿਚ ਬੀਤੇ ਦਿਨ ਏ ਸੀ ਬੰਗਲੇ ਦੇ,
ਕਦੇ ਧੁੱਪ ਲੂ ਨਾਲ ਕਮਲਾ ਤਾਂ ਜਾਣੇ,
ਵਿੱਤੋਂ ਵਧ ਖਾ ਹੋ ਜਾਂਦਾ ਔਖਾ ਈ,
ਕਦੇ ਭੁਖੇ ਪੇਟ ਦਿਹਾੜੀ ਲਾ ਤਾਂ ਜਾਣੇ,
ਨੋਟਾਂ ਦੇ ਥੱਬੇ ਰਖ ਭੁਲਦਾਂ ਈ,
ਕਦੇ ਗਿਣਵੇ ਜੇਬ ਚ ਪਾਤਾਂ ਜਾਣੇ
ਖਾ ਖਾ ਕਾਲੇ ਧੰਨ ਨਾਲ ਪਲਿਆ ਈ,
ਕਦੇ ਹੱਕ ਸਚ ਦਿ ਖਾ ਤਾਂ ਜਾਣੇ

**ਹਰਦੀਪ ਬਿਰਦੀ**
9041600900

# ਸੀਨੇ ਦੀ ਅੱਗ



ਧੁੱਖ ਦੀ ਪਾਥੀ ਵਰਗੀ ਹਾਂ ਮੈਂ
ਦੱਬੀ ਹੈ ਉਸਦੇ ਵਾਂਗ
ਮੇਰੇ ਸੀਨੇ ਵਿੱਚ ਵੀ ਅੱਗ
ਫਰਕ ਹੈ ਤਾਂ ਬੱਸ ਏਨਾ
ਉਸ 'ਚੋਂ ਨਿਕਲਦਾ ਧੂੰਆਂ
ਕਰਦਿੰਦਾ ਹੈ ਜੱਗ ਜਾਹਿਰ
ਉਸਦੇ ਅੰਦਰਦਾ ਦੁੱਖ
ਤੇ ਛੁਪਾ ਲੈਂਦੀ ਹਾਂ ਮੈ
ਦਰਦ 'ਚ ਨਿਕਲੇ ਹੰਝੂਆਂ ਨੂੰ
ਉਸੇ ਧੂੰਏ ਦਾ ਬਹਾਨਾ ਕਰ ਕੇ

**ਕੰਵਲਜੀਤ ਕੌਰ ਢਿੱਲੋਂ**
**ਤਰਨਤਾਰਨ**
**ਸੰਪਰਕ 9478793231**

# ਉਡੀਕ

ਕਿੰਨੀ ਅਹਿਮ ਹੈ, ਮੇਰੀ ਜ਼ਿੰਦਗੀ ਨੂੰ,
ਮੇਰੇ ਜਿਉਣ ਲਈ,ਕਰਨੀ ਕਿਸੇ ਦੀ ਉਡੀਕ।
ਦੋਸਤ ਸੀ ਮੇਰੇ ਬਚਪਨ ਦਾ,ਉਹ ਵਿੱਛੜ ਗਿਆ,
ਸ਼ਾਈਦ,ਮਿਲੇਨਾ ਮਿਲੇ,ਪਰ ਮੰਨ ਤੇਮੇਰਾ,ਕਰਦਾ ਏਉਡੀਕ।
ਵਕਤ ਬੀਤ ਗਿਆ,ਮੁੜ ਆਏਗਾ ਨਹੀਂ,
ਪਰ ਫਿਰ ਵੀ ਮੰਨ,
ਉਹਨਾਂ ਦਿਨਾਂ ਦੀ, ਕਿਉਂ ਕਰਦਾ ਏ ਉਡੀਕ।
ਕਿੰਨੀ ਅਹਿਮ ਹੈ, ਮੇਰੀ ਜ਼ਿੰਦਗੀ ਨੂੰ,
ਮੇਰੇ ਜਿਉਣ ਲਈ, ਕਰਨੀ ਕਿਸੇ ਦੀ ਉਡੀਕ।
ਇਹ ਵਕਤ ਰਾਤ ਜਿਹਾ, ਤਾਰੇ ਗਿਣਦਾ ਹਾਂ,
ਚੰਗਾ ਲੱਗਦਾ ਏ, ਪਰ ਫਿਰ ਵੀ ਮੰਨ, ਕਰੇ ਦਿਨ ਦੀ ਉਡੀਕ।
ਜੋ ਮਿਲ ਰਿਹਾ ਉਹਨੂੰ ਝੱਲਦਾ ਹਾਂ, ਮੈਨੂੰ ਪਤਾ ਏ ਮਹਿਮਾਨ 'ਕੱਲ੍ਹ' ਦਾ ਹਾਂ,
ਝੂਠ, ਧੋਖਾ-ਧੜੀ ਕਰਕੇ, ਚੰਗੇ ਪਰਸੋਂ ਦੀ, ਕਿਉਂ ਕਰਦਾ ਹਾਂ ਉਡੀਕ।
ਕਿੰਨੀ ਅਹਿਮ ਹੈ,ਮੇਰੀ ਜ਼ਿੰਦਗੀ ਨੂੰ,
ਮੇਰੇ ਜਿਉਣ ਲਈ,ਕਰਨੀ ਕਿਸੇ ਦੀ ਉਡੀਕ।
ਮੈਂ ਚੰਗਾ ਲੱਗੂੰ, ਕੱਲ੍ਹ ਕਿਸੇ ਨੂੰ ਸ਼ਾਇਦ,
ਅੱਜ ਇੱਕ ਹਾਂ, ਕੱਲ੍ਹ ਦੋ ਹੋ ਜਾਊਂ,
ਇਸ ਆਸ ਤੇ ਟਿਕੀ ਏ, ਸ਼ਾਇਦ ਮੇਰੀ ਉਡੀਕ।
ਇਹ ਅੱਜ ਨਹੀਂ ਆਈ, ਮੇਰੇ ਬਚਪਨ ਦੀ ਏ,
ਕਦੇ ਕਿਸੇ ਦੀ ਉਡੀਕ, ਕਦੇ ਕਿਸੇ ਦੀ ਉਡੀਕ।
ਕਿੰਨੀ ਅਹਿਮ ਹੈ, ਮੇਰੀ ਜ਼ਿੰਦਗੀ ਨੂੰ,
ਮੇਰੇ ਜਿਉਣ ਲਈ, ਕਰਨੀ ਕਿਸੇ ਦੀ ਉਡੀਕ।
ਇਹ ਉਡੀਕਾਂ ਛੱਡ, ਸੰਦੀਪ, ਕੁੱਝ ਨਾ ਰਿਹਾ,
ਕਦੇ ਯਾਰ ਦੀ ਉਡੀਕ, ਕਦੇ ਸੱਜਣ ਦੀ ਉਡੀਕ,
ਕਦੇ ਪਿਆਰੇ ਦੀ ਉਡੀਕ।
ਕਦੇ ਫੁਰਸਤ ਲੱਭਾਂ, ਉਹਦੇ ਦਰ ਜਾਂਵਾ,
ਮੰਨ ਕਰਦਾ ਏ, ਉਸ ਸਮੇਂ ਦੀ ਉਡੀਕ,
ਚਾਹੇ ਦੱਸੇ ਨਾ, ਛੁਪਾ ਲਵੇਗਾ ਉਹ,
ਜਰੂਰ ਕਰਦਾ ਹੋਊ, ਮੇਰੇ ਆਉਣ ਦੀ ਉਡੀਕ।
ਕਿੰਨੀ ਅਹਿਮ ਹੈ, ਮੇਰੀ ਜ਼ਿੰਦਗੀ ਨੂੰ,
ਮੇਰੇ ਜਿਉਣ ਲਈ, ਕਰਨੀ ਕਿਸੇ ਦੀ ਉਡੀਕ।
ਉਹ ਚਲੇ ਗਏ, ਪਤਾ ਏ, ਆਉਣਗੇ ਨਹੀਂ,
ਫਿਰ ਵੀ ਮੰਨ ਕਰਦਾ ਏ, ਇੱਕ ਝੂਠੀ ਉਡੀਕ।
ਵਕਤ ਆਏਗਾ, ਲੈ ਜਾਏਗਾ, ਪਰ ਦੱਸ ਕੇ ਜਾਹ,
ਕਰਾਂ ਫਰਿਸ਼ਤੇ ਦੀ ਉਡੀਕ, ਕੇ ਜਮ ਦੀ ਉਡੀਕ,
ਇਹਨਾਂ ਉਡੀਕਾਂ ਵਿੱਚ, ਕੁੱਝ ਅਧੂਰੇ ਵੀ ਨੇ,
ਪਰ ਮੰਨ ਮੇਰਾ ਕਰਦਾ, ਇੱਕ ਪੂਰਨ ਦੀ ਉਡੀਕ।
ਕਿੰਨੀ ਅਹਿਮ ਹੈ, ਮੇਰੀ ਜ਼ਿੰਦਗੀ ਨੂੰ,
ਮੇਰੇ ਜਿਉਣ ਲਈ, ਕਰਨੀ ਕਿਸੇ ਦੀ ਉਡੀਕ।

**ਸੰਦੀਪ ਕੁਮਾਰ (ਨਰ), ਬਲਾਚੌਰ**
**ਮੋਬਾਈਲ** -9041543692

# .ਗ਼ਜ਼ਲ



ਇਸ਼ਕ ਹਕੀਕੀ ਕਰਕੇ ਵੇਖੀਂ,
ਸੀਸ ਤਲੀ ਤੇ ਧਰ ਕੇ ਵੇਖੀਂ।
ਅਪਣੇ ਲਈ ਹਰ ਕੋਈ ਮਰਦਾ,
ਹੋਰ ਕਿਸੇ ਲਈ ਮਰਕੇ ਵੇਖੀਂ।
ਫਿਰਦਾ ਹੈ ਦੁਨੀਆਂ ਜਿੱਤਣ ਲਈ,
ਜਿੱਤ ਤੋਂ ਪਹਿਲਾ ਹਰਕੇ ਵੇਖੀਂ।
ਛਲਕ ਹੀ ਜਾਵੇ ਸਬਰ-ਪਿਆਲਾ,
ਨੱਕੋ - ਨੱਕ ਤੂੰ ਭਰਕੇ ਵੇਖੀਂ।
ਦੁੱਖ ਹਢਾ ਕੇ, ਮਾਣੀ ਸੁੱਖ ਨੂੰ,
ਜੀਊਣ ਲਈ ਤੂੰ ਮਰਕੇ ਵੇਖੀਂ।
ਕੱਚੇ - ਪੱਕੇ ਦੀ ਗੱਲ ਕਰੇ,
ਪੱਕੇ 'ਤੇ ਹੀ ਤਰਕੇ ਵੇਖੀਂ।
ਇਸ਼ਕ ਤੋਂ ਬਿਨ ਹੋਰ ਵੀ ਨੇ ਮਸਲੇ,
ਬਹਿਰਾਂ ਚੋਂ ਕਦੇ ਭਰਕੇ ਵੇਖੀਂ।
ਐ ਗਿੱਲ ਰਹੇ ਗ਼ਜ਼ਲਾਂ ਲਿਖਦਾ,
ਡਾਇਰੀ ਦੇ ਭਰੇ ਵਰਕੇ ਵੇਖੀਂ।

**ਮਨਦੀਪ ਗਿੱਲ ਧੜਾਕ**
9988111134

# ਸੁਰਖ਼ ਗੁਲਾਬਾਂ ਦੇ ਮੌਸਮ ਵਿੱਚ

ਸੁਰਖ਼ ਗੁਲਾਬਾਂ ਦੇ ਮੌਸਮ ਵਿੱਚ, ਫ਼ੁੱਲਾਂ ਦੇ ਰੰਗ ਕਾਲ਼ੇ ਕਿਉਂ ਨੇ।
ਵੇਖਣ ਵਾਲੀ ਅੱਖ ਦੇ ਅੰਦਰ, ਏਨੇ ਗੂੜ੍ਹੇ ਜਾਲ਼ੇ ਕਿਓਂ ਨੇ।
ਸੱਤਰ ਸਾਲ ਆਜ਼ਾਦੀ ਜਿਹੜੇ ,ਘਰ ਪਰਿਵਾਰਾਂ ਰਲ਼ ਕੇ ਚੂੰਘੀ,
ਨੀਤਾਂ ਵਾਲੇ ਖ਼ਾਲਮ ਖ਼ਾਲੀ ,ਅੱਜ ਤੀਕਰ ਵੀ ਆਲ਼ੇ ਕਿਓਂਨੇ।
ਭੋਗੀ ਯੋਗੀ ਰਲ ਗਏ ਵੇਖੋ, ਹੁਣ ਏਥੇ ਇਕਤਾਰਾ ਬੋਲੂ,
ਤੇਰੇ ਮੇਰੇ ਸਭ ਦੇ ਮੂੰਹ ਤੇ ਅਣਦਿਸਦੇ ਜਹੇ ਤਾਲ਼ੇ ਕਿਓਂ ਨੇ।
ਕੱਲ੍ਹ ਜੰਮੇ ਅੱਜ ਗੱਭਰੂ ਹੋ ਗਏ ਦੇਣ ਹਕਾਇਤਾਂ, ਆਪਾਂ ਸੁਣੀਏ,
ਬਿਨ ਕੁਰਬਾਨੀ ਕੁਰਸੀ ਉੱਤੇ,ਰਾਣੀ ਖਾਂ ਦੇ ਸਾਲ਼ੇ ਕਿਓਂ ਨੇ।
ਦਾਤਾ ਤੇਰੇ ਘਰ ਦੇ ਅੰਦਰ ਬਾਈ ਮੰਜੀਆਂ ਡੱਠ ਗਈਆਂ ਨੇ,
ਧਰਮ ਗੁਆਚਾ ਧੜਿਆਂ ਪਿੱਛੇ ਇਹ ਸਭ ਘਾਲ਼ੇ ਮਾਲ਼ੇ ਕਿਓਂ ਨੇ।
ਰੱਬ ਵੀ ਜੇਕਰ ਇੱਕੋ ਇੱਕ ਹੈ ,ਸੂਰਜ ਵਾਂਗੂੰ ਸਭ ਦਾ ਸਾਂਝਾ,
ਏਸ ਤਰ੍ਹਾਂ ਵਿਸ਼ਵਾਸਾਂ ਦੇ ਵੀ ,ਹੁੰਦੇ ਰੋਜ਼ ਉਧਾਲ਼ੇ ਕਿਓ ਨੇ।
ਤੂੰ ਸੀ ਸਾਡਾ ਰਾਹ ਰੁਸ਼ਨਾਉਣਾ, ਭੁੱਲੇ ਭਟਕੇ ਰਾਹੇ ਪਾਉਣਾ,
ਵੰਨ ਸੁਵੰਨੇ ਰਾਹੂ ਕੇਤੂ ਤੇਰੇ ਆਲ਼ ਦੁਆਲ਼ੇ ਕਿਓਂ ਨੇ।



**ਗੁਰਭਜਨ ਗਿੱਲ**
**Gurbhajansinghgill@gmail.Com**
**Phone: 98726 31199**

# ਉਹ ਕਵਿਤਾ, ਹੁੰਦੀ ਹੈ ਕਵਿਤਾ



**ਅਮਰ 'ਸੂਫ਼ੀ'**

ਰੂਹਾਂ ਨੂੰ ਸਰਸ਼ਾਰ ਕਰੇ ਜੋ, ਉਹ ਕਵਿਤਾ, ਹੁੰਦੀ ਹੈ ਕਵਿਤਾ।
ਜ਼ਖ਼ਮਾਂ ਉੱਤੇ ਮਲ੍ਹਮ ਧਰੇ ਜੋ, ਉਹ ਕਵਿਤਾ, ਹੁੰਦੀ ਹੈ ਕਵਿਤਾ।
ਸ਼ਬਦਾਂ ਵਿਚਲੇ ਲੁਕਵੇਂ ਅਰਥਾਂ ਬਾਰੇ ਡੂੰਘਾ ਸੋਚਣ ਖਾਤਰ,
ਪਾਠਕ ਨੂੰ ਮਜਬੂਰ ਕਰੇ ਜੋ, ਉਹ ਕਵਿਤਾ, ਹੁੰਦੀ ਹੈ ਕਵਿਤਾ।
ਬੇ-ਮਤਲਬ ਤੇ ਬੇ-ਸਿਰ ਪੈਰੀ, ਉਹ ਕਵਿਤਾ ਕੀ ਹੁੰਦੀ ਯਾਰੋ !
ਮਨ 'ਤੇ ਛਾਪਾ ਛੱਡ ਧਰੇ ਜੋ, ਉਹ ਕਵਿਤਾ, ਹੁੰਦੀ ਹੈਕਵਿਤਾ।
ਲੋੜ ਥੁੜਾਂ ਦੇ ਮਾਰੇ ਲੋਕਾਂ ਨੂੰ ਸੋਚਣ ਲਾ ਦੇਵੇ, ਨਾਲੇ
ਸ਼ਾਸ਼ਕ ਨੂੰ ਵੀ ਕੰਨ ਕਰੇ ਜੋ, ਉਹ ਕਵਿਤਾ, ਹੁੰਦੀ ਹੈ ਕਵਿਤਾ।
ਪਿਆਰ ਮੁਹੱਬਤ ਵਾਲੀ ਰਚਨਾ ਦਾ ਵੀ ਖ਼ਾਸ ਮਹੱਤਵ ਹੁੰਦੈ,
ਪਰ ਨਾ ਸੋਚ ਪਲੀਤ ਕਰੇ ਜੋ, ਉਹ ਕਵਿਤਾ, ਹੁੰਦੀ ਹੈ ਕਵਿਤਾ।
ਸੂਰਤ ਪੱਖੋਂ ਸੁੰਦਰ ਹੋਵੇ, ਸੀਰਤ ਹੋਵੇ ਪਿਆਰੀ ਨਿਆਰੀ,
ਜਾਦੂ ਵਾਂਙੂ ਅਸਰ ਕਰੇ ਜੋ, ਉਹ ਕਵਿਤਾ, ਹੁੰਦੀ ਹੈ ਕਵਿਤਾ।
ਸ਼ਿਅਰ ਕਿਸੇ ਵਿਚ ਐਸਾ ਇਕ ਅੰਗਾਰਾ ਹੋਵੇ ਐ 'ਸੂਫ਼ੀ',
ਪਲ ਵਿਚ ਰੱਤ ਉਬਾਲ ਧਰੇ ਜੋ,ਉਹ ਕਵਿਤਾ,ਹੁੰਦੀ ਹੈ ਕਵਿਤਾ।

# ਮੁੜਨਾ

ਮੁੜਾਂ ਕਿਵੇਂ
ਅਜੇ ਤਾਂ ਮੈਂ ਕਿਤੇ ਗਿਆ ਹੀ ਨਹੀਂ
ਰੁਕਾਂ ਕਿਵੇਂ
ਅਜੇ ਤਾਂ ਤੁਰਿਆ ਹੀ ਨਹੀਂ
ਝੁਕਾਂ ਕਿਵੇਂ
ਅਜੇ ਤਾਂ ਸੰਭਲਿਆ ਹੀ ਨਹੀਂ
ਪਰ ਸੱਚ ਆ ਕਿ ਜੇ
ਤੁਰ ਗਿਆ ਤਾਂ
ਮੁੜ ਨਹੀਂ ਹੋਣਾ ਕਦੇ
ਕਿਉਂਕਿ ਜੋ ਪਾਣੀ
ਇੱਕ ਵਾਰ ਪੁੱਲ ਹੇਠੋਂ
ਲੰਘ ਜਾਵੇ,
ਮੁੜ ਨਹੀਂ ਆਉਂਦਾ ।।

**ਪਰਮਜੀਤ ਕੌਰ**
8360815955

# ਸਵੇਰੇ ਖਾਲੀ ਪੇਟ ਪਾਣੀ ਪੀਣ ਨਾਲ ਸਰੀਰ ਨੂੰ ਹੁੰਦੇ ਹਨ ਕਈ ਫਾਇਦੇ



ਪਾਣੀ ਪੀਣਾ ਸਰੀਰ ਲਈ ਬਹੁਤ ਜ਼ਰੂਰੀ ਹੈ। ਇਸ ਨਾਲ ਸਰੀਰ ਦੇ ਜ਼ਹਿਰੀਲੇ ਪਦਾਰਥ ਬਾਹਰ ਨਿਕਲ ਜਾਂਦੇ ਹਨ ਅਤੇ ਬੀਮਾਰੀਆਂ ਦੂਰ ਰਹਿੰਦੀਆਂ ਹਨ। ਦਿਨ ਦੀ ਸ਼ੁਰੂਆਤ ਇਕ ਗਲਾਸ ਪਾਣੀ ਪੀਣ ਤੋਂ ਕੀਤੀ ਜਾਵੇ ਤਾਂ ਸਾਰਾ ਦਿਨ ਚੰਗਾ ਲੰਘਦਾ ਹੈ। ਇਸ ਗੱਲ ਦਾ ਧਿਆਨ ਰੱਖੋ ਕਿ ਸਵੇਰੇ ਪਾਣੀ ਪੀਣ ਦੇ ਇਕ ਘੰਟੇ ਬਾਅਦ ਕੁਝ ਨਾ ਖਾਓ ਅਤੇ ਸਾਰਾ ਦਿਨ 8-10 ਗਲਾਸ ਪਾਣੀ ਦੀ ਵਰਤੋਂ ਜ਼ਰੂਰ ਕਰੋ। ਸਵੇਰੇ ਖਾਲੀ ਪੇਟ 1 ਗਲਾਸ ਪਾਣੀ ਪੀਣ ਨਾਲ ਪੇਟ ਸਾਫ ਹੋ ਜਾਂਦਾ ਹੈ। ਇਸ ਨਾਲ ਸਰੀਰ ਪੋਸ਼ਕ ਤੱਤ ਆਸਾਨੀ ਨਾਲ ਗ੍ਰਹਿਣ ਕਰ ਲੈਂਦਾ ਹੈ ਅਤੇ ਪਾਚਨ ਕਿਰਿਆ ਵੀ ਬਿਹਤਰ ਰਹਿੰਦੀ ਹੈ।

ਚਮੜੀ ਨੂੰ ਚਮਕਦਾਰ ਬਣਾ ਕੇ ਰੱਖਣ ਲਈ ਵੀ ਪਾਣੀ ਪੀਣਾ ਬਹੁਤ ਜ਼ਰੂਰੀ ਹੈ। ਇਸ ਨਾਲ ਖ਼ੂਨ ਸਾਫ ਹੁੰਦਾ ਹੈ ਅਤੇ ਚਮੜੀ ਨਾਲ ਜੁੜੀਆਂ ਪ੍ਰੇਸ਼ਾਨੀਆਂ ਵੀ ਦੂਰ ਹੋ ਜਾਂਦੀਆਂ ਹਨ। ਸਵੇਰ ਦੇ ਸਮੇਂ ਖਾਲੀ ਪੇਟ ਪਾਣੀ ਪੀਣ ਨਾਲ ਸਰੀਰ ਦਾ ਮੈਟਾਬੋਲੀਜ਼ਮ ਵਧਦਾ ਹੈ, ਜਿਸ ਨਾਲ ਚਰਬੀ ਪਿਘਲਣ ਲੱਗਦੀ ਹੈ ਅਤੇ ਮੋਟਾਪਾ ਘੱਟ ਹੋਣ ਲੱਗਦਾ ਹੈ।

ਪਾਣੀ ਦੀ ਜ਼ਿਆਦਾ ਵਰਤੋਂ ਨਾਲ ਪੇਟ ਸਾਫ ਰਹਿੰਦਾ ਹੈ ਪਾਚਨ ਕਿਰਿਆ ਬਿਹਤਰ ਹੋਣ ਨਾਲ ਭੁੱਖ ਵਧਣ ਲੱਗਦੀ ਹੈ। ਖਾਲੀ ਪੇਟ ਪਾਣੀ ਪੀਣ ਨਾਲ ਡਾਈਰੀਆ, ਕਿਡਨੀ ਨਾਲ ਜੁੜੀਆਂ ਪ੍ਰੇਸ਼ਾਨੀਆਂ, ਗਠੀਆ ਸਿਰ ਦਰਦ, ਪੇਟ ਦੀ ਗੈਸ ਆਦਿ ਬੀਮਾਰੀਆਂ ਦੂਰ ਰਹਿੰਦੀਆਂ ਹਨ।



# ਸਿਹਤਮੰਦ ਰਹਿਣ ਲਈ ਬ੍ਰੇਕਫਾਸਟ 'ਚ ਇਨ੍ਹਾਂ ਚੀਜ਼ਾਂ ਦੀ ਕਰੋ ਵਰਤੋ

ਸਾਡੀ ਸਿਹਤ ਤਾਂ ਹੀ ਠੀਕ ਰਹੇਗੀ ਜਦੋਂ ਅਸੀਂ ਪੌਸ਼ਕ ਤੱਤਾਂ ਨਾਲ ਭਰਪੂਰ ਖ਼ੁਰਾਕ ਦਾ ਸੇਵਨ ਕਰਾਂਗੇ ਪਰ ਬਹੁਤ ਸਾਰੇ ਲੋਕ ਰੁਝੇਵਿਆਂ ਕਾਰਨ ਆਪਣੇ ਖਾਣ-ਪੀਣ ਦਾ ਧਿਆਨ ਨਹੀਂ ਰੱਖਦੇ। ਬਿਨਾਂ ਟਾਈਮ ਖਾਧਾ ਖਾਣਾ ਤੁਹਾਨੂੰ ਫਾਇਦੇ ਦੀ ਥਾਂ ਨੁਕਸਾਨ ਪਹੁੰਚਾਉਂਦਾ ਹੈ। ਭਾਵੇਂ ਹੀ ਉਹ ਪੌਸ਼ਟਿਕ ਤੱਤਾਂ ਨਾਲ ਭਰਪੂਰ ਹੀ ਕਿਉਂ ਨਾ ਹੋਵੇ। ਬ੍ਰੇਕਫਾਸਟ ਨੂੰ ਪੂਰੇ ਦਿਨ ਦੀ ਡਾਇਟ ਦਾ ਸਭ ਤੋਂ ਅਹਿਮ ਹਿੱਸਾ ਮੰਨਿਆ ਜਾਂਦਾ ਹੈ ਜਦਕਿ ਕੁਝ ਲੋਕ ਬ੍ਰੇਕਫਾਸਟ ਨਹੀਂ ਕਰਦੇ। ਜੇਕਰ ਤੁਸੀਂ ਵੀ ਬ੍ਰੇਕਫਾਸਟ ਨਹੀਂ ਕਰਦੇ ਤਾਂ ਅਜਿਹਾ ਨਾ ਕਰੋ ਕਿਉਂਕਿ ਰਾਤ ਅਤੇ ਸਵੇਰ ਦੇ ਖਾਣੇ ਵਿਚ ਬਹੁਤ ਫਰਕ ਹੋ ਜਾਂਦਾ ਹੈ, ਜਿਸ ਨਾਲ ਸਰੀਰ ਵਿਚ ਐਨਰਜੀ ਘੱਟ ਹੋਣ ਲੱਗਦੀ ਹੈ। ਸਾਰਾ ਦਿਨ ਥਕਾਵਟ ਮਹਿਸੂਸ ਹੁੰਦੀ ਹੈ ਅਤੇ ਸਰੀਰ ਫਰੈੱਸ਼ ਵੀ ਨਹੀਂ ਰਹਿੰਦਾ। ਇਸ ਐਨਰਜੀ ਨੂੰ ਬਣਾਈ ਰੱਖਣ ਲਈ ਸਵੇਰੇ ਨਾਸ਼ਤਾ ਕਰਨਾ ਬਹੁਤ ਜ਼ਰੂਰੀ ਹੈ।

ਇਸੇ ਦੇ ਨਾਲ ਜੇਕਰ ਤੁਸੀਂ ਸਵੇਰੇ ਹੈਲਦੀ ਨਾਸ਼ਤਾ ਕਰਦੇ ਹੋ ਤਾਂ ਸਾਰਾ ਦਿਨ ਤੁਹਾਨੂੰ ਲੰਚ ਅਤੇ ਡਿਨਰ ਸਮੇਂ ਘੱਟ ਭੁੱਖ ਲੱਗਦੀ ਹੈ, ਜਿਸ ਨਾਲ ਭਾਰ ਆਪਣੇ-ਆਪ ਕੰਟਰੋਲ ਵਿਚ ਰਹਿੰਦਾ ਹੈ।

ਕਿਹੋ ਜਿਹਾ ਹੋਣਾ ਚਾਹੀਦੈ ਤੁਹਾਡਾ ਬ੍ਰੇਕਫਾਸਟ

ਸਿਹਤਮੰਦ ਰਹਿਣ ਲਈ ਦਿਨ ਦੀ ਸ਼ੁਰੂਆਤ ਹੈਲਦੀ ਬ੍ਰੇਕਫਾਸਟ ਨਾਲ ਕਰੋ। ਬ੍ਰੇਕਫਾਸਟ ਵਿਚ ਅਜਿਹੀਆਂ ਚੀਜ਼ਾਂ ਨੂੰ ਸ਼ਾਮਲ ਕਰੋ, ਜਿਸ ਨਾਲ ਸਰੀਰ ਨੂੰ ਭਰਪੂਰ ਐਨਰਜੀ ਮਿਲੇ ਅਤੇ ਤੁਸੀਂ ਸਾਰਾ ਦਿਨ ਫਰੈੱਸ਼ ਮਹਿਸੂਸ ਕਰੋ। ਅੱਜ ਅਸੀਂ ਤੁਹਾਨੂੰ ਕੁਝ ਅਜਿਹੀਆਂ ਚੀਜ਼ਾਂ ਬਾਰੇ ਦੱਸਣ ਜਾ ਰਹੇ ਹਾਂ ਜਿਸ ਨੂੰ ਬ੍ਰੇਕਫਾਸਟ ਵਿਚ ਸ਼ਾਮਲ ਕਰਨ ਨਾਲ ਸਰੀਰ ਤੰਦਰੁਸਤ ਰਹਿੰਦਾ ਹੈ।

ਸੰਤਰਾ, ਕੇਲਾ, ਸੇਬ, ਕੀਵੀ, ਸਟ੍ਰਾਬੇਰੀ ਵਰਗੇ ਫਲ ਵਿਟਾਮਿਨਸ, ਫਾਈਬਰ, ਮਿਨਰਲਸ ਅਤੇ ਪੋਟਾਸ਼ੀਅਮ ਦੇ ਚੰਗੇ ਸਰੋਤ ਹਨ। ਬ੍ਰੇਕਫਾਸਟ ਵਿਚ ਇਸ ਦਾ ਸੇਵਨ ਕਰਨ ਨਾਲ ਦਿਮਾਗ ਤੇਜ਼ ਹੁੰਦਾ ਹੈ ਅਤੇ ਦਿਨ ਭਰ ਸਰੀਰ ਸੁਸਤ ਨਹੀਂ ਰਹਿੰਦਾ। ਬ੍ਰੇਕਫਾਸਟ ਵਿਚ ਇਨ੍ਹਾਂ ਦਾ ਜੂਸ ਜਾਂ ਫਰੂਟ ਚਾਰਟ ਬਣਾ ਕੇ ਸੇਵਨ ਕਰੋ।

ਬ੍ਰੇਕਫਾਸਟ ਵਿਚ ਦਹੀਂ ਖਾਓ। ਇਸ ਵਿਚ ਮੌਜੂਦ ਲਿਨੋਲਿਕ ਐਸਿਡ ਮੈਟੋਬੋਲਿਜਮ ਨੂੰ ਵਧਾਉਂਦਾ ਹੈ ਅਤੇ ਬ੍ਰੈਸਟ ਕੈਂਸਰ ਦੇ ਖਤਰੇ ਨੂੰ ਘਟਾਉਂਦਾ ਹੈ। ਨਾਸ਼ਤੇ ਵਿਚ ਦਹੀਂ ਖਾਣ ਨਾਲ ਸਕਿਨ ਸਾਫਟ ਹੁੰਦੀ ਹੈ ਅਤੇ ਬਲੈਕਹੈਡਸ, ਖੁੱਲ੍ਹੇ ਪੋਰਸ ਵਰਗੀਆਂ ਸਕਿਨ ਸਬੰਧੀ ਸਮੱਸਿਆਵਾਂ ਦੂਰ ਹੁੰਦੀਆਂ ਹਨ। ਇਸ ਨਾਲ ਛਾਤੀ ਵਿਚ ਜਲਨ ਵੀ ਨਹੀਂ ਹੁੰਦੀ, ਸਾਰਾ ਦਿਨ ਸਰੀਰ ਫਰੈੱਸ਼ ਰਹਿੰਦਾ ਹੈ।

ਪਨੀਰ ਵਿਚ ਪ੍ਰੋਟੀਨ, ਪ੍ਰੋਬਾਇਓਟਿਕਸ ਤੇ ਕੈਲਸ਼ੀਅਮ ਭਰਪੂਰ ਹੁੰਦਾ ਹੈ ਜੋ ਹੱਡੀਆਂ ਨੂੰ ਮਜ਼ਬੂਤੀ ਅਤੇ ਮੈਟੋਬੋਲਿਜਮ ਦੇ ਪੱਧਰ ਨੂੰ ਵਧਾਉਂਦਾ ਹੈ। ਇਸ ਤੋਂ ਇਲਾਵਾ ਇਹ ਸਰੀਰ ਦੀਆਂ ਡੈਮੇਜ ਕੋਸ਼ਿਕਾਵਾਂ ਦੀ ਮੁਰੰਮਤ ਕਰਦਾ ਹੈ। ਤੁਸੀਂ ਇਸ ਨੂੰ ਟੋਸਟ, ਪਨੀਰ ਕਰੀ ਜਾਂ ਫਿਰ ਪਰਾਂਠੇ ਦੇ ਨਾਲ ਖਾ ਸਕਦੇ ਹੋ। ਨਟਸ ਵਿਚ ਮੌਜੂਦ ਫੈਟੀ ਏਸਿਡ ਅਤੇ ਵਿਟਾਮਿਨ-ਈ ਖ਼ੂਨ ਨੂੰ ਸ਼ੁੱਧ ਕਰਨ ਦਾ ਕੰਮ ਕਰਦੇ ਹਨ। ਇਸ ਨਾਲ ਬਲੱਡ-ਸ਼ੂਗਰ ਕੰਟਰੋਲ ਵਿਚ ਰਹਿੰਦਾ ਹੈ ਅਤੇ ਸਰੀਰ ਦੀ ਸੋਜਿਸ਼ ਘੱਟ ਹੁੰਦੀ ਹੈ।

# ਵੱਡੀ ਇਲਾਇਚੀ ਕਰਦੀ ਹੈ ਸਰੀਰ ਦੀਆਂ ਇਨ੍ਹਾਂ ਬੀਮਾਰੀਆਂ ਨੂੰ ਜੜ੍ਹ ਤੋਂ ਖਤਮ

ਅੱਜ ਦੀ ਭੱਜਦੌੜ ਭਰੀ ਜ਼ਿੰਦਗੀ ਵਿੱਚ ਥਕਾਵਟ ਹੋਣਾ ਆਮ ਗੱਲ ਹੈ ਪਰ ਕਦੇ ਇਹ ਥਕਾਵਟ ਵੀ ਰੋਗ ਦਾ ਕਾਰਨ ਬਣ ਸਕਦੀ ਹੈ। ਇਸ ਥਕਾਵਟ ਅਤੇ ਉਸਦੇ ਬਾਅਦ ਹੋਣ ਵਾਲੀਆਂ ਦੂਜੀਆਂ ਬਿਮਾਰੀਆਂ ਨੂੰ ਦੂਰ ਕਰਨ ਲਈ ਕੁੱਝ ਘਰੇਲੂ ਨੁਸਖੇ ਕਾਫ਼ੀ ਕੰਮ ਆ ਸਕਦੇ ਹਨ। ਥਕਾਵਟ ਤੋਂ ਬਾਅਦ ਸਿਰ ਦਰਦ ਤੋਂ ਲੈ ਕੇ ਕੈਂਸਰ ਵਰਗੀ ਬਿਮਾਰੀ ਹੋ ਸਕਦੀ ਹੈ। ਇਨ੍ਹਾਂ ਨੂੰ ਦੂਰ ਰੱਖਣ ਲਈ ਰਸੋਈ ਵਿੱਚ ਮੌਜੂਦ ਵੱਡੀ ਇਲਾਇਚੀ ਦਾ ਸੇਵਨ ਕਾਫ਼ੀ ਫਾਇਦੇਮੰਦ ਸਾਬਤ ਹੋ ਸਕਦਾ ਹੈ। ਅਕਸਰ ਸਿਰ ਦਰਦ ਹੋਣਾ ਸ਼ੁਰੂ ਹੋ ਜਾਂਦਾ ਹੈ ਅਤੇ ਹੌਲੀ-ਹੌਲੀ ਵਧਦਾ ਜਾਂਦਾ ਹੈ। ਕਾਲੀ ਇਲਾਇਚੀ ਦੇ ਸੇਵਨ ਨਾਲ ਸਿਰ ਦਰਦ ਦੇ ਨਾਲ ਹੀ ਥਕਾਵਟ ਨੂੰ ਵੀ ਦੂਰ ਕੀਤਾ ਜਾ ਸਕਦਾ ਹੈ। ਵੱਧਦੀ ਉਮਰ ਦੇ



ਨਾਲ ਬਲੱਡ ਪ੍ਰੈਸ਼ਰ ਦੀ ਸਮੱਸਿਆ ਆਮ ਹੋ ਜਾਂਦੀ ਹੈ। ਕਾਲੀ ਇਲਾਚੀ ਦੇ ਸੇਵਨ ਨਾਲ ਇਸ ਸਮੱਸਿਆ ਤੋਂ ਵੀ ਸੌਖ ਨਾਲ ਨਿਜਾਤ ਪਾਈ ਜਾ ਸਕਦੀ ਹੈ। ਬਲੱਡ ਪ੍ਰੈਸ਼ਰ ਤੋਂ ਪਰੇਸ਼ਾਨ ਰਹਿਣ ਵਾਲੇ ਲੋਕਾਂ ਨੂੰ ਇਸ ਤੋਂ ਛੁਟਕਾਰਾ ਪਾਉਣ ਲਈ ਰੋਜ ਕਾਲੀ ਇਲਾਚੀ ਦਾ ਸੇਵਨ ਕਰਨਾ ਚਾਹੀਦਾ ਹੈ। ਕਾਲੀ ਇਲਾਇਚੀ ਦੇ ਸੇਵਨ ਨਾਲ ਚਮੜੀ ਨੂੰ ਵੀ ਕਾਫ਼ੀ ਫਾਇਦਾ ਮਿਲਦਾ ਹੈ। ਜੇਕਰ ਆਪਣੀ ਚਮੜੀ ਵਿੱਚ ਨਿਖਾਰ ਲਿਆਉਣਾ ਹੈ ਤਾਂ ਕਾਲੀ ਇਲਾਇਚੀ ਦਾ ਰੋਜ਼ਾਨਾ ਸੇਵਨ ਕਰਨਾ ਚਾਹੀਦਾ ਹੈ। ਇਸ ਨਾਲ ਚਮੜੀ ਦਾ ਰੰਗ ਨਿਖਰਦਾ ਹੈ। ਕਾਲੀ ਇਲਾਇਚੀ ਵਿੱਚ ਕੈਂਸਰ ਨਾਲ ਲੜਨ ਦਾ ਗੁਣ ਮੌਜੂਦ ਹੁੰਦਾ ਹੈ। ਇਸ ਦਾ ਸੇਵਨ ਕਰਨ ਨਾਲ ਇਹ ਕੈਂਸਰ ਕੋਸ਼ਿਕਾਵਾਂ ਨੂੰ ਵਧਣ ਤੋਂ ਰੋਕਦਾ ਹੈ।

## ਭਾਰ ਘੱਟ ਕਰਨ 'ਚ ਬੇਹੱਦ ਫਾਇਦੇਮੰਦ ਹਨ ਇਹ ਚੀਜ਼ਾਂ

**ਸੇਬ ਦੇ ਨਾਲ ਲਓ ਪੀਨਟ ਬਟਰ** ਇਸ ਨੂੰ ਖਾਣ ਨਾਲ ਸਰੀਰ ਨੂੰ ਊਰਜਾ ਮਿਲਦੀ ਹੈ ਅਤੇ ਭਾਰ ਵੀ ਕੰਟਰੋਲ 'ਚ ਰਹਿੰਦਾ ਹੈ। ਤੁਸੀਂ ਦਿਨ 'ਚ 50 ਗ੍ਰਾਮ ਸੇਬ ਨੂੰ ਕੱਟ ਕੇ ਉਸ 'ਤੇ ਪੀਨਟ ਬਟਰ ਲਗਾ ਕੇ ਖਾ ਸਕਦੇ ਹੋ। ਇਸ ਨਾਲ ਮੋਟਾਪੇ ਦਾ ਡਰ ਨਹੀਂ ਰਹੇਗਾ।

**ਇਨ੍ਹਾਂ ਫਲਾਂ ਦੀ ਕਰੋ ਵਰਤੋਂ** ਮੋਟਾਪੇ ਨੂੰ ਘੱਟ ਕਰਨ ਲਈ ਤੁਸੀਂ ਆਪਣੇ ਆਹਾਰ 'ਚ ਘੱਟ ਕੈਲੋਰੀ ਵਾਲੇ ਫੱਲ ਮਤਲੱਬ ਅਨਾਨਾਸ, ਅੰਗੂਰ ਅਤੇ ਕੀਵੀ ਦੀ ਵਰਤੋਂ ਕਰੋ। ਇਹ ਤੁਹਾਡੀ ਫਾਲਤੂ ਚਰਬੀ ਨੂੰ ਘੱਟ ਕਰਨ 'ਚ ਕਾਫੀ ਸਹਾਈ ਹੋਣਗੇ ਅਤੇ ਪੋਸ਼ਣ ਤੱਤਾਂ ਦੀ ਮਾਤਰਾ ਵੀ ਸਰੀਰ 'ਚ ਬਣੀ ਰਹੇਗੀ।

**ਗਾਜਰ ਅਤੇ ਮੇਓਨੀਜ਼** ਵਧਦੇ ਭਾਰ ਨੂੰ ਕੰਟਰੋਲ ਕਰਨ ਲਈ ਗਾਜਰ ਦੇ ਟੁੱਕੜਿਆਂ ਨੂੰ ਮੇਓਨੀਜ਼ ਦੇ ਨਾਲ ਖਾਓ। ਇਹ ਸਭ ਤੋਂ ਘੱਟ ਫੈਟ ਵਾਲਾ ਆਹਾਰ ਹੈ। ਇਸ ਨਾਲ ਸੁਆਦ ਵੀ ਬਣਿਆ ਰਹੇਗਾ ਅਤੇ ਭਾਰ ਵੀ ਨਹੀਂ ਵਧੇਗਾ।

# ਬਾਸੀ ਚੌਲ ਖਾਣ ਨਾਲ ਸਰੀਰ ਨੂੰ ਹੁੰਦੇ ਹਨ ਕਈ ਫਾਇਦੇ

ਕਈ ਵਾਰ ਸਾਡੇ ਘਰ ਰਾਤ ਦੇ ਬਣੇ ਹੋਏ ਚੌਲ ਬਚ ਜਾਂਦੇ ਹਨ ਅਤੇ ਅਸੀਂ ਇਨ੍ਹਾਂ ਨੂੰ ਬੇਕਾਰ ਸਮਝ ਕੇ ਜਾਂ ਤਾਂ ਜਾਨਵਰਾਂ ਨੂੰ ਖੁਆ ਦਿੰਦੇ ਹਾਂ ਜਾਂ ਫਿਰ ਸੁੱਟ ਦਿੰਦੇ ਹਾਂ ਪਰ ਅਗਲੀ ਵਾਰ ਜਦੋਂ ਤੁਹਾਡੇ ਘਰ 'ਚ ਚੌਲ ਬਚ ਜਾਣ ਤਾਂ ਇਨ੍ਹਾਂ ਨੂੰ ਸੁੱਟੋ ਨਾ, ਸ਼ਾਇਦ ਤੁਹਾਨੂੰ ਪਤਾ ਨਾ ਹੋਵੇ ਪਰ ਬਾਸੀ ਚੌਲ ਸਿਹਤ ਦਾ ਖਜ਼ਾਨਾ ਹੈ।ਅਗਲੀ ਵਾਰ ਜਦੋਂ ਤੁਹਾਡੇ ਘਰ ਚੌਲ ਬਚ ਜਾਣ ਤਾਂ ਸੁੱਟਣ ਦੀ ਬਜਾਏ ਇਕ ਮਿੱਟੀ ਦੇ ਭਾਂਡੇ 'ਚ ਭਿਓਂ ਕੇ ਰਾਤ ਭਰ ਲਈ ਰੱਖ ਦਿਓ। ਸਵੇਰ ਤੱਕ ਇਹ ਚੌਲ ਉਬਲ ਜਾਣਗੇ। ਤੁਸੀਂ ਚਾਹੋ ਤਾਂ ਇਨ੍ਹਾਂ ਬਾਸੀ ਚੌਲਾਂ ਨੂੰ ਕੱਚੇ ਪਿਆਜ਼ ਦੇ ਨਾਲ ਸਵੇਰੇ ਨਾਸ਼ਤੇ 'ਚ ਖਾ ਸਕਦੇ ਹੋ। ਭਾਵੇਂ ਹੀ ਇਹ ਤੁਹਾਡੇ ਪਸੰਦੀਦਾ ਨਾ ਹੋਣ ਪਰ ਬਾਸੀ ਚੌਲਾਂ ਨੂੰ ਇਸ ਤਰ੍ਹਾਂ ਖਾਣ ਦੇ ਫਾਇਦੇ ਤੁਹਾਨੂੰ ਨਿਸ਼ਚਿਤ ਰੂਪ ਨਾਲ ਹੈਰਾਨ ਕਰ ਦੇਣਗੇ। ਬਾਸੀ ਚੌਲਾਂ ਦੀ ਤਾਸੀਰ ਠੰਡੀ ਹੁੰਦੀ ਹੈ। ਜੇਕਰ ਤੁਸੀਂ ਦੱਸੇ ਗਏ ਤਰੀਕਿਆਂ ਨਾਲ ਹਰ ਰੋਜ਼ ਬਾਸੀ ਚੌਲ ਖਾਓਗੇ ਤਾਂ ਇਸ ਨਾਲ ਤੁਹਾਡਾ ਬਾਡੀ ਟੈਂਪਰੇਚਰ ਵੀ ਕੰਟਰੋਲ 'ਚ ਰਹੇਗਾ। ਚੌਲਾਂ 'ਚ ਭਰਪੂਰ ਮਾਤਰਾ 'ਚ ਫਾਈਬਰਸ ਹੁੰਦੇ ਹਨ, ਜੋ ਕਬਜ਼ ਦੀ ਸਮੱਸਿਆ 'ਚ ਫਾਇਦਾ ਪਹੁੰਚਾਉਂਦਾ ਹੈ। ਬਾਸੀ



ਚੌਲ ਤੁਹਾਨੂੰ ਦਿਨ ਭਰ ਲਈ ਤਰੋਤਾਜ਼ਾ ਬਣਾਏ ਰੱਖਦੇ ਹਨ। ਇਨ੍ਹਾਂ ਨੂੰ ਖਾਣ ਨਾਲ ਦਿਨ ਭਰ ਕੰਮ ਕਰਨ ਲਈ ਐਨਰਜ਼ੀ ਵੀ ਮਿਲਦੀ ਹੈ।

# ਸਿਰ ਦਰਦ ਤੋਂ ਪ੍ਰੇਸ਼ਾਨ ਹੋ ਤਾਂ ਅਪਣਾਓ ਇਹ ਘਰੇਲੂ ਨੁਸਖੇ



ਸਿਰ ਦਰਦ ਕਦੀ ਵੀ ਕਿਤੇ ਵੀ ਹੋ ਸਕਦਾ ਹੈ। ਸਿਰ ਦਰਦ ਹੋਣ ਦੇ ਕਈ ਕਾਰਨ ਹੋ ਸਕਦੇ ਹਨ ਜਿਸ ਤਰ੍ਹਾਂ ਕਿ ਤਣਾਅ, ਮੌਸਮ 'ਚ ਬਦਲਾਅ, ਬੁਖਾਰ ਜਾਂ ਫਿਰ ਭੋਜਨ 'ਚ ਬਦਲਾਅ। ਸਿਰ ਦਰਦ ਨੂੰ ਦੂਰ ਕਰਨ ਲਈ ਲੋਕ ਮੈਡੀਕਲ ਤੋਂ ਮਿਲਣ ਵਾਲੀਆਂ ਦਵਾਈਆਂ ਦੀ ਵਰਤੋਂ ਕਰਦੇ ਹਨ ਪਰ ਇਸਦਾ ਅਸਰ ਥੋੜ੍ਹੇ ਸਮੇਂ ਤੱਕ ਹੀ ਹੁੰਦਾ ਹੈ ਅਤੇ ਦਵਾਈਆਂ ਦੀ ਵਰਤੋਂ ਨਾਲ ਕਈ ਤਰ੍ਹਾਂ ਦੇ ਸਾਈਡ-ਇਫੈਕਟ ਵੀ ਹੋ ਸਕਦੇ ਹਨ। ਜੇਕਰ ਤੁਸੀਂ ਵੀ ਸਿਰ ਦਰਦ ਤੋਂ ਪਰੇਸ਼ਾਨ ਹੋ ਅਤੇ ਡਾਕਟਰ ਦੀ ਦਿੱਤੀ ਹੋਈ ਦਵਾਈ ਦੀ ਵਰਤੋਂ ਨਹੀਂ ਕਰਨਾ ਚਾਹੁੰਦੇ ਤਾਂ ਅੱਜ ਅਸੀਂ ਤੁਹਾਨੂੰ ਕੁਝ ਘਰੇਲੂ ਨੁਸਖੇ ਦੱਸਣ ਜਾ ਰਹੇ ਹਾਂ, ਜਿਸ ਦੀ ਵਰਤੋਂ ਕਰਨ ਨਾਲ ਸਿਰ ਦਰਦ ਦੀ ਸਮੱਸਿਆ ਦੂਰ ਹੋ ਜਾਵੇਗੀ। ਆਓ ਜਾਣਦੇ ਹਾਂ ਇਨ੍ਹਾਂ ਘਰੇਲੂ ਨੁਸਖਿਆਂ ਬਾਰੇ। ਮੌਸਮ ਦੇ ਬਦਲਾਅ ਦੇ ਕਾਰਨ ਜ਼ੁਕਾਮ ਦੀ ਸਮੱਸਿਆ ਹੋਣਾ ਆਮ ਹੈ, ਜਿਸ ਨਾਲ ਸਿਰ ਦਰਦ ਰਹਿੰਦਾ ਹੈ। ਇਸ ਲਈ ਅਦਰਕ ਦੇ ਪਾਣੀ 'ਚ ਨਿੰਬੂ ਦਾ ਰਸ ਮਿਲਾ ਕੇ ਪੀਓ। ਸਿਰ ਦਰਦ ਤੋਂ ਆਰਾਮ ਮਿਲੇਗਾ।ਪੁਦੀਨੇ 'ਚ ਮੌਜੂਦ ਮੇਥਲ ਸਿਰ ਦਰਦ ਦੀ ਪਰੇਸ਼ਾਨੀ ਨੂੰ ਦੂਰ ਕਰਨ ਦਾ ਕੰਮ ਕਰਦਾ ਹੈ।

# SAVE THE DATE

# PUNJABI AMERICAN NIGHT 2018

SUNDAY
AUGUST 19, 2018
6:30PM ONWARDS

EISENHOWER PARK
EAST MEADOW | LONG ISLAND

Mohinder Singh Taneja
Chairperson - Punjabi American Night 2018
516-840-7968
MohinderTaneja@gmail.com

ਖ਼ੁਸ਼ੀ ਦੀ ਭਾਲ ਵਿੱਚ ਇਨਸਾਨ ਹਰ ਥਾਂ ਭਟਕਦਾ ਹੈ, ਪਰ ਇਹ ਮਿਲਦੀ ਓਦੋਂ ਹੈ ਜਦ ਇਨਸਾਨ ਦੀ ਭਟਕਣ ਖ਼ਤਮ ਹੋ ਜਾਵੇ ਤੇ ਉਹ ਆਪਣੇ ਆਪ ਨਾਲ ਇਕਸੁਰ ਹੋਵੇ। ਉਸ ਨੂੰ ਪੰਛੀਆਂ ਦੀ ਉੱਡੀ ਜਾਂਦੀ ਡਾਰ ਵਿੱਚੋਂ ਵੀ ਖ਼ੁਸ਼ੀ ਲੱਭੇ ਤੇ ਇੱਕ ਰੁੱਖ 'ਤੇ ਬੈਠੇ ਪੰਛੀ ਦੇ ਅਲਾਪ ਵਿੱਚ ਵੀ ਖ਼ੁਸ਼ੀ ਦਾ ਅਹਿਸਾਸ ਹੋਵੇ। ਵਗਦੇ ਪਾਣੀ ਦੀ ਕਲਕਲ ਵਿੱਚ ਖ਼ੁਸ਼ੀ ਦਾ ਅਹਿਸਾਸ ਹੋਵੇ ਤੇ ਮਿੱਠੀ ਤੇ ਸਵੱਛ ਰੁਮਕਦੀ





# ਖ਼ੁਦ ਨਾਲ ਇਕਸੁਰ ਹੋਣਾ ਹੀ ਖ਼ੁਸ਼ੀ

**ਕਈ ਹੋਰ ਵਿਦੇਸ਼ੀ ਐਤਵਾਰ ਵਾਲੇ ਦਿਨ ਸਮੁੰਦਰ ਕਿਨਾਰੇ ਸਾਰਾ ਦਿਨ ਮਸਤੀ ਵਿੱਚ ਲੰਘਾਉਂਦੇ ਹਨ। ਨੰਗੇ ਪਿੰਡੇ ਪਾਣੀ ਦੀਆਂ ਲਹਿਰਾਂ ਨਾਲ ਅਰਖੇਲੀਆਂ ਕਰਕੇ ਖ਼ੁਸ਼ ਹੁੰਦੇ ਹਨ ਤੇ ਉੱਥੇ ਹੀ ਆਪਣੇ ਬੱਚਿਆਂ ਤੇ ਪਤਨੀ ਨੂੰ ਨਾਲ ਲਿਜਾ ਕੇ ਇੱਕ ਵੱਖਰਾ ਹੀ ਸੰਸਾਰ ਸਿਰਜ ਲੈਂਦੇ ਹਨ। ਪੀਜ਼ੇ ਤੇ ਕੋਕ ਨਾਲ ਢਿੱਡ ਭਰ ਕੇ ਆਪਣੀ ਕਮਾਈ ਦੀ ਯੋਗ ਵਰਤੋਂ ਕਰਕੇ ਖ਼ੁਸ਼ ਹੁੰਦੇ ਹਨ। ਹਫ਼ਤੇ ਭਰ ਦੀ ਕਮਾਈ ਇਨ੍ਹਾਂ ਨੂੰ ਸੰਤੁਸ਼ਟੀ ਨਾਲ ਭਰ ਦਿੰਦੀ ਹੈ ਤੇ ਅਗਲੇ ਹਫ਼ਤੇ ਇਹ ਸ਼ੂਟ ਵੱਟੀ ਫਿਰ ਆਪਣੇ ਕੰਮਾਂ ਵੱਲ ਭੱਜ ਤੁਰਦੇ ਹਨ।**

ਅਜੀਤ ਸਿੰਘ ਚੰਦਨ
ਸੰਪਰਕ: 75290-05861



ਹਵਾ ਦਾ ਇੱਕ ਬੁੱਲਾ ਵੀ ਖ਼ੁਸ਼ੀ ਦੀ ਵੱਡੀ ਸੌਗਾਤ ਜਾਪੇ। ਸਵੇਰ ਦੀ ਸੈਰ 'ਤੇ ਨਿਕਲਿਆ ਇਨਸਾਨ, ਹਰ ਚੀਜ਼ ਵਿੱਚ ਖ਼ੁਸ਼ੀ ਵੇਖਦਾ ਹੈ। ਉਸ ਨੂੰ ਉੱਡੇ ਜਾਂਦੇ ਪੰਛੀਆਂ ਦੀ ਇੱਕ ਝਾਤ ਵੀ ਖ਼ੁਸ਼ੀ ਦੇ ਸਕਦੀ ਹੈ ਤੇ ਸੈਰ ਕਰਨ ਵੇਲੇ ਆਲੇ-ਦੁਆਲੇ ਦੀ ਸੁੰਦਰਤਾ ਇੱਕ ਖ਼ੁਸ਼ੀ ਭਰਿਆ ਅਨੁਭਵ ਜਾਪਦਾ ਹੈ।

ਜਦੋਂ ਇਨਸਾਨ ਆਪਣੇ ਅੰਦਰਲੇ ਸ਼ੋਰ ਨੂੰ ਖ਼ਤਮ ਕਰ ਲਵੇ ਤਾਂ ਉਹ ਖ਼ੁਸ਼ ਹੁੰਦਾ ਹੈ। ਕਈ ਵਾਰ ਇਕੱਲਤਾ ਵਿੱਚੋਂ ਵੀ ਖ਼ੁਸ਼ੀ ਲੱਭਦੀ ਹੈ। ਜਦੋਂ ਇਨਸਾਨ ਇਕੱਲਤਾ ਵਿੱਚ ਖੁੱਭ ਕੇ, ਆਪਣੇ-ਆਪ ਨਾਲ ਗੱਲਾਂ ਕਰਦਾ ਹੈ, ਉਸ ਨੂੰ ਆਪਣੇ ਅੰਦਰਲੇ ਮਨ ਨੂੰ ਫਰੋਲ ਕੇ ਖ਼ੁਸ਼ੀ ਮਿਲਦੀ ਹੈ ਤੇ ਆਪਣੇ ਚੰਗੇ ਕੀਤੇ ਕੰਮਾਂ ਦੀ ਤਫ਼ਸੀਲ ਵੀ ਖ਼ੁਸ਼ੀ ਦਾ ਸਰੋਤ ਬਣਦੀ ਹੈ। ਖ਼ੁਸ਼ੀ ਦਾ ਅਸਲ ਸਰੋਤ ਤੁਹਾਡਾ ਅੰਦਰਲਾ ਮਨ ਹੈ। ਜੇਕਰ ਤੁਸੀਂ ਆਪਣੇ ਮਨ ਨੂੰ ਕਾਬੂ ਕਰ ਲਿਆ ਤਾਂ ਤੁਸੀਂ ਸਹਿਜੇ ਹੀ ਖ਼ੁਸ਼ੀ ਦੇ ਦੁਆਰ 'ਤੇ ਪਹੁੰਚ ਸਕਦੇ ਹੋ। ਅੰਦਰਲੀ ਸ਼ਾਂਤ ਅਡੋਲ ਅਵਸਥਾ ਇਨਸਾਨ ਨੂੰ ਖ਼ੁਸ਼ੀ ਦੇ ਸਕਦੀ ਹੈ ਤੇ ਕਈ ਵਾਰ ਤੁਸੀਂ ਆਪਣੇ ਘਰ ਦੀ ਬਾਹਰਲੀ ਬਾਲਕੋਨੀ ਵਿੱਚੋਂ ਅਸਮਾਨ 'ਚ ਉੱਡਦੇ ਪੰਛੀ ਦੀ ਇੱਕ ਝਾਤ ਪਾ ਕੇ ਵੀ ਖ਼ੁਸ਼ੀ ਦੇ ਦਰਸ਼ਨ ਕਰ ਸਕਦੇ ਹੋ ਤੇ ਕਈ ਵਾਰ ਨਿੱਕੇ-ਨਿੱਕੇ ਕੰਮ ਕਰਨ ਵਿੱਚੋਂ ਵੀ ਖ਼ੁਸ਼ੀ ਮਿਲਦੀ ਹੈ।

ਜਿਵੇਂ ਘਰ ਦੀ ਬਗੀਚੀ ਵਿੱਚ ਕੁਝ ਬੂਟੇ ਉਗਾ ਕੇ ਤੁਸੀਂ ਇਨ੍ਹਾਂ ਬੂਟਿਆਂ ਦੀ ਦੇਖ-ਭਾਲ ਕਰਕੇ ਖ਼ੁਸ਼ੀ ਦੇ ਆਭਾਸ ਨੂੰ ਮਹਿਸੂਸਦੇ ਹੋ। ਇੰਜ ਹੀ ਜਦੋਂ ਇਨ੍ਹਾਂ ਬੂਟਿਆਂ ਨੂੰ ਵਧਦੇ ਵੇਖ ਕੇ ਤੇ ਫਿਰ ਫੁੱਲਾਂ ਨਾਲ ਖਿੜੇ ਵੇਖ ਕੇ ਤੁਹਾਡਾ ਮਨ ਖ਼ੁਸ਼ੀ ਨਾਲ ਖਿੜ ਜਾਂਦਾ ਹੈ। ਇਸੇ ਲਈ ਕਿਸੇ ਸਿਆਣੇ ਨੇ ਕਿਹਾ ਹੈ ਕਿ ਘਰ ਦੀ ਵੀ ਇੱਕ ਆਤਮਾ ਹੁੰਦੀ ਹੈ ਤੇ ਘਰ ਦੀਆਂ ਸੁੰਦਰ ਚੀਜ਼ਾਂ ਤੇ ਸ਼ਾਂਤਮਈ ਚੁੱਪ ਇਸ ਆਤਮਾ ਨੂੰ ਖ਼ੁਸ਼ੀ ਨਾਲ ਭਰੀ ਰੱਖਦੀਆਂ ਹਨ। ਇੱਕ ਨਿੱਕੇ ਬੱਚੇ ਨਾਲ ਖੇਡ ਕੇ ਖ਼ੁਸ਼ੀ ਮਿਲਦੀ ਹੈ, ਖਿੜੇ ਤੇ ਖ਼ੂਬਸੂਰਤ ਫੁੱਲ ਸਾਡੇ ਮਨ 'ਚ ਰੰਗ ਭਰ ਦਿੰਦੇ ਹਨ। ਬੱਚੇ ਦੀਆਂ ਤੋਤਲੀਆਂ ਗੱਲਾਂ ਵਿੱਚੋਂ ਖ਼ੁਸ਼ੀ ਦੇ ਫੁਆਰੇ ਫੁੱਟ ਨਿਕਲਦੇ ਹਨ। ਜਦੋਂ ਬੱਚਾ ਭੱਜਾ-ਭੱਜਾ ਆ ਕੇ ਤੁਹਾਡੀ ਗੋਦ ਵਿੱਚ ਬੈਠ ਜਾਵੇ ਤਾਂ ਤੁਹਾਡੇ ਮਨ ਨੂੰ ਅਤਿਅੰਤ ਖ਼ੁਸ਼ੀ ਤੇ ਟਿਕਾਅ ਮਿਲਦਾ ਹੈ। ਵਗਦੀਆਂ ਨਦੀਆਂ, ਉੱਡਦੇ ਪੰਛੀ ਤੇ ਦਰਿਆਵਾਂ ਦੇ ਵਹਿਣ ਸਾਨੂੰ ਖ਼ੁਸ਼ੀ ਦੇ ਦੁਆਰ 'ਤੇ ਪਹੁੰਚਾ ਦਿੰਦੇ ਹਨ।

ਬਾਹਰਲੇ ਮੁਲਕਾਂ ਵਿੱਚ ਅਨੇਕਾਂ ਵਿਦੇਸ਼ੀ ਖ਼ੁਸ਼ੀ ਦੀ ਭਾਲ ਵਿੱਚ ਐਤਵਾਰ ਵਾਲੇ ਦਿਨ ਕਿਸੇ ਰੈਸਟੋਰੈਂਟ ਵਿੱਚ ਜਾ ਕੇ ਰੱਜ ਕੇ ਖਾਣਾ ਖਾਂਦੇ ਹਨ ਤੇ ਪੀਜ਼ੇ ਤੇ ਕੋਕ ਦੇ ਘੁੱਟ ਭਰ ਕੇ ਖ਼ੁਸ਼ੀ ਲੱਭ ਲੈਂਦੇ ਹਨ। ਕਈ ਆਪਣੇ ਆਪ ਨੂੰ ਵਿਸਕੀ ਜਾਂ ਵਾਈਨ ਦੇ ਲੜ ਲਾ ਕੇ ਕਿਸੇ ਹੋਰ ਹੀ ਸੰਸਾਰ ਵਿੱਚ ਲੈ ਜਾਂਦੇ ਹਨ। ਖ਼ੁਸ਼ੀਆਂ ਵਿੱਚ ਮਸਤ ਉਹ ਇਸ ਨੂੰ ਸਵਰਗ ਸਮਝ ਬੈਠਦੇ ਹਨ। ਇੱਕ ਦਿਨ ਦੀ ਇਹ ਖ਼ਰਮਸਤੀ ਉਨ੍ਹਾਂ ਨੂੰ ਖ਼ੁਸ਼ੀ ਨਾਲ ਭਰ ਦਿੰਦੀ ਹੈ। ਪਰ ਅਸਲ ਖ਼ੁਸ਼ੀ ਤੁਹਾਡੇ ਮਨ ਦੀ ਤ੍ਰਿਪਤੀ ਹੈ। ਇੱਕ ਹੁਲਾਰਾ ਹੈ, ਜਿਸ ਨਾਲ ਤੁਸੀਂ ਆਪਣੇ ਆਪ ਨੂੰ ਇਸ ਦੁਨੀਆਂ ਦਾ ਸ਼ਹਿਨਸ਼ਾਹ ਮਹਿਸੂਸ ਕਰਦੇ ਹੋ।

ਕਈ ਹੋਰ ਵਿਦੇਸ਼ੀ ਐਤਵਾਰ ਵਾਲੇ ਦਿਨ ਸਮੁੰਦਰ ਕਿਨਾਰੇ ਸਾਰਾ ਦਿਨ ਮਸਤੀ ਵਿੱਚ ਲੰਘਾਉਂਦੇ ਹਨ। ਨੰਗੇ ਪਿੰਡੇ ਪਾਣੀ ਦੀਆਂ ਲਹਿਰਾਂ ਨਾਲ ਅਠਖੇਲੀਆਂ ਕਰਕੇ ਖ਼ੁਸ਼ ਹੁੰਦੇ ਹਨ ਤੇ ਉੱਥੇ ਹੀ ਆਪਣੇ ਬੱਚਿਆਂ ਤੇ ਪਤਨੀ ਨੂੰ ਨਾਲ ਲਿਜਾ ਕੇ ਇੱਕ ਵੱਖਰਾ ਹੀ ਸੰਸਾਰ ਸਿਰਜ ਲੈਂਦੇ ਹਨ। ਪੀਜ਼ੇ ਤੇ ਕੋਕ ਨਾਲ ਢਿੱਡ ਭਰ ਕੇ ਆਪਣੀ ਕਮਾਈ ਦੀ ਯੋਗ ਵਰਤੋਂ ਕਰਕੇ ਖ਼ੁਸ਼ ਹੁੰਦੇ ਹਨ। ਹਫ਼ਤੇ ਭਰ ਦੀ ਕਮਾਈ ਇਨ੍ਹਾਂ ਨੂੰ ਸੰਤੁਸ਼ਟੀ ਨਾਲ ਭਰ ਦਿੰਦੀ ਹੈ ਤੇ ਅਗਲੇ ਹਫ਼ਤੇ ਇਹ ਸ਼ੂਟ ਵੱਟੀ ਫਿਰ ਆਪਣੇ ਕੰਮਾਂ ਵੱਲ ਭੱਜ ਤੁਰਦੇ ਹਨ।

ਅਸਲ ਖ਼ੁਸ਼ੀ ਰੁੱਖ 'ਤੇ ਬੈਠੇ ਪੰਛੀ ਦਾ ਉਹ ਗੀਤ ਹੈ, ਜੋ ਸਾਰੀ ਫਿਜ਼ਾ ਨੂੰ ਆਪਣੇ ਰੰਗ ਵਿੱਚ ਰੰਗ ਦਿੰਦਾ ਹੈ ਜਾਂ ਕੋਈ ਭੇਡਾਂ ਚਾਰਦੇ ਤੇ ਬੱਕਰੀਆਂ ਚਾਰਦੇ ਮੁੰਡੇ ਦੀ ਬੰਸਰੀ ਦੀ ਹੇਕ ਹੈ, ਜਿਸ ਨਾਲ ਵਗਦੇ ਪਾਣੀ ਵੀ ਲਹਿਰਾਂ ਦੇ ਰੂਪ ਵਿੱਚ ਖ਼ੁਸ਼ੀ ਨਾਲ ਝੂੰਮਦੇ ਹਨ। ਰੱਬ ਨੇ ਤਾਂ ਸੰਸਾਰ ਦੇ ਹਰ ਪਾਸੇ ਹੀ ਖ਼ੁਸ਼ੀਆਂ ਬਿਖੇਰੀਆਂ ਹੋਈਆਂ ਹਨ, ਪਰ ਇਨਸਾਨ ਦੀਆਂ ਅੱਖਾਂ ਤੇ ਮਨ ਇਨ੍ਹਾਂ ਖ਼ੁਸ਼ੀਆਂ ਨੂੰ ਮਹਿਸੂਸ ਨਹੀਂ ਕਰਦੇ। ਰੱਬ ਜੋ ਇਸ ਸੰਸਾਰ ਦਾ ਸਿਰਜਕ ਹੈ, ਰੁੱਖ, ਬੂਟੇ ਤੇ ਫੁੱਲ, ਫ਼ਲ ਦੇ ਰੂਪ ਵਿੱਚ ਖ਼ੁਸ਼ੀਆਂ ਵੰਡਦਾ ਹੈ, ਪਰ ਇਨਸਾਨ ਆਪਣੇ ਖਾਲੀ ਤੇ ਉਦਾਸ ਮਨ ਨਾਲ ਇਨ੍ਹਾਂ ਨੂੰ ਮਹਿਸੂਸ ਨਹੀਂ ਕਰਦਾ।

ਜਿੰਨਾ ਚਿਰ ਤੁਸੀਂ ਆਪਣੇ ਭਟਕਦੇ ਮਨ ਨੂੰ ਆਪਣੇ ਵੱਸ ਵਿੱਚ ਨਹੀਂ ਕਰਦੇ, ਤੁਹਾਨੂੰ ਕੋਈ ਖ਼ੁਸ਼ੀ ਨਹੀਂ ਮਿਲੇਗੀ। ਖ਼ੁਸ਼ੀ ਦਾ ਸਰੋਤ ਤੁਹਾਡਾ ਅੰਦਰਲਾ ਮਨ ਹੈ। ਜੇ ਇਕਾਗਰ ਹੋ ਕੇ ਕੰਵਲ ਫੁੱਲ ਵਾਂਗ ਖਿੜ ਪਵੇ ਤਾਂ ਕਿਸੇ ਪਾਸੇ ਭੱਜਣ ਦੀ ਲੋੜ ਨਹੀਂ। ਖ਼ੁਸ਼ੀ ਦਾ ਸਮੁੰਦਰ ਤੁਹਾਡੇ ਅੰਦਰ ਹੀ ਵਗਦਾ ਹੈ। ਇਸ ਦੀਆਂ ਅਠਖੇਲੀਆਂ ਕਰਦੀਆਂ ਲਹਿਰਾਂ ਨੂੰ ਮਹਿਸੂਸ ਕਰੋ। ਤੁਸੀਂ ਖ਼ੁਸ਼ੀ ਤੋਂ ਖਾਲੀ ਨਹੀਂ ਰਹੋਗੇ। ਖ਼ੁਸ਼ੀ ਅੰਦਰ ਹੈ, ਬਾਹਰ ਨਹੀਂ। ਬਾਹਰ ਸਿਰਫ਼ ਵਿਖਾਵਾ ਹੈ।

# ਕਿਵੇ ਭੁੱਲਾਂ ?

ਅਨਮੋਲ ਕੌਰ

ਮੂੰਹ ਸਿਰ ਲਪੇਟ ਕੇ ਪਈ ਭਜਨ ਕੌਰ ਅਚਾਨਕ ਉੱਠ ਕੇ ਬੈਠ ਗਈ। ਆਪਣੀ ਛਾਤੀ ਨੂੰ ਪਿਟਦੀ ਹੋਈ ਉੱਚੀ ਉੱਚੀ ਕੀਰਨੇ ਪਾਉਣ ਲੱਗੀ, " ਕਿਹਨੂੰ ਕਿਹਨੂੰ ,ਭੁੱਲਾਂ ਦੱਸ ਤੂੰ ਮੈਨੂੰ, ਦੱਸ ਮੈਨੂੰ ,ਕਿਵੇ ਭੁੱਲਾਂ ?" ਉਸ ਦੀ ਅਵਾਜ਼ ਤੋਂ ਇਸ ਤਰਾਂ ਲੱਗਦਾ ਸੀ ਜਿਵੇ ਉਸ ਦੀ ਹਰ ਨਸ ਨਸ ਤੋਂ ਚੀਖਾਂ ਨਿਕਲਦੀਆਂ ਹੋਣ।ਫਿਰ ਉਸ ਨੂੰ ਦੰਦਲ ਪੈ ਗਈ ਤੇ ਮੰਜ਼ੇ ਦੇ ਇਕ ਪਾਸੇ ਨੂੰ ਲੁੜਕ ਗਈ। ਘਰ ਵਾਲੇ ਉਸ ਦੇ ਆਲੇ- ਦੁਆਲੇ ਇਕੱਠੇ ਹੋ ਕੇ ਉਸ ਦੀ ਸੰਭਾਲ ਕਰਨ ਲੱਗੇ। ਕੋਈ ਚਮਚੇ ਨਾਲ ਦੰਦਲ ਭੰਨ ਰਿਹਾ ਸੀ ਤੇ ਕੋਈ ਉਸ ਦੇ ਹੱਥਾਂ ਅਤੇ ਪੈਰਾ ਦੀਆਂ ਤਲੀਆਂ ਚਸਨ ਲੱਗਾ।

"ਇਹ ਨੂੰ ਪਈ ਪਈ ਨੂੰ ਕੀ ਹੋ ਗਿਆ।" ਘਰ ਦੀ ਮਾਲਕਣ ਦਰਸ਼ਨ ਕੌਰ ਨੇ ਕਿਹਾ, " ਆ ਸੱਚ, ਮਹੀਨਾ ਜਿਉਂ ਚੜ੍ਹ ਪਿਆ।

" ਹਰੇਕ ਜੂਨ ਦੇ ਮਹੀਨੇ ਪਈ ਤਾਂ ਰਹਿੰਦੀ ਸੀ, ਪਰ ਪਹਿਲੀ ਵਾਰੀ ਇਹਨੇ ਆਹ ਬਿਰਲਾਪ ਕੀਤਾ।" ਦਰਸ਼ਨ ਕੌਰ ਦਾ ਪੁੱਤ ਤਾਰੂ ਕਹਿ ਰਿਹਾ ਸੀ, " ਅੱਜ ਤਾਂ ਮਾਸੀ ਨੇ ਹੱਦ ਹੀ ਕਰ ਦਿੱਤੀ। ਏਨੀਆ ਉੱਚੀ ਉੱਚੀ ਚੀਕਾਂ ਮਾਰੀਆ"

ਛੇਤੀ ਹੀ ਉਸ ਨੂੰ ਹੋਸ਼ ਆ ਗਈ ਪਾਨੀ ਦਾ ਘੁੱਟ ਅੰਦਰ ਲੰਘਾਉਂਦੀ ਫਿਰ ਬੋਲੀ, " ਕਿਵੇਂ ਭੁੱਲਾ ?" ਕਹਿ ਕੇ ਮੂੰਹ ਸਿਰ ਲਪੇਟ ਕੇ ਫਿਰ ਪੈ ਗਈ। ਦੋਂ ਹੀ ਗੁਆਢਣ ਬਚਨੋ ਆ ਗਈ ਤੇ ਆਉਂਦੀ ਹੀ ਕਹਿਣ ਲੱਗੀ, " ਭਜਨ ਕੌਰ ਭੈਣ ਨੂੰ ਕੀ ਹੋ ਗਿਆ, ਇਸ ਦੀਆਂ ਲੇਰਾਂ ਦੀ ਅਵਾਜ਼ ਸੁਣੀ ਤਾਂ ਮੈ ਹੱਥਲਾ ਕੰਮ ਵਿਚ ਛੱਡ, ਭਜੀ ਆਈ।"

" ਪਤਾ ਨਹੀ ਕੀ ਹੋਇਆ ਮੈ ਤਾਂ ਚੌਕੇ ਵਿਚ ਹੀ ਸਾਂ।" ਦਰਸ਼ਨ ਕੌਰ ਨੇ ਦੱਸਿਆ, " ਤਾਰੂ ਨਾਉਂਦਾ ਪਿਆ ਸੀ।"

" ਮੈ ਆਪ ਹੁਣ ਹੀ ਇਥੋਂ ਉੱਠ ਕੇ ਗਈ ਸੀ,ਟੀਵੀ ਤੇ ਖਬਰਾਂ ਦੇਖਦੀ।" ਦਰਸ਼ਨ ਕੌਰ ਦੀ ਨੂੰਹ ਕੁਲਵਿੰਦਰ ਨੇ ਦੱਸਿਆ, " ਮਾਸੀ ਵੀ ਟੀ.ਵੀ ਦੇਖਦੀ ਸੀ, ਮੈ ਖਬਰਾਂ ਵਿਚ ਛੱਡ ਕੇ ਅੰਦਰ ਨੂੰ ਚਲੀ ਗਈ।"

"ਇਨਾ ਚਿਰ ਹੋ ਗਿਆ ਹਰ ਜੂਨ ਦਾ ਮਹੀਨਾ ਇਹਦੇ ਲਈ ਦੁੱਖ ਲੈ ਕੇ ਆਉਂਦਾ।" ਗੁਆਢਣ ਬਚਨੋ ਨੇ ਕਿਹਾ, "ਲਹੌਰੀਆਂ ਦੀ ਬਖਸ਼ੀਸ ਕੌਰ ਤਾਂ ਆਹਦੀ ਸੀ ਪਈ ਜੂਨ ਦੇ ਮਹੀਨੇ ਇਹਨੂੰ ਬਾਹਰਲੀ ਕਸਰ ਹੋ ਜਾਂਦੀ ਆ।"

" ਬਾਹਰਲੀ -ਬੂਰਲੀ ਤਾ ਕੋਈ ਕਸਰ ਨਹੀ।" ਦਰਸ਼ਨ ਕੌਰ ਨੇ ਏਨੀ ਹੌਲੀ ਅਵਾਜ਼ ਵਿਚ ਬਚਨੋ ਨੂੰ ਦੱਸਿਆ ਕਿਤੇ ਉਹ ਮੰਜ਼ੇ ਤੇ ਪਈ ਭਜਨ ਕੌਰ ਨਾ ਸੁਣ ਲਏ, " ਜੂਨ ਦੇ ਮਹੀਨੇ ਇਹਨੂੰ ਸਾਰਾ ਕੁੱਝ ਯਾਦ ਆ ਜਾਂਦਾ ਹੈ ਜੋ ਵਿਚਾਰੀ ਤੇ ਗੁਜ਼ਰਿਆ ਸੀ।"

" ਬੀਬੀ, ਮਾਸੀ ਹੁਣ ਜਰਾ ਟਿਕ ਗਈ ਲੱਗਦੀ ਆ।" ਤਾਰੂ ਨੇ ਵਿਚੋਂ ਹੀ ਉਹਨਾ ਨੂੰ ਟੋਕਿਆ, " ਜੇ ਤੁਸੀ ਗੱਲਾਂ ਕਰਨੀਆਂ ਤਾਂ ਬਾਹਰਲੀ ਬੈਠਕ ਵਿਚ ਚਲੇ ਜਾਉ।" ਬਚਨੋ ਤੇ ਦਰਸ਼ਨ ਕੌਰ ਬਾਹਰਲੀ ਬੈਠਕ ਨੂੰ ਤੁਰ ਪਈਆਂ।

" ਭੈਣ, ਭਲਾ, ਭਜਨ ਕੌਰ ਸ਼ਰੀਕੇ ਚੋਂ ਤੇਰੀ ਭੈਣ ਲੱਗਦੀ ਆ।" ਬਚਨੋ ਨੇ ਪੁੱਛਿਆ, " ਇਹਦਾ ਕੋਈ ਸਕਾਂ-ਸੋਧਰਾ ਹੋਰ ਕੋਈ ਨਹੀ।"

" ਇਹ ਇਕੱਲੀ ਹੀ ਮਾਪਿਆ ਦੀ ਧੀ ਸੀ, ਚਾਵਾਂ- ਮਲਾਵਾਂ ਨਾਲ ਪਲੀ ਅਤੇ ਵਿਆਹੀ ਵੀ ਗਈ ਚੰਗੇ ਘਰ।" ਦਰਸ਼ਨ ਕੌਰ ਬਚਨੋ ਨੂੰ ਸਾਰੀ ਕਹਾਣੀ ਖੋਲ ਕੇ ਦੱਸਣ ਲੱਗੀ, " ਘਰਵਾਲਾ ਤੇ ਉਸ ਦਾ ਬਾਪ ਹੀ ਘਰ ਵਿਚ ਸਨ।ਕੋਈ ਰੋਕਨ ਟੋਕਨ ਵਾਲਾ ਨਹੀ ਸੀ।"

" ਸਮਝ ਗਈ ਮੈ ਤੇਰੀ ਗੱਲ।" ਬਚਨੋ ਵਿਚੋਂ ਹੀ ਬੋਲੀ, " ਸੱਸ ਨਾ ਨਨਾਣ ਤੇ ਆਪੇ ਹੀ ਪ੍ਰਧਾਨ।"

" ਸੱਚੀ ਬਚਨੋ, ਦੋਹੇ ਪਿਉ ਪੁੱਤ ਇਹਦੀ ਗੱਲ ਭੂੰਜੇ ਨਹੀ ਸੀ ਪੈਣ ਦਿੰਦੇ, ਅਕਲ ਵਾਲੀ ਵੀ ਬਥੇਰੀ ਸੀ।"

" ਹੈ ਤਾਂ ਵਿਚਾਰੀ ਹੁਣ ਵੀ ਭਲੀ ਲੋਕ।"

" ਛੇਤੀ ਰੱਬ ਨੇ ਭਾਗ ਲਾ ਦਿੱਤੇ,ਜ਼ਮੀਨ ਜਾਈਦਾਦ ਦਿੱਤੀ, ਪੁੱਤ ਦਿੱਤਾ।"

" ਇਕੋ ਹੀ ਮੁੰਡਾ ਸੀ ?"

" ਪਰ ਇਹ ਇਕੋ ਨਾਲ ਖੁਸ਼ ਸੀ, ਜਦੋਂ ਮੁੰਡੇ ਦਾ ਵਿਆਹ ਕੀਤਾ ਤਾਂ ਸਾਡੇ ਵਰਗਿਆਂ ਨੇ ਵੀ ਵਧਾਈਆਂ ਨਾਲ ਅਸੀਸ ਦਿੱਤੀ, ਰੱਬ ਕਰੇ ਤੇਰੇ ਇਕ ਤੋਂ ਅਨੇਕ ਬਣਨ। ਹੋਇਆਂ ਵੀ ਇਦਾ ਈ, ਵਿਆਹ ਤੋਂ ਦਸ ਮਹੀਨੀ ਬਾਅਦ ਹੀ ਸੁੱਖ ਨਾਲ ਪੋਤਾ ਹੋ ਗਿਆ। ਜੂਨ ਮਹੀਨੇ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਵਾਲੇ ਦਿਨਾਂ ਵਿਚ ਸਾਰਾ ਟੱਬਰ ਪੋਤੇ ਨੂੰ ਲੈ ਕੇ ਅੰਮ੍ਰਿਤਸਰ ਨੂੰ ਤੁਰ ਪਿਆ ਮੱਥਾ ਟਿਕਾਉਣ। ਬਸ ਫਿਰ ਕੀ ਸੀ ਤੈਨੂੰ ਪਤਾ ਹੀ ਆ ਫਿਰ ਦੋਖੀਆਂ ਨੇ ਹਰਿਮੰਦਰ ਸਾਹਿਬ ਕੀ ਕੁੱਝ ਕੀਤਾ।" ਇੰਨਾ ਕਹਿਣ ਨਾਲ ਦਰਸ਼ਨ ਕੌਰ ਦਾ ਗਲਾ ਅਤੇ ਅੱਖਾਂ ਭਰ ਆਈਆਂ। ਉਹ ਅਗਾਂਹ ਕੁੱਝ ਵੀ ਨਾ ਬੋਲ ਸਕੀ।

" ਅੱਛਾ, ਤਾਂਈਉ ਫਿਰ ਜੂਨ ਦੇ ਮਹੀਨੇ ਇਹਦੀ ਆਹ ਹਾਲਤ ਹੋ ਜਾਂਦੀ ਏ।" ਬਚਨੋ ਨੇ ਪੁੱਛਿਆ , " ਫਿਰ ਕੀ ਵਰਤਿਆ ਇਹਦੇ ਟੱਬਰ ਨਾਲ ਦਾ, ਕੋਈ ਜਿਊਂਦਾ ਵੀ ਮੁੜਿਆ ?"

ਚੂੰਨੀ ਨਾਲ ਅਪਣੀਆਂ ਅੱਖਾਂ ਪੂੰਝਦੀ ਦਰਸ਼ਨ ਕੌਰ ਬੋਲੀ, " ਘਰ ਦੇ ਪੰਜ ਜੀਅ ਚਲੇ ਗਏ, ਪਰ ਇਹ ਦੁੱਖਾਂ ਦੀ ਮਾਰ ਸਹਿਨ ਲਈ ਬਚ ਗਈ, ਹੁਣ ਇੰਨੇ ਇਹ ਸਾਰਾ ਜੂਨ ਦਾ ਮਹੀਨਾ ਇਦਾ ਮੰਜ਼ੇ ਤੇ ਪਈ ਨੇ ਹੀ ਕੱਢਣਾ ਏ।"

" ਰੋਟੀ -ਰਾਟੀ ਵੀ ਖਾਹ ਲੈਂਦੀ ਹੈ ਜਾਂ ਪਈ ਹੀ ਰਹਿੰਦੀ ਆ।"

" ਦਿਲ ਕਰੇ ਤਾਂ ਮਾੜੀਆਂ ਮੋਟੀਆਂ ਦੋ ਬੁਰਕੀਆਂ ਅੰਦਰ ਸੁੱਟਦੀ ਨਹੀ ਤਾਂ ਪਈ ਹੀ ਰੋਹਿੰਦੀ ਏ।"

" ਕੀੜੇ ਪੈਣ ਵਾਲਿਆਂ ਨੂੰ ਪੁੱਛੇ, ਪਈ ਤਹਾਨੂੰ ਇਸ ਵਿਚਾਰੀ ਦੀਆਂ ਅੰਦਰਾਂ ਲੂ ਕੀ ਮਿਲਿਆ।"

" ਗੱਦੀਆ ਜਿਉਂ ਮਿਲ ਗਈਆਂ ਅੱਕਿਰਤਘਣਾਂ ਨੂੰ, ਇਹ ਵਿਚਾਰੀ ਇਕੱਲੀ ਥੌੜ੍ਹੀ ਇਦਾ ਵਿਲਕਦੀ ਏ, ਖੋਰੇ ਕਿੰਨੇ ਕੁ ਲੋਕੀ ਇਹਦੇ ਵਾਂਗ ਤੜਫਦੇ ਨੇ।"

" ਭੈਣ, ਫਿਰ ਜ਼ਮੀਨ ਜਾਈਦਾਦ ਦਾ ਕੀ ਬਣਿਆ।"

" ਉਜੱੜੇ ਬਾਗਾਂ ਦਾ ਗਾਲੜ ਪਟਵਾਰੀ, ਸ਼ਰੀਕਾਂ ਨੇ ਸਾਂਭ ਚੱਟ ਲਈ, ਮੇਰੇ ਭਾਪੇ ਹੋਰੀ ਕਿਹਾ ਸੀ, ਚੱਲ ਤੇਰੀ ਜ਼ਮੀਨ ਛੁਡਾ ਦਿੰਦੇ ਆ, ਪਰ ਇਹ ਨਹੀ ਮੰਨੀ ਕਹਿੰਦੀ ਜ਼ਮੀਨ ਮੈ ਚੁੱਲੇ 'ਚ ਪਾਉਣੀ ਜਿੱਥੇ ਸਾਰਾ ਟੱਬਰ ਚਲਾ ਗਿਆ, ਜ਼ਮੀਨ ਨੂੰ ਅੱਗ ਲਾਉਣੀ।" " ਥੇ ਹੋਣੇ ਚੁੱਲੇ ,ਚ ਤਾਂ ਇਹ ਪੈਣ, ਜਿਹਨਾ ਨਿਰਦੋਸ਼ਆਂ ਨੂੰ ਹੀ ਫੋਜਾਂ ਚਾੜ ਕੇ ਮਾਰ ਮੁਕਾਇਆ।"

" ਦੇਖੀ, ਇਹਨਾ ਤਾ ਹੁਣ ਸਾਰੀ ਉਮਰ ਮੇਰੀ ਭੈਣ ਨਾਲੋ ਵੀ ਵੱਧ ਦੁੱਖ ਹੰਡਾਉਣੇ ਨੇ ਜਿਨਾ ਗੁਰੂ ਦੀ ਨਗਰੀ ਢਾਹੀ ਅਤੇ ਸ਼ਰਧਾ ਨਾਲ ਆਏ ਸ਼ਰਧਾਲੂਆਂ ਤੇ ਕਹਿਰ ਢਾਇਆ।"

" ਲੌਹਰੀਆਂ ਦਾ ਰੂੜ ਸਿੰਹ ਕਹਿੰਦਾ ਸੀ, ਸਰਕਾਰ ਕਹਿੰਦੀ ਆ ,ਪਈ ਉੱਥੇ ਅਤਿਵਾਦੀ ਲੁਕੇ ਹੋਏ ਸੀ ਤਾਂ ਹਮਲਾ ਕੀਤਾ।"

" ਇਹਨਾ ਦੀ ਮਾਂ ਦੇ ਜਵਾਈ ਲੁਕੇ ਹੋਏ ਸਨ ਅਖੇ ਆਪੇ ਮੈ ਰੱਜੀ ਪੁੱਜੀ ਤੇ ਆਪੇ ਮੇਰੇ ਬੱਚੇ ਜਿਊਨ, ਰਾਜ ਇਹਨਾ ਦਾ ,ਪੁਲੀਸ -ਫੋਜ ਇਹਨਾ ਦੀ ਜੋ ਮਰਜ਼ੀ ਬਣਾਈ ਜਾਣ, ਮੰਨ ਵੀ ਲਈਏ ਪਈ ਅਤਿਵਾਦੀ ਲੁਕੇ ਹੋਏ ਸੀ, ਗੁਰੂ ਜੀ ਦੇ ਸ਼ਹੀਦੀ ਵਾਲਾ ਦਿਨ ਹੀ ਲੱਭਾ ਹਮਲਾ ਕਰਨ ਨੂੰ ।"

" ਆਦਿਧਰਮੀਆਂ ਦਾ ਪਾਲੂ ਕਹਿੰਦਾ ਸੀ ਇਹਨਾਂ ਭਿੰਡਰਾਂਵਾਲੇ ਨੂੰ ਫੜਨਾ ਸੀ ਤਾਂ ਹਮਲਾ ਕੀਤਾ।"

" ਤਾਰੂ ਅਖਬਾਰ ਪੜ੍ਹ ਕੇ ਦਸਦਾ ਸੀ ਇਹਨਾਂ ਪੈਂਤੀ ਹੋਰ ਗੁਰੂਘਰ ਵੀ ਢਾਹੇ ,ਉੱਥੇ ਭਿੰਡਰਾਵਾਲਾ ਸੀ।" ਦਰਸ਼ਨ ਕੌਰ ਨੇ ਕਿਹਾ, " ਹੁਣ ਤਾਂ ਉਦਾ ਹੀ ਕੁਤਿਆਂ ਵਾਂਗੂ ਭੌਂਕੀ ਜਾਂਦੇ ਆ ਦਾਦਣੇ।"

"ਜਿਦੂੰ ਦਾ ਭਾਪਾ ਤਾਂ ਆਪ ਕਹਿੰਦਾ ਸੀ, ਕਿੰਨੇ ਕੁ ਬੰਦੇ ਸੀ ਜਿਹਨਾਂ ਨੂੰ ਕੱਢਣ ਲਈ ਟੈਂਕ ਚਾੜ ਦਿੱਤੇ ਜਿਵੇ ਪਾਕਿਸਤਾਨ ਨਾਲ ਯੁੱਧ ਕਰਨਾ ਹੋਵੇ। ਉਦਾਂ ਕਹਿੰਦੇ ਅਸੀ ਬਹਾਦਰ ਬਹੁਤ ਹਾਂ। ਚੱਲ ਪ੍ਰਮਾਤਮਾ ਤੁਹਾਡਾ ਭਲਾ ਕਰੇ ਜੋ ਤੁਸੀ ਇਸ ਦੁਖਿਆਰੀ ਨੂੰ ਸਾਂਭਦੇ ਹੋ"

" ਛੋਟੀਆਂ ਹੁੰਦੀਆਂ ਹੀ ਅਸੀ ਇਕੱਠੀਆਂ ਹੀ ਰਹਿੰਦੀਆਂ ਸਨ, ਇਸੇ ਕਰਕੇ ਹੁਣ ਵੀ ਮੇਰੇ ਕੋਲੋ ਹੀ ਰਹਿਣਾ ਚਾਹੁੰਦੀ ਆ।"

" ਜਿਦਾ ਇਹਦੀ ਹਾਲਤ ਆ, ਖੋਰੇ ਚਾਰ ਦਿਨ ਕੱਢਣੇ ਵੀ ਕਿ ਨਹੀ।" ਉਹ ਗੱਲਾਂ ਕਰ ਹੀ ਰਹੀਆਂ ਸਨ ਕਿ ਭਜਨ ਕੌਰ ਫਿਰ ਜ਼ੋਰ ਜ਼ੋਰ ਦੀ ਕੀਰਨੇ ਪਾਉਂਦੀ ਆਪਣੀ ਛਾਤੀ ਪਿਟਣ ਲੱਗੀ, " ਕਿਦਾ ਭੁੱਲਾ ? ਦੱਸ ਵੈਰੀਆ ,ਦੱਸ ?"

ਦਰਸ਼ਨ ਕੌਰ ਅਤੇ ਬਚਨੋ ▲ਹਦੇ ਵੱਲ ਦੌੜ ਪਈਆਂ। " ਅੱਜ ਤਾਂ ਇਹ ਕਹਿਰ ਹੀ ਕਰੀ ਜਾਂਦੀ ਏ।" ਦਰਸ਼ਨ ਕੌਰ ਉਸ ਦੇ ਸਿਰ ਵਿੱਚ ਤੇਲ ਪਾਉਂਦੀ ਬੋਲੀ, " ਭੈਣ, ਕੀ ਹੋ ਗਿਆ ਤੈਨੂੰ ਅੱਜ,ਅੱਗੇ ਵੀ ਤਾਂ ਸਬਰ ਕਰਦੀ ਆਈ ਆਂ ਅੱਜ ਵੀ ਕਰ ਲਾ।" ਅਦਰੋਂ ਨਿਕਲ ਕੇ ਤਾਰੂ ਤੇ ਕੁਲਵਿੰਦਰ ਵੀ ਆ ਗਏ। " ਮਾਸੀ, ਅੱਜ ਇਦਾ ਕਿਉਂ ਕਰਦੀ ਏ।" ਕੁਲਵਿੰਦਰ ਨੇ ਪੈਰਾਂ ਦੀਆਂ ਤਲੀਆਂ ਚਸਦੇ ਪੁੱਛਿਆ, " ਕੁੱਝ ਬੋਲ ਵੀ ਤਾਂ।"

" ਆਹ ਟੈਲੀਵਿਯਨ।" ਭਜਨ ਕੌਰ ਟੀ:ਵੀ ਵੱਲ਼ ਇਸ਼ਾਰਾ ਕਰਕੇ ਬੋਲੀ, " ਕਹਿੰਦਾ ਭੁੱਲ ਜਾ।" ਤਾਰੂ ਨੇ ਟੀ: ਵੀ ਲਾਇਆ ਤਾਂ ਉਸ ਵੇਲੇ ਫਿਰ ਖਬਰਾਂ ਚੱਲ ਰਹੀਆਂ ਸਨ। ਕੋਈ ਸਰਕਾਰੀ ਮੰਤਰੀ ਕਹਿ ਰਿਹਾ ਸੀ, "ਚੌਰਾਸੀ ਵਿਚ ਜੋ ਕੁੱਝ ਵੀ ਹੋਇਆ ਉਹ ਭੁੱਲ ਜਾਣਾ ਚਾਹੀਦਾ, ਅੱਗੋ ਤੋਂ ਸਾਝੀਵਾਲਤਾ ਦੇ ਨਾਹਰੇ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ।" " ਸਾਲੇ।" ਤਾਰੂ ਖਿਝ ਕੇ ਬੋਲਿਆ, " ਸਾਨੂੰ ਕਹਿੰਦੇ ਭੁਲ ਜਾਉ, ਆਪ ਰਾਵਨ ਨੂੰ ਹਰ ਸਾਲ ਸਾੜੀ ਜਾਂਦੇ ਆ।" ਭਜਨ ਕੌਰ ਫਿਰ ਹੱਥਾਂ ਵਿਚੋਂ ਨਿਕਲਣ ਲੱਗੀ ਅਤੇ ਦੁਹਾਈ ਪਾਉਂਦੀ ਬੋਲੀ, " ਦੱਸ ਪੁੱਤ ਨੂੰ ਭੁੱਲਾਂ, ਪੋਤੇ ਜਾ ਨੂੰਹ ਨੂੰ ਭੁੱਲਾਂ, ਆਪਣੇ ਸਰਦਾਰ ਨੂੰ ਜਾਂ ਬਾਪੂ ਨੂੰ ਭੁੱਲਾਂ, ਦੱਸ ਵੈਰੀਆ ਕਿਹਨੂੰ ਭੁੱਲਾਂ, ਫੌਜੀਆਂ ਦੇ ਬੂਟਾਂ ਦੇ ਠੁਡਿਆਂ ਨੂੰ ਭੁੱਲਾ, ਲਾਸ਼ਾਂ ਦੇ ਢੇਰਾਂ ਨੂੰ ਜਾਂ ਪਵਿੱਤਰ ਸਰੋਵਰ ਖੂਨ ਦਾ ਭਰਿਆ ਭੁੱਲਾਂ, ਗੂਰੂ ਘਰ ਦਾ ਤੋਸ਼ਾਖਾਣਾ ਲੁੱਟਦੇ ਭੁੱਲਾਂ ,ਦੱਸ ਵੈਰੀਆ ਕੀ ਕੀ ਭੁੱਲਾਂ ?" ਇਹ ਕਹਿੰਦੀ ਹੀ ਸੀ ਭਜਨ ਕੌਰ ਨੂੰ ਫਿਰ ਦੰਦਲ ਪੈ ਗਈ। " ਇਹਨਾ ਨੇ ਆਪਣੇ ਕੀਤੇ ਦੀ ਮੁਆਫੀ ਤਾਂ ਕੀ ਮੰਗਣੀ , ਇਹੋ ਜਿਹੀਆਂ ਗੱਲਾਂ ਕਰਕੇ ਜਖਮਾਂ ਤੇ ਲੂਣ ਤਾਂ ਨਾ ਛਿੜਕਣ।" ਤਾਰੂ ਮਾਸੀ ਦੀਆਂ ਲੱਤਾ ਸਿੱਧੀਆਂ ਕਰਦਾ ਕਹਿ ਰਿਹਾ ਸੀ, " ਕਹਿਣ ਵਾਲੇ ਨੂੰ ਸ਼ਰਮ ਵੀ ਨਹੀ ਭੋਰਾ, ਆਪ ਤਾਂ ਤੁਸੀ ਆਪਣੇ ਮੰਦਰ ਨੂੰ ਨਹੀ ਭੁੱਲੇ, ਏਨੀ ਪੁਰਾਣੀ ਬਾਬਰੀ ਮਸਜਿਦ ਢਾਅ ਕੇ ਮੰਦਰ ਬਣਾਉਣ ਲੱਗ ਪਏ, ਸਾਨੂੰ ਹੁਣ ਸਾਰੇ ਕਹਿੰਦੇ ਆ ਕੱਲ ਦੀਆਂ ਗੱਲਾਂ ਭੁੱਲ ਜਾਉ।" " ਕਹਿਣ ਦੇ ਜੋ ਕਹਿੰਦੇ ਨੇ, ਕੁੱਤੇ ਭੌਂਕਦੇ ਰਹਿੰਦੇ ਨੇ ਹਾਥੀ ਚੁੱਪ ਕਰਕੇ ਲੰਘ ਜਾਂਦੇ ਨੇ" ਦਰਸ਼ਨ ਕੌਰ ਘਬਰਾਈ ਹੋਈ ਭਜਨ ਕੌਰ ਦੀ ਸਿਹਤ ਦਾ ਫਿਕਰ ਕਰਦੀ ਕਹਿ ਰਹੀ ਸੀ, " ਸਦੀਆਂ ਪੁਰਾਣੇ ਸ਼ਹੀਦਾਂ ਨੂੰ ਹਰ ਰੋਜ਼ ਦੋ ਵੇਲੇ ਅਸੀ ਆਪਣੀ ਅਰਦਾਸ ਰਾਹੀ ਚੇਤੇ ਕਰਦੇ ਹਾਂ, ਇਹਨਾ ਦੇ ਕਹਿਣ ਤੇ ਕੱਲ੍ਹ ਜੋ ਸਾਡੇ ਨਾਲ ਹੋਇਆ, ਅੱਜ ਅਸੀ ਕਿਵੇਂ ਭੁੱਲ ਜਾਵਾਂਗੇ।" " ਆਪਣੇ ਕੀਤੇ ਤੇ ਇਹਨਾ ਪਛਤਾਉਣਾ ਤਾਂ ਕੀ, ਸਾਨੂੰ ਕਹਿੰਦੇ ਭੁੱਲ ਜਾਉ।" ਕੁਲਵਿੰਦਰ ਵੀ ਖਿੱਝੀ ਹੋਈ ਬੋਲੀ, "ਆਪ ਇੰਨੇ ਸਾਲ ਹੋ ਗਏ, ਏਨਾ ਨਹੀ ਕਹਿ ਸਕੇ ਕਿ ਸਾਥੋਂ ਭੁੱਲ ਹੋ ਗਈ, ਮੁਆਫ ਕਰ ਦਿਉ।"

" ਭੈਣ, ਲਿਆ ਪਾਣੀ ਪਾ ਭਜਨੋ ਦੇ ਮੂੰਹ ਵਿਚ।" ਬਚਨੋ ਨੇ ਕਿਹਾ, " ਦੰਦਲ ਟੁੱਟ ਗਈਆ।।" "ਦੱਸ ਵੈਰੀਆ ਕਿਦਾ ਕਿਹਨੂੰ ਭੁੱਲਾਂ।" ਭਜਨ ਕੌਰ ਨੇ ਹੌਲੀ ਜਿਹੀ ਕਿਹਾ, " ਕਿਵੇਂ ਭੁੱਲਾ" ?

ਕਹਿੰਦੀ ਹੋਈ ਦੀਆਂ ਅੱਖਾਂ ਪੁੱਠੀਆਂ ਹੋ ਗਈਆਂ ਸਰੀਰ ਠੰਡਾ ਹੋ ਗਿਆ।

# ਅਸ.ਫਲਤਾਵਾਂ ਵਿੱਚ ਛੁਪੀ ਜਿੱਤ



ਪ੍ਰੋ. ਮਨਜੀਤ ਤਿਆਗੀ
ਸੰਪਰਕ: 98140-96108

ਵਿੰਗੇ-ਟੇਢੇ ਤੇ ਉੱਚੇ ਨੀਵੇਂ ਰਸਤਿਆਂ ਨੂੰ ਪਾਰ ਕਰਕੇ ਪਹਾੜ ਦੀ ਚੋਟੀ 'ਤੇ ਝੰਡਾ ਲਹਿਰਾਉਣ ਵਾਲਿਆਂ ਨੂੰ ਹੀ ਨਾਇਕ ਕਿਹਾ ਜਾਂਦਾ ਹੈ। ਅਧਿਆਤਮ ਤੋਂ ਲੈ ਕੇ ਵਿਗਿਆਨ ਤਕ ਦਾ ਸਮੁੱਚਾ ਇਤਿਹਾਸ ਮਨੁੱਖ ਨੂੰ ਆਤਮ ਪ੍ਰੇਰਣਾ ਤੇ ਆਤਮ ਵਿਸ਼ਵਾਸ ਨਾਲ ਔਕੜਾਂ ਅਤੇ ਅਸਫਲਤਾਵਾਂ ਦਾ ਸਾਹਮਣਾ ਕਰਨ ਲਈ ਪ੍ਰੇਰਦਾ ਹੈ। ਸੰਸਾਰ ਵਿੱਚ ਆਪਣਾ ਨਾਂ ਰੌਸ਼ਨ ਕਰਨ ਵਾਲੇ ਲੋਕਾਂ ਨੂੰ ਜੀਵਨ ਦੇ ਔਖੇ ਤੋਂ ਔਖੇ ਹਾਲਾਤ ਵਿੱਚੋਂ ਗੁਜ਼ਰਨਾ ਪਿਆ, ਪਰ ਉਹ ਹਾਰੇ ਨਹੀਂ। ਇੱਕ ਦਿਨ ਉਹ ਆਪਣੀ ਮੰਜ਼ਿਲ 'ਤੇ ਪਹੁੰਚ ਹੀ ਗਏ। ਉਨ੍ਹਾਂ ਨੇ ਆਪਣਾ ਨਾਂ ਤਾਂ ਰੌਸ਼ਨ ਕੀਤਾ ਹੀ ਸਗੋਂ ਸਮਾਜ ਲਈ ਸੁੱਖਾਂ ਦੇ ਸਾਧਨ ਵੀ ਪੈਦਾ ਕੀਤੇ ਤੇ ਆਤਮ ਵਿਸ਼ਵਾਸ ਸਦਕਾ ਹੀ ਜ਼ਿੰਦਗੀ ਦੇ ਨਾਇਕ ਬਣੇ। ਜ਼ਿੰਦਗੀ ਇੱਕ ਸੰਘਰਸ਼ ਦਾ ਨਾਂ ਹੈ ਜਿਹੜਾ ਸਾਰੀ ਉਮਰ ਹੀ ਜਾਰੀ ਰਹਿੰਦਾ ਹੈ। ਜਿੱਤ-ਹਾਰ, ਸੁਖ-ਦੁਖ, ਖ਼ੁਸ਼ੀ-ਗ਼ਮੀ ਜ਼ਿੰਦਗੀ ਭਰ ਚਲਦੇ ਹਨ। ਦੁੱਖ, ਪੀੜਾ, ਕਸ਼ਟ, ਨਾਕਾਮਯਾਬੀ ਅਤੇ ਹਾਰ ਸਾਡੀਆਂ ਸੋਚਾਂ ਅਤੇ ਬਿਰਤੀ ਨੂੰ ਹਲੂਣਦੀਆਂ ਹਨ ਤੇ ਸਾਨੂੰ ਆਪਣੇ ਆਪ ਨੂੰ ਹੋਰ ਤਕੜਾ ਕਰਨ ਲਈ ਪ੍ਰੇਰਦੀਆਂ ਹਨ।

ਜਦੋਂ ਸਾਨੂੰ ਕਿਸੇ ਤਰ੍ਹਾਂ ਦਾ ਦੁੱਖ, ਗ਼ਮ ਜਾਂ ਪੀੜ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਸਹੀ ਅਰਥਾਂ ਵਿੱਚ ਪਤਾ ਹੀ ਫੇਰ ਲੱਗਦਾ ਹੈ ਕਿ ਜ਼ਿੰਦਗੀ ਸੁੱਖ ਅਤੇ ਦੁੱਖ ਦਾ ਮਿਸ਼ਰਣ ਹੈ। ਜੇਕਰ ਸੁੱਖ ਹੀ ਹੋਣ ਤਾਂ ਜ਼ਿੰਦਗੀ ਨੀਰਸ ਹੋ ਜਾਵੇਗੀ। ਮੁਸੀਬਤਾਂ ਤੇ ਦੁੱਖ ਸਾਨੂੰ ਜ਼ਿੰਦਗੀ ਜਿਉਣ ਦੀ ਜਾਚ ਸਿਖਾਉਂਦੇ ਹਨ। ਜ਼ਿੰਦਗੀ ਵਿੱਚ ਉਹ ਵਿਅਕਤੀ ਕਮਜ਼ੋਰ ਰਹਿ ਜਾਂਦਾ ਹੈ ਜਿਸ ਨੇ ਔਕੜਾਂ ਅਤੇ ਅਸਫਲਤਾਵਾਂ ਦਾ ਸਾਹਮਣਾ ਨਾ ਕੀਤਾ ਹੋਵੇ। ਆਪਣੀਆਂ ਸੁੱਤੀਆਂ ਸ਼ਕਤੀਆਂ ਨੂੰ ਜਗਾਉਣ ਵਿੱਚ ਅਸਮਰੱਥ ਰਹਿਣ ਕਾਰਨ ਉਹ ਜ਼ਿੰਦਗੀ ਦੇ ਕਈ ਰੰਗ ਦੇਖਣ ਤੋਂ ਵਾਂਝਾ ਰਹਿ ਜਾਂਦਾ ਹੈ। ਜਿਵੇਂ ਹਵਾ ਦਾ ਉਲਟਾ ਵਹਾਅ ਪਤੰਗ ਨੂੰ ਉੱਚਾ ਜਾਣ ਵਿੱਚ ਮਦਦ ਕਰਦਾ ਹੈ, ਉਸੇ ਤਰ੍ਹਾਂ ਔਕੜਾਂ ਸਾਨੂੰ ਅੱਗੇ ਵਧਣ ਵਿੱਚ ਮਦਦ ਕਰਦੀਆਂ ਹਨ। ਅਣਸੁਖਾਵੇਂ ਹਾਲਾਤ ਨਾਲ ਸੰਘਰਸ਼ ਕਰਨ ਦੀ ਥਾਂ 'ਤੇ ਤਕਲੀਫ਼ਾਂ ਤੋਂ ਘਬਰਾ ਕੇ ਸੰਘਰਸ਼ ਨੂੰ ਅਲਵਿਦਾ ਕਹਿਣਾ ਜਾਂ ਇਨ੍ਹਾਂ ਨਾਲ ਸਮਝੌਤਾ ਕਰਨਾ ਬੁਜ਼ਦਿਲੀ ਦਾ ਪ੍ਰਤੀਕ ਹੈ। ਜਿਹੜੇ ਪ੍ਰਤੀਕੂਲ ਸਥਿਤੀਆਂ ਵਿੱਚ ਸੰਘਰਸ਼ ਦਾ ਬਿਗਲ ਵਜਾਉਣ ਦੀ ਜੁਅਰੱਤ ਰੱਖਦੇ ਹਨ, ਉਨ੍ਹਾਂ ਨੂੰ ਸੰਘਰਸ਼ ਵਿੱਚੋਂ ਹੀ ਆਨੰਦ ਮਿਲਣ ਲੱਗਦਾ ਹੈ। ਸੰਘਰਸ਼ ਹੀ ਉਨ੍ਹਾਂ ਦਾ ਧਰਮ ਹੋ ਨਿੱਬੜਦਾ ਹੈ।

ਇਸਦੇ ਉਲਟ ਜ਼ਿੰਦਗੀ ਵਿੱਚ ਬਿਨਾਂ ਸੰਘਰਸ਼ ਕੀਤਿਆਂ ਸਫਲਤਾ ਦੀ ਆਸ ਰੱਖਣ ਵਾਲਾ ਇਨਸਾਨ ਕਦੇ ਵੀ ਆਪਣੀ ਮੰਜ਼ਿਲ ਪ੍ਰਾਪਤ ਨਹੀਂ ਕਰਦਾ। ਅਜਿਹਾ ਇਨਸਾਨ ਜਲਦੀ ਸਫਲਤਾ ਪ੍ਰਾਪਤ ਕਰਨ ਦੇ ਚੱਕਰ ਵਿੱਚ ਕਈ ਵਾਰ ਗ਼ਲਤ ਹੱਥਕੰਡੇ ਵਰਤਦਾ ਹੈ। ਇਸ ਤਰ੍ਹਾਂ ਉਹ ਇੱਕ ਸਮੱਸਿਆ ਦਾ ਹੱਲ ਕਰਦਾ-ਕਰਦਾ ਖ਼ੁਦ ਆਪਣੇ ਲਈ ਇੱਕ ਨਵੀਂ ਸਮੱਸਿਆ ਪੈਦਾ ਕਰ ਲੈਂਦਾ ਹੈ ਤੇ ਗ਼ਲਤੀਆਂ ਕਰਦਿਆਂ ਇੰਨਾ ਅੱਗੇ ਚਲਾ ਜਾਂਦਾ ਹੈ ਕਿ ਸਫਲਤਾ ਦੇ ਦਰਵਾਜ਼ੇ ਬੰਦ ਹੋ ਜਾਂਦੇ ਹਨ ਤੇ ਆਖ਼ਿਰ ਉਸ ਕੋਲ ਪਛਤਾਵੇ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਰਹਿੰਦਾ।

ਮੁਸੀਬਤਾਂ ਦਾ ਟਾਕਰਾ ਕਰੇ ਬਗ਼ੈਰ ਮਹਾਨ ਨਹੀਂ ਬਣਿਆ ਜਾ ਸਕਦਾ। 1897 ਵਿੱਚ ਲੜੀ ਗਈ ਸਾਰਾਗੜ੍ਹੀ ਦੀ ਲੜਾਈ ਦਾ ਇਤਿਹਾਸ ਸਾਡੇ ਸਾਹਮਣੇ ਹੈ। ਜੇਕਰ ਹੌਲਦਾਰ ਈਸ਼ਰ ਸਿੰਘ ਦੀ ਅਗਵਾਈ ਵਿੱਚ 21 ਸੂਰਮਿਆਂ ਨੇ ਅਬਦਾਲੀ ਦੀ 10,000 ਸੈਨਿਕਾਂ ਦੀ ਫ਼ੌਜ ਅੱਗੇ ਹਥਿਆਰ ਸੁੱਟ ਕੇ ਆਪਣੀ ਜਾਨ ਬਚਾ ਲਈ ਹੁੰਦੀ ਤਾਂ ਅੱਜ ਉਨ੍ਹਾਂ 21 ਯੋਧਿਆਂ ਨੂੰ ਕੋਈ ਨਾ ਜਾਣਦਾ ਹੁੰਦਾ। ਪਰ ਉਨ੍ਹਾਂ ਮਹਾਨ ਸੂਰਬੀਰਾਂ ਨੇ ਇੰਨੀ ਵੱਡੀ ਫ਼ੌਜ ਅੱਗੇ ਈਨ ਨਹੀਂ ਮੰਨੀ ਤੇ ਦਲੇਰੀ ਨਾਲ ਆਖਰੀ ਸਾਹਾਂ ਤਕ ਲੜਦੇ ਹੋਏ ਸ਼ਹੀਦ ਹੋਏ। ਅੱਜ ਇਨ੍ਹਾਂ ਸੂਰਮਿਆਂ ਦੀ ਕੁਰਬਾਨੀ ਨੂੰ ਸਾਰੀ ਦੁਨੀਆਂ ਸ਼ਰਧਾ ਅਤੇ ਸਤਿਕਾਰ ਨਾਲ ਸਲਾਮ ਕਰਦੀ ਹੈ।ਜੇਕਰ ਤੁਸੀਂ ਕਦੇ ਮੁਸੀਬਤਾਂ ਵਿੱਚ ਘਿਰ ਜਾਓ ਤਾਂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨਕਾਲ ਨੂੰ ਯਾਦ ਕਰੋ, ਜਿਨ੍ਹਾਂ ਨੇ ਆਪਣਾ ਸਾਰਾ ਵੰਸ਼ ਹੀ ਕੌਮ ਲਈ ਕੁਰਬਾਨ ਕਰ ਦਿੱਤਾ, ਪਰ ਉਨ੍ਹਾਂ ਨੇ ਕਦੇ ਹੌਸਲਾ ਨਹੀਂ ਸੀ ਹਾਰਿਆ। ਇਸ ਕਰਕੇ ਅੱਜ ਪੂਰੀ ਦੁਨੀਆਂ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਹੌਸਲੇ ਦੇ ਮਘਦੇ ਰੌਸ਼ਨ ਮੀਨਾਰ ਵਜੋਂ ਜਾਣਿਆ ਜਾਂਦਾ ਹੈ। ਸੰਘਰਸ਼ਸ਼ੀਲ ਲੋਕ ਹੀ ਇਤਿਹਾਸ ਰਚਦੇ ਹਨ। ਜੇਕਰ ਤੁਸੀਂ ਦ੍ਰਿੜ ਮਨ ਨਾਲ ਕਿਸੇ ਕੰਮ ਨੂੰ ਹੱਥ ਪਾਉਂਦੇ ਹੋ ਤਾਂ ਤੁਹਾਡੇ ਯਤਨ ਜਾਇਆ ਨਹੀਂ ਜਾਂਦੇ। ਅੰਤ ਸਫਲਤਾ ਤੁਹਾਡੀ ਝੋਲੀ ਵਿੱਚ ਹੁੰਦੀ ਹੈ। ਜੇਕਰ ਬੱਲਬ ਦਾ ਖੋਜਕਾਰ ਐਡੀਸਨ ਅਸਫਲਤਾਵਾਂ ਅੱਗੇ ਹਾਰ ਮੰਨ ਲੈਂਦਾ ਤਾਂ ਅੱਜ ਅਸੀਂ ਰਾਤ ਨੂੰ ਵੀ ਦਿਨ ਵਰਗੀ ਰੌਸ਼ਨੀ ਵਿੱਚ ਨਾ ਬੈਠ ਸਕਦੇ। ਇਸ ਤਰ੍ਹਾਂ ਬੌਲੀਵੁੱਡ ਦੇ ਮੈਗਾ ਸਟਾਰ ਅਮਿਤਾਬ ਬੱਚਨ ਦੀ ਆਵਾਜ਼ ਨੂੰ ਸ਼ੁਰੂ ਵਿੱਚ ਆਲ ਇੰਡੀਆ ਰੇਡੀਓ ਨੇ ਰਿਜੈਕਟ ਕਰ ਦਿੱਤਾ ਸੀ ਤੇ ਉਸ ਦੀ ਪਹਿਲੀ ਫ਼ਿਲਮ 'ਸਾਤ ਹਿੰਦੁਸਤਾਨੀ' ਵੀ ਬਾਕਸ ਆਫਿਸ 'ਤੇ ਅਸਫਲ ਰਹੀ। ਪਰ ਉਸ ਨੇ ਹਿੰਮਤ ਨਹੀਂ ਹਾਰੀ ਤੇ ਆਪਣੀ ਕਲਾ ਨੂੰ ਹੋਰ ਨਿਖਾਰਿਆ। ਨਤੀਜੇ ਵਜੋਂ ਅੱਜ ਅਮਿਤਾਭ ਬੱਚਨ ਦਾ ਬੌਲੀਵੁੱਡ ਵਿੱਚ ਰੁਤਬਾ ਸਭ ਤੋਂ ਉੱਪਰ ਹੈ। ਸਫਲ ਉਹ ਹੁੰਦੇ ਹਨ ਜੋ ਅਸਫਲਤਾਵਾਂ ਨੂੰ ਖਿੜੇ ਮੱਥੇ ਸਵੀਕਾਰ ਕਰਦੇ ਹਨ। ਜਿਹੜਾ ਵਿਅਕਤੀ ਅਸਫਲ ਹੋਣ ਦੇ ਡਰ ਕਾਰਨ ਸਫ਼ਰ ਸ਼ੁਰੂ ਹੀ ਨਹੀਂ ਕਰਦਾ, ਉਹ ਸਾਰੀ ਉਮਰ ਬੇਜਾਨ ਵਸਤੂ ਵਾਂਗ ਉੱਥੇ ਹੀ ਖੜ੍ਹਾ ਰਹਿ ਜਾਂਦਾ ਹੈ। ਅਸਫਲਤਾਵਾਂ ਦਾ ਸਾਹਮਣਾ ਕਰਕੇ ਹੀ ਵਿਅਕਤੀ ਮਹਾਨ ਬਣਦਾ ਹੈ। ਜੇਕਰ ਤੁਸੀਂ ਫੁੱਲਾਂ ਦੀ ਚਾਹਨਾ ਕਰਦੇ ਹੋ ਤਾਂ ਤੁਹਾਨੂੰ ਕੰਡਿਆਂ ਨੂੰ ਵੀ ਸਹਾਰਨਾ ਪਵੇਗਾ। ਹਾਂ ਪੱਖੀ ਸੋਚ ਵਾਲਾ ਵਿਅਕਤੀ ਹਮੇਸ਼ਾਂ ਚੜ੍ਹਦੀ ਕਲਾ ਵਿੱਚ ਰਹਿੰਦਾ ਹੈ। ਉਸਨੂੰ ਚੜ੍ਹਦੇ ਸੂਰਜ ਦੀ ਸੰਧੂਰੀ ਲਾਲੀ ਵਾਲਾ ਨਜ਼ਾਰਾ ਖ਼ੂਬਸੂਰਤ ਲੱਗਦਾ ਹੈ। ਜੇਕਰ ਤੁਹਾਡੇ ਅੰਦਰ ਜ਼ਿੰਦਗੀ ਦਾ ਆਨੰਦ ਪ੍ਰਾਪਤ ਕਰਨ ਦੀ ਹਿੰਮਤ ਹੈ ਤਾਂ ਪ੍ਰਤੀਕੂਲ ਹਾਲਾਤ ਵੀ ਤੁਹਾਨੂੰ ਡਾਵਾਂਡੋਲ ਨਹੀਂ ਕਰ ਸਕਦੇ। ਕਈ ਵਾਰ ਤੁਸੀਂ ਕਿਸੇ ਕੰਮ ਵਿੱਚ ਪੂਰੀ ਵਾਹ ਲਾ ਦਿੰਦੇ ਹੋ, ਪਰ ਫਿਰ ਵੀ ਨਤੀਜੇ ਸਾਰਥਿਕ ਨਹੀਂ ਆਉਂਦੇ ਤਾਂ ਦਿਲ ਨਾ ਛੱਡੋ ਕਿਉਂਕਿ ਤੂਫ਼ਾਨ ਆਉਣ 'ਤੇ ਪੱਤੇ ਝੜਦੇ ਹਨ, ਦਰੱਖਤ ਨਹੀਂ ਗਿਰਦੇ। ਜਿਵੇਂ ਰਾਤ ਤੋਂ ਬਾਅਦ ਦਿਨ ਜ਼ਰੂਰ ਚੜ੍ਹਦਾ ਹੈ, ਗਰਮੀ ਤੋਂ ਬਾਅਦ ਸਰਦੀ ਜ਼ਰੂਰ ਆਉਂਦੀ ਹੈ, ਪੱਤਝੜ ਤੋਂ ਬਾਅਦ ਬਸੰਤ ਦਾ ਆਉਣਾ ਯਕੀਨੀ ਹੈ। ਇਸੇ ਤਰ੍ਹਾਂ ਅਸਫਲਤਾਵਾਂ ਤੋਂ ਬਾਅਦ ਸਫਲਤਾ ਵੀ ਜ਼ਰੂਰ ਪ੍ਰਾਪਤ ਹੁੰਦੀ ਹੈ। ਅਸਫਲ ਹੋਣ 'ਤੇ ਖੂੰਜੇ ਵਿੱਚ ਲੱਗ ਕੇ ਢੇਰੀ ਢਾਹ ਕੇ ਬੈਠਣ ਨਾਲ ਕੁਝ ਨਹੀਂ ਬਣਨ ਲੱਗਾ, ਹੌਸਲਾ ਰੱਖੋ। ਹੌਸਲਾ ਇੱਕ ਅਜਿਹਾ ਸੂਰਜ ਹੈ ਜਿਸ ਦੀਆਂ ਕਿਰਨਾਂ ਪੈਣ ਨਾਲ ਔਕੜਾਂ ਦਾ ਹਨੇਰਾ ਲੋਪ ਹੋ ਜਾਂਦਾ ਹੈ। ਜੇਕਰ ਤੁਸੀਂ ਔਕੜਾਂ ਫ਼ਤਿਹ ਕਰਕੇ ਮੰਜ਼ਿਲ ਪ੍ਰਾਪਤ ਕਰਦੇ ਹੋ ਤਾਂ ਤੁਹਾਡੇ ਅੰਦਰ ਆਨੰਦ ਦਾ ਪੱਧਰ ਉੱਚਾ ਤੇ ਚਿਰ ਸਥਾਈ ਹੋਵੇਗਾ। ਜੇਕਰ ਤੁਸੀਂ ਵਾਰ-ਵਾਰ ਯਤਨ ਕਰਨ 'ਤੇ ਵੀ ਅਸਫਲ ਹੋ ਰਹੇ ਹੋ ਤਾਂ ਨਵੇਂ ਨਜ਼ਰੀਏ ਨਾਲ ਸਮੱਸਿਆ ਦਾ ਹੱਲ ਤਲਾਸ਼ ਕਰੋ। ਸੋਚਣ ਦੇ ਢੰਗ ਵਿੱਚ ਤਬਦੀਲੀ ਲਿਆਉਣ 'ਤੇ ਤੁਹਾਨੂੰ ਸਮੱਸਿਆ ਦੇ ਕਈ ਨਵੇਂ ਪਹਿਲੂਆਂ ਬਾਰੇ ਜਾਣਕਾਰੀ ਪ੍ਰਾਪਤ ਹੋਵੇਗੀ। ਇਹ ਜਾਣਕਾਰੀ ਤੁਹਾਡੀ ਮੁਸ਼ਕਿਲ ਆਸਾਨ ਕਰਨ ਵਿੱਚ ਸਹਾਇਕ ਸਿੱਧ ਹੁੰਦੀ ਹੈ।

# ਸੂੰਨੀ ਕੁੱਖ ਦੇ ਵਪਾਰੀ



ਸ਼ਾਂਤੀਨਗਰ ਬੱਸ ਸਟੈਂਡ ਦੇ ਕੋਲ ਦਿੱਲੀ-ਸਹਾਰਨਪੁਰ ਰੋਡ ਤੇ ਲੋਨੀ, ਗਾਜੀਆਬਾਦ ਸਥਿਤ ਜੀਵਨ ਜਯੋਤੀ ਨਰਸਿੰਗ ਹੋਮ ਦਾ ਨਾਂ ਖੇਤਰ ਵਿੱਚ ਕਿਸੇ ਵਾਕਫ਼ੀਅਤ ਦਾ ਮੋਹਤਾਜ਼ ਨਹੀਂ ਸੀ। ਇਹ ਹਸਪਤਾਲ ਡਾ. ਸੁਮਿਤ ਕੁਮਾਰ ਸ਼ਰਮਾ ਦਾ ਸੀ, ਜਿਸਦੇ ਪ੍ਰਚਾਰ ਵਿੱਚ ਵੀ ਉਹਨਾਂ ਨੇ ਕੋਈ ਕਸਰ ਬਾਕੀ ਨਹੀਂ ਛੱਡੀ ਸੀ। ਛੋਟਾ ਵੱਡਾ ਕੋਈ ਵੀ ਅਜਿਹਾ ਮਰਜ਼ ਨਹੀਂ, ਜਿਸਦਾ ਉਥੇ ਇਲਾਜ ਨਾ ਹੁੰਦਾ ਹੋਵੇ।

ਉਸ ਸ਼ਾਮ ਵੀ ਸੁਮਿਤ ਜੀਵਨ ਜਯੋਤੀ ਨਰਸਿੰਗ ਹੋਮ ਵਿੱਚ ਬੈਠਿਆ ਸੀ ਕਿ 45 ਕੁ ਸਾਲ ਦਾ ਇਕ ਵਿਅਕਤੀ ਉਸ ਕੋਲ ਇਕ ਮਰੀਜ਼ ਦੀ ਹੈਸੀਅਤ ਨਾਲ ਆਇਆ। ਉਸਨੇ ਮਰੀਜ ਸਟੂਲ ਤੇ ਬਿਠਾਇਆ। ਹੌਲੀ ਜਿਹੇ ਬੋਲਿਆ, ਡਾਕਟਰ ਸਾਹਿਬ, ਮੈਂ ਤੁਹਾਡਾ ਬਹੁਤ ਨਾਮ ਸੁਣਿਆ ਹੈ, ਇਸ ਕਰ ਕੇ ਆਇਆ ਹਾਂ।ਮੇਰਾ ਨਾਂ ਸੁਰੇਸ਼ ਗੁਪਤਾ ਹੈ। ਜਹਾਂਗੀਰਪੁਰੀ ਵਿੱਚ ਰਹਿੰਦਾ ਹਾਂ ਅਤੇ ਆਜ਼ਾਦਪੁਰ ਮੰਡੀ ਵਿੱਚ ਟਮਾਟਰਾਂ ਦੀ ਆੜ੍ਹਤ ਕਰਦਾ ਹਾਂ।

ਦਿੱਲੀ ਵਿੱਚ ਮੇਰੇ ਸੈਂਕੜੇ ਮਰੀਜ ਹਨ, ਸੁਮਿਤ ਆਪਣੇ ਲੈਟਰਹੈਂਡ ਤੇ ਉਸਦਾ ਨਾਂ ਲਿਖਦਿਆਂ ਬੋਲਿਆ। ਸੁਮਿਤ ਨੇ ਪਰਚੇ ਤੇ ਉਮਰ ਵੀ ਲਿਖੀ ਸੀ। ਉਸ ਤੋਂ ਬਾਅਦ ਅੱਖਾਂ ਨੂੰ ਦੇਖਦੇ ਹੋਏ ਸਵਾਲ ਕੀਤਾ, ਦੱਸੋ ਕੀ ਸਮੱਸਿਆ ਹੈ। ਡਾਕਟਰ ਸਾਹਿਬ ਮੇਰੀ ਘਰ ਵਾਲੀ ਦਾ ਨਾਂ ਸੁਨੀਤਾ ਹੈ, ਉਸਦੀ ਉਮਰ 42 ਸਾਲ ਹੈ।

ਸੁਮਿਤ ਨੂੰ ਲੱਗਿਆ ਕਿ ਸ਼ਾਇਦ ਇਹ ਆਦਮੀ ਘੱਟ ਸੁਣਦਾ ਹੈ, ਇਸ ਕਰ ਕੇ ਕੁਰਸੀ ਦੀ ਪੁਸ਼ਤ ਨਾਲ ਪਿੱਠ ਟਿਕਾ ਲਈ ਅਤੇ ਇਕ ਇਕ ਸ਼ਬਦ ਤੇ ਜ਼ੋਰ ਦਿੰਦੇ ਬੋਲਿਆ। ਗੁਪਤਾ ਜੀ, ਮੈਂ ਤੁਹਾਡਾ ਮਰਜ਼ ਪੁੱਛਿਆ ਹੈ, ਤੁਹਾਡੀ ਪਤਨੀ ਦਾ ਨਾਂ ਅਤੇ ਉਮਰ ਨਹੀਂ।

ਮੇਰੀ ਪਤਨੀ ਦੀ ਉਮਰ ਨਾਲ ਹੀ ਮੇਰੀ ਪ੍ਰੇਸ਼ਾਨੀ ਜੁੜੀ ਹੈ। ਸੁਨੀਲ ਗੁਪਤਾ ਸੀਮਾ ਤੋਂ ਜ਼ਿਆਦਾ ਗੰਭੀਰ ਹੋ ਗਿਆ। ਸਾਡੇ ਵਿਆਹ ਨੂੰ ਵੀਹ ਸਾਲ ਹੋ ਗਏ ਹਨ ਅਤੇ ਔਲਾਦ ਨਹੀਂ ਹੈ।ਤੁਸੀਂ ਮੇਰੀ ਮਦਦ ਕਰੋ।ਮੈਂ ਕੁਝ ਦਵਾਈਆਂ ਲਿਖ ਦਿੰਦਾ ਹਾਂ, ਉਹਨਾਂ ਦੀ ਮਦਦ ਨਾਲ ਤੁਹਾਡਾ ਸੁਪਨਾ ਪੂਰਾ ਹੋ ਸਕਦਾ ਹੈ। ਜੋ ਕੰਮ ਵੀਹ ਸਾਲ ਤੋਂ ਨਹੀਂ ਹੋ ਸਕਿਆ, ਉਹ ਵੀਹ ਦਿਨ ਵਿੱਚ ਕਿਵੇਂ ਹੋ ਸਕਦਾ ਹੈ।ਗੁਪਤਾ ਸਿੱਧਾ ਸੌਦੇਬਾਜੀ ਤੇ ਉਤਰ ਆਇਆ। ਗੁਪਤਾ ਨੇ ਇਸ ਤੋਂ ਬਾਅਦ ਅਸਲੀ ਧੰਦੇ ਵਾਲੀ ਜ਼ੁਬਾਨ ਬੋਲੀ।

ਡਾਕਟਰ ਸਾਹਿਬ ਮੈਂ ਕੋਈ ਬਲੈਕਮੇਅਰ ਨਹੀਂ ਹਾਂ, ਤੁਹਾਡਾ ਰਾਜ਼ ਸੀਨੇ ਵਿੱਚ ਦਬਾਈ ਰੱਖਣ ਦੇ ਲਈ ਪੈਸੇ ਮੰਗਾਂਗਾ। ਇਸ ਤੋਂ ਬਾਅਦ ਡਾਕਟਰ ਨੇ ਉਸ ਦੀ ਸਚਾਈ ਪਰਖਣੀ ਸ਼ੁਰੂ ਕੀਤੀ ਅਤੇ ਯਕੀਨ ਹੋ ਗਿਆ ਕਿ ਇਹ ਆਦਮੀ ਸਹੀ ਹੈ। ਗੱਲ ਅੱਗੇ ਤੁਰੀ। ਜੋ ਵੀ ਮਿਲੇ, ਜਲਦੀ ਮਿਲੇ, ਗੁਪਤਾ ਦੇ ਲਹਿਜੇ ਵਿੱਚ ਉਤਾਵਲਾਪਣ ਝਲਕਣ ਲੱਗਿਆ, ਲੜਕਾ ਮਿਲ ਜਾਵੇ ਤਾਂ ਚੰਗਾ ਹੈ, ਨਾ ਮਿਲੇ ਤਾਂ ਲੜਕੀ ਵੀ ਚੱਲੇਗੀ। ਅਸੀਂ ਤਾਂ ਕੇਵਲ ਸਾਬਤ ਕਰਨਾ ਹੈ ਕਿ ਅਸੀਂ ਬੇਔਲਾਦ ਨਹੀਂ ਹਾਂ। ਸਾਨੂੰ ਸੰਤਾਨ ਸੁਖ ਤੋਂ ਇਲਾਵਾ ਤਿੰਨ ਫ਼ਾਇਦੇ ਹੋਰ ਹੋਣਗੇ। ਸੁਮਿਤ ਨੇ ਗੁਪਤਾ ਦੇ ਚਿਹਰੇ ਤੇ ਨਜ਼ਰਾਂ ਗੱਡ ਕੇ ਕਿਹਾ, ਕਿਹੋ ਜਿਹੇ ਤਿੰਨ ਫ਼ਾਇਦੇ?

ਖੁੱਲ੍ਹ ਕੇ ਦੱਸੋ ਮੈਨੂੰ ਕੀ ਫ਼ਾਇਦਾ ਹੋਵੇਗਾ ਅਤੇ ਕੀ ਸੇਵਾ ਹੋਵੇਗੀ। ਲੜਕੀ ਮਿਲੀ ਤਾਂ ਚਾਰ ਲੱਖ ਅਤੇ ਲੜਕਾ ਮਿਲਿਆ ਤਾਂ ਛੇ ਲੱਖ ਨਕਦ ਦੇਣੇ ਹੋਣਗੇ। ਠੀਕ ਹੈ ਡਾਕਟਰ ਸਾਹਿਬ, ਹੋ ਜਾਵੇਗਾ। ਇਸ ਤੋਂ ਬਾਅਦ ਹੱਥ ਮਿਲਾਏ ਅਤੇ ਗੁਪਤਾ ਆਪਣਾ ਐਡਰੈਸ ਅਤੇ ਫ਼ੋਨ ਨੰਬਰ ਦੇ ਕੇ ਚਲਾ ਗਿਆ।

ਬੇਔਲਾਦ ਬਣ ਕੇ ਜੋ ਵਿਅਕਤੀ ਸੁਮਿਤ ਨੂੰ ਮਿਲਿਆ ਸੀ, ਉਹ ਸੁਨੀਲ ਗੁਪਤਾ ਨਹੀਂ, ਦਿੱਲੀ ਪੁਲਿਸ ਦੀ ਕ੍ਰਾਈਮ ਬ੍ਰਾਂਚ ਦਾ ਹੈਡ ਕਾਂਸਟੇਬਲ ਵਸੀਕ ਅਹਿਮਦ ਸੀ। ਹੋਇਆ ਇ? ਕਿ ਪਿਛਲੇ ਕੁਝ ਦਿਨਾਂ ਤੋਂ ਕ੍ਰਾਈਮ ਬ੍ਰਾਂਚ ਨੂੰ ਸੂਚਨਾ ਮਿਲ ਰਹੀ ਸੀ ਕਿ ਰਾਸ਼ਟਰੀ ਰਾਜਧਾਨੀ ਖੇਤਰ ਵਿੱਚ ਬੱਚਿਆਂ ਨੂੰ ਵੇਚਣ ਵਾਲਾ ਗਿਰੋਹ ਸਰਗਰਮ ਹੈ।

ਇਸ ਤੋਂ ਬਾਅਦ ਟੀਮ ਬਣਾਈ ਗਈ ਅਤੇ ਸਾਰੇ ਬੱਚੇ ਵੇਚਣ ਵਾਲੇ ਗਿਰੋਹ ਦੀ ਭਾਲ ਲਈ ਸਰਗਰਮ ਹੋ ਗਏ। ਕੜੀ ਨਾਲ ਕੜੀ ਜੁੜਦੀ ਗਈ ਅਤੇ ਫ਼ਿਰ ਇਸ ਸਿਲਸਿਲੇ ਵਿੱਚ ਲੋਨੀ, ਗਾਜੀਆਬਾਦ ਸਥਿਤ ਜੀਵਨ ਜਯੋਤੀ ਨਰਸਿੰਗ ਹੋਮ ਦਾ ਨਾਂ ਸਾਹਮਣੇ ਆਇਆ। ਗੁਪਤ ਸੂਤਰਾਂ ਤੋਂ ਪਤਾ ਲੱਗਿਆ ਕਿ ਨਰਸਿੰਗ ਹੋਮ ਦਾ ਸੰਚਾਲਕ ਡਾ. ਸੁਮਿਤ ਕੁਮਾਰ ਸ਼ਰਮਾ ਬੇਔਲਾਦ ਜੁੜਿਆਂ ਨੂੰ ਬੱਚੇ ਵੇਚਣ ਦਾ ਕੰਮ ਕਰਦਾ ਹੈ। ਉਸਦੇ ਨਰਸਿੰਗ ਹੋਮ ਵਿੱਚ ਅਜਿਹੀਆਂ ਗਰਭਵਤੀ ਔਰਤਾਂ ਦਾ ਮੁਫ਼ਤ ਇਲਾਜ ਅਤੇ ਜਣੇਪਾ ਕਰਵਾਇਆ ਜਾਂਦਾ ਸੀ, ਜੋ ਸੰਤਾਨ ਨਹੀਂ ਚਾਹੁੰਦੀਆਂ ਸਨ। ਜਣੇਪਾ ਹੋਣ ਤੋਂ ਬਾਅਦ ਜੱਚਾ ਚਲੀ ਜਾਂਦੀ ਹੈ ਅਤੇ ਬੱਚਾ ਸੁਮਿਤ ਰੱਖ ਲੈਂਦਾ ਹੈ। ਇਹ ਬੱਚਾ ਕਿਸੇ ਬੇਔਲਾਦ ਜੋੜੇ ਨੂੰ ਉਚੀ ਕੀਮਤ ਤੇ ਵੇਚ ਦਿੱਤਾ ਜਾਂਦਾ ਹੈ।

ਸੂਤਰਾਂ ਤੋਂ ਅਪਰਾਧ ਸ਼ਾਖਾ ਨੂੰ ਇਹ ਵੀ ਜਾਣਕਾਰੀ ਮਿਲੀ ਕਿ ਰੰਗੀਨ ਮਿਜਾਜ਼ ਵਾਲੀਆਂ ਕੁਆਰੀਆਂ ਅਤੇ ਵਿਧਵਾਵਾਂ ਵਿੱਚ ਜੀਵਨ ਜਯੋਤੀ ਨਰਸਿੰਗ ਹੋਮ ਕਾਫ਼ੀ ਲੋਕਪ੍ਰਿਆ ਹੈ। ਦੂਜੇ ਸ਼ਹਿਰਾਂ ਤੋਂ ਆ ਕੇ ਰਾਸ਼ਟਰੀ ਰਾਜਧਾਨੀ ਖੇਤਰ ਵਿੱਚ ਨੌਕਰੀ ਕਰਨ ਵਾਲੀਆਂ ਲੜਕੀਆਂ ਅਤੇ ਔਰਤਾਂ ਵੀ ਜੀਵਨ ਜਯੋਤੀ ਨਰਸਿੰਗ ਹੋਮ ਵਿੱਚ ਆਪਣੀਆਂ ਰੰਗੀਨੀਆਂ ਦਾ ਕਲੰਕ ਮਿਟਾਉਣ ਆਉਂਦੀਆਂ ਹਨ।

ਸਮਾਂ ਲੰਘ ਜਾਣ ਤੇ ਜਿਹਨਾਂ ਔਰਤਾਂ ਦਾ ਗਰਭਪਾਤ ਨਹੀਂ ਕਰਵਾਇਆ ਜਾ ਸਕਦਾ ਸੀ, ਉਹਨਾਂ ਨੂੰ ਇੱਥੇ ਰੱਖ ਕੇ ਜਣੇਪਾ ਕਰਵਾਇਆ ਜਾਂਦਾ ਸੀ। ਨਵਜੰਮੇ ਬੱਚਿਆਂ ਦੀ ਜ਼ਿੰਮੇਵਾਰੀ ਵੀ ਡਾਕਟਰ ਸੁਮਿਤ ਲੈਣ ਲਈ ਤਿਆਰ ਹੁੰਦਾ ਸੀ। ਅੰਤ ਅਜਿਹੀਆਂ ਔਰਤਾਂ ਜੋ ਆਪਣੇ ਪਾਪ ਨੂੰ ਦੁਨੀਆਂ ਤੋਂ ਲੁਕੋਣਾ ਚਾਹੁੰਦੀਆਂ ਸਨ, ਉਹਨਾਂ ਲਈ ਇਹ ਨਰਸਿੰਗ ਹੋਮ ਵਰਦਾਨ ਸੀ। ਸੁਨੀਲ ਪੈਸੇ ਲੈ ਕੇ ਉਹਨਾਂ ਨੂੰ ਬੇਔਲਾਦ ਜੋੜਿਆ ਨੂੰ ਦੇ ਦਿੰਦਾ ਸੀ। ਲੜਕੀਆਂ ਅਤੇ ਔਰਤਾਂ ਦੀ ਦੇਖਭਾਲ ਮੁਫ਼ਤ ਕੀਤੀ ਜਾਂਦੀ ਸੀ।

ਇਸ ਤੋਂ ਬਾਅਦ 10 ਦਿਨ ਬੀਤ ਗਏ। ਵਸੀਕ ਅਹਿਮਦ ਦੇ ਮੋਬਾਇਲ ਫ਼ੋਨ ਤੇ ਸੁਮਿਤ ਦਾ ਫ਼ੋਨ ਆਇਆ, ਗੁਪਤਾ ਜੀ ਵਧਾਈ ਹੋਵੇ। ਤੁਸੀਂ ਇਕ ਬੇਹੱਦ ਖੂਬਸੂਰਤ ਅਤੇ ਪਿਆਰੀ ਲੜਕੀ ਦੇ ਪਿਤਾ ਬਣ ਗਏ। ਵਾਹ ਬਹੁਤ ਚੰਗਾ ਹੋਇਆ। ਦੋ ਮਹੀਨੇ ਦੀ ਹੈ। ਅਸੀਂ ਲੜਕੇ ਦੀ ਬਹੁਤ ਭਾਲ ਕੀਤੀ ਪਰ ਮਿਲ ਨਾ ਸਕਿਆ। ਤੁਹਾਨੂੰ ਲੜਕੀ ਹੀ ਲੈਣੀ ਹੋਵੇਗੀ। ਸੁਮਿਤ ਨੇ ਉਸਦੀਆਂ ਭਾਵਨਾਵਾਂ ਨੂੰ ਤਵੱਜੋਂ ਨਾ ਦੇ ਕੇ ਪੁੱਛਿਆ, ਗੁਪਤਾ ਜੀ ਰਕਮ ਤਿਆਰ ਹੈ ਜਾਂ ਬੰਦੋਬਸਤ ਕਰਨਾ ਹੋਵੇਗਾ।ਬਿਲਕੁਲ ਤਿਆਰ ਹੈ ਜੀ। ਵਸੀਕ ਅਹਿਮਦ ਨੇ ਉਤਸ਼ਾਹ ਦਾ ਪ੍ਰਦਰਸ਼ਨ ਕੀਤਾ। ਤਿੰਨ ਲੱਖ ਲੈ ਕੇ ਮੈਂ ਤੁਹਾਡੇ ਨਰਸਿੰਗ ਹੋਮ ਆ ਰਿਹਾ ਹਾਂ। ਰਕਮ ਦੇਣ ਦੀ ਗੱਲ ਬਾਹਰ ਤਹਿ ਕੀਤੀ ਗਈ। ਹੈਡ ਕਾਂਸਟੇਬਲ ਨੇ ਸੂਚਨਾ ਆਪਣੇ ਅਧਿਕਾਰੀਆਂ ਨੂੰ ਦਿੱਤੀ। ਇਸ ਤੋਂ ਬਾਅਦ ਯੋਜਨਾ ਬਣੀ ਅਤੇ ਸਭ ਕੁਝ ਤਹਿ ਹੋ ਗਿਆ। ਸੁਮਿਤ ਨੇ 3 ਵਜੇ ਦਾ ਵਕਤ ਦਿੱਤਾ ਸੀ ਪਰ ਆਇਆ ਉਹ 20 ਮਿੰਟ ਲੇਟ। ਉਸਨੂੰ ਦੇਖਦੇ ਹੀ ਵਸੀਕ ਅਹਿਮਦ ਅਤੇ ਈਦ ਮੁਹੰਮਦ ਕਾਰ ਤੋਂ ਉਤਰ ਕੇ ਉਸਦੇ ਕੋਲ ਪਹੁੰਚੇ। ਸੁਮਿਤ ਨੇ ਈਦ ਅਹਿਮਦ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਿਆ। ਵਸੀਕ ਨੇ ਤੁਰੰਤ ਉਸਦੇ ਮਨ ਤੋਂ ਸ਼ੱਕ ਮਿਟਾਇਆ, ਇਹ ਮੇਰੇ ਕਰੀਬੀ ਦੋਸਤ ਹਨ। ਇਹਨਾਂ ਦੀ ਹੀ ਸਲਾਹ ਤੇ ਅਮਲ ਕਰ ਕੇ ਮੈਂ ਤੁਹਾਡੇ ਤੱਕ ਪਹੁੰਚਿਆ ਹਾਂ। ਪੈਸੇ ਮਿਲ ਗਏ ਤਾਂ ਡਾਕਟਰ ਬੱਚੀ ਲੈਣ ਚਲਿਆ ਗਿਆ। ਦੋ ਮਿੰਟ ਬਾਅਦ ਆਇਆ ਤਾਂ ਉਸ ਦੇ ਹੱਥ ਵਿੱਚ ਇਕ ਛੋਟੀ ਜਿਹੀ ਬੱਚੀ ਸੀ। ਇਸ ਤੋਂ ਬਾਅਦ ਪੁਲਿਸ ਮੌਕੇ ਤੇ ਪਹੁੰਚ ਗਈ।ਪੁਲਿਸ ਨੇ ਦਬੋਚ ਲਿਆ। 28 ਸਾਲਾ ਸੁਮਿਤ ਮੂਲ ਤੌਰ ਤੇ ਉਤਰ ਪ੍ਰਦੇਸ਼ ਦਾ ਰਹਿਣ ਵਾਲਾ ਸੀ। ਉਸਦੇ ਪਿਤਾ ਮਾਮਚੰਦ ਸ਼ਰਮਾ ਔਸਤ ਕਿਸਾਨ ਸਨ। ਬਚਪਨ ਤੋਂ ਹੀ ਸੁਮਿਤ ਪੈਸੇ ਕਮਾਉਣ ਦੀ ਇੱਛਾ ਪਾਲਣ ਵਾਲਾ ਸੀ। ਫ਼ਿਰ ਉਹ ਦਿੱਲੀ ਆ ਗਿਆ। ਦਿੱਲੀ ਵਿੱਚ ਕੰਮ ਲੱਭਿਆ ਅਤੇ ਇਕ ਮੈਡੀਕਲ ਸਟੋਰ ਤੇ ਸੇਲਜ਼ਮੈਨ ਲੱਗ ਗਿਆ। ਡਾਕਟਰਾਂ ਦੇ ਪਰਚੇ ਦੇਖ ਕੇ ਦਵਾਈਆਂ ਦਿੰਦੇ ਹੋਏ ਉਸਦੇ ਦਿਮਾਗ ਵਿੱਚ ਡਾਕਟਰੀ ਕਰਨ ਦਾ ਵਿੱਚਾਰ ਆਇਆ। ਉਸਨੇ ਡਾਕਟਰ ਬਣਨ ਦੀ ਕੋਸ਼ਿਸ਼ ਕੀਤੀ ਅਤੇ ਉਸਨੂੰ 2007 ਵਿੱਚ ਬਿਹਾਰ ਦੇ ਇਕ ਆਯੁਰਵੈਦਿਕ ਕਾਲਜ ਵਿੱਚ ਦਾਖਲਾ ਮਿਲ ਗਿਆ। ਉਹ ਕਾਲਜ ਪ੍ਰਾਈਵੇਟ ਸੀ ਅਤੇ ਖਰਚਾ ਵੀ ਵੱਧ ਸੀ। ਮਹਿੰਗੀ ਫ਼ੀਸ, ਮਹਿੰਗੀਆਂ ਕਿਤਾਬਾਂ ਅਤੇ ਰਹਿਣ ਸਹਿਣ ਦਾ ਖਰਚਾ ਵੱਖਰਾ ਸੀ। ਇਸ ਕਰ ਕੇ ਮਹੀਨੇ ਬਾਅਦ ਉਸਨੇ ਕਾਲਜ ਛੱਡ ਦਿੱਤਾ ਅਤੇ ਫ਼ਿਰ ਦਿੱਲੀ ਆ ਗਿਆ। ਇਸ ਵਾਰ ਉਹ ਦਿਲਸ਼ਾਦ ਗਾਰਡਨ ਆ ਗਿਆ। ਇਸ ਦਰਮਿਆਨ ਉਸਦੀ ਆਸ਼ਕੀ ਰੇਣੂ ਨਾਂ ਦੀ ਲੜਕੀ ਨਾਲ ਚੱਲ ਰਹੀ ਸੀ। ਤੰਗੀਆਂ ਕਾਰਨ ਬਹੁਤ ਦੁਖੀ ਸੀ ਪਰ ਰੇਣੂ ਨੇ ਸਾਥ ਦਿੱਤਾ। ਦੋਵੇਂ ਵਿਆਹ ਕਰਨਾ ਚਾਹੁੰਦੇ ਸਨ ਪਰ ਦੋਵਾਂ ਦੇ ਪਰਿਵਾਰ ਵਾਲੇ ਇਸ ਅੰਤਰ ਜਾਤੀ ਰਿਸ਼ਤੇ ਦੇ ਖਿਲਾਫ਼ ਸਨ। ਦੋਵਾਂ ਨੇ ਪਰਿਵਾਰ ਦੇ ਖਿਲਾਫ਼ ਜਾ ਕੇ ਵਿਆਹ ਕਰ ਲਿਆ। ਆਮਦਨ ਦਾ ਕੋਈ ਠੋਸ ਜ਼ਰੀਆ ਨਹੀਂ ਸੀ। ਇਸ ਕਰ ਕੇ ਉਹਨਾਂ ਨੇ ਦਿਮਾਗੀ ਚਾਲ ਚੱਲੀ ਅਤੇ ਤਿਕੜਮ ਨਾਲ ਡਾਕਟਰ ਬਣਨ ਦਾ ਫ਼ੈਸਲਾ ਕੀਤਾ। ਮੈਡੀਕਲ ਸਟੋਰ ਤੇ ਕੰਮ ਕਰਨ ਕਰ ਕੇ ਸੁਮਿਤ ਨੂੰ ਦਵਾਈਆਂ ਅਤੇ ਉਸਦੇ ਫ਼ਾਰਮੂਲੇ ਦੀ ਜਾਣਕਾਰੀ ਹੋ ਗਈ ਸੀ। ਉਹ ਇਹ ਜਾਣ ਗਿਆ ਸੀ ਕਿ ਕਿਸ ਫ਼ਾਰਮੂਲੇ ਦੀ ਕਿਹੜੀ ਕਿਹੜੀ ਦਵਾਈ ਇਲਾਜ ਵਿੱਚ ਕੰਮ ਆਉਂਦੀ ਹੈ। ਆਯੁਰਵੈਦਿਕ ਕਾਲਜ ਵਿੱਚ ਇਕ ਮਹੀਨੇ ਦੀ ਪੜ੍ਹਾਈ ਵਿੱਚ ਉਸਨੂੰ ਸਰੀਰਕ ਸਰੰਚਨਾ, ਰੋਗ ਅਤੇ ਇਲਾਜ ਸਬੰਧੀ ਜਾਣਕਾਰੀ ਹੋ ਗਈ ਸੀ। ਉਹ ਇਹ ਵੀ ਨੋਟ ਕਰ ਰਿਹਾ ਸੀ ਕਿ ਥਾਂ-ਥਾਂ ਨਰਸਿੰਗ ਹੋਮ ਖੁੱਲ੍ਹੇ ਹਨ ਅਤੇ ਸਭ ਚਲਦੇ ਵੀ ਹਨ। ਜਦੋਂ ਕਦੀ ਕੋਈ ਵੱਡਾ ਮਾਮਲਾ ਉਲਝਦਾ ਹੈ ਤਾਂ ਸਿਹਤ ਵਿਭਾਗ ਜਾਂਚ ਆਰੰਭ ਕਰ ਦਿੰਦਾ ਹੈ। ਮਸਲਾ ਪੇਸ਼ ਨਾ ਆਵੇ ਤਾਂ ਕੋਈ ਪੁੱਛਣ ਵਾਲਾ ਨਹੀਂ। ਇਸ ਦੇ ਮੱਦੇਨਜ਼ਰ ਉਸਨੇ ਨਰਸਿੰਗ ਹੋਮ ਖੋਲ੍ਹਿਆ। ਪ੍ਰਚਾਰ ਕੀਤਾ ਅਤੇ ਉਹ ਚੱਲ ਵੀ ਪਿਆ। ਇਸ ਦਰਮਿਆਨ ਦੀਨਾਨਾਥ ਤਿਵਾੜੀ ਵੀ ਨਰਸਿੰਗ ਹੋਮ ਨਾਲ ਜੁੜ ਗਿਆ। ਉਸਨੂੰ ਹਸਪਤਾਲ ਦੇ ਪ੍ਰਚਾਰ ਦਾ ਤਜਰਬਾ ਸੀ, ਉਹ ਸੁਮਿਤ ਦੇ ਕੰਮ ਵੀ ਆਇਆ। ਸੁਮਿਤ ਨੇ ਕੁਸ਼ਲ ਡਾਕਟਰਾਂ ਨਾਲ ਸੰਪਰਕ ਕਰ ਲਿਆ ਤਾਂ ਜੋ ਇਲਾਜ ਸਹੀ ਚੱਲਦਾ ਰਹੇ। ਇਸ ਦਰਮਿਆਨ ਨਿਹਾਰਿਕਾ ਵੀ ਜੁੜ ਗਈ। ਉਹ ਵੀ ਪੈਸੇ ਦੀ ਤੰਗੀ ਕਾਰਨ ਪੜ੍ਹਾਈ ਛੱਡ ਕੇ ਆਈ ਸੀ। ਨਰਸਿੰਗ ਹੋਮ ਵਿੱਚ ਜ਼ਿਆਦਾ ਪੈਸੇ ਕਮਾਉਣ ਦਾ ਵਿੱਚਾਰ ਸੁਮਿਤ ਦੇ ਮਨ ਵਿੱਚ ਉਦੋਂ ਆਇਆ, ਜਦੋਂ ਅਣਚਾਹੇ ਗਰਭ ਤੋਂ ਛੁਟਕਾਰਾ ਪਾਉਣ ਲਈ ਕੁਆਰੀਆਂ ਲੜਕੀਆਂ ਅਤੇ ਵਿਧਵਾਵਾਂ ਉਸਦੀ ਸ਼ਰਨ ਵਿੱਚ ਆਉਣ ਲੱਗੀਆਂ। ਕੁਝ ਅਜਿਹੀਆਂ ਸਨ ਜਿਹਨਾਂ ਦਾ ਗਰਭ ਪੰਜ-ਛੇ ਮਹੀਨੇ ਦਾ ਹੋ ਚੁੱਕਾ ਸੀ ਅਤੇ ਡੇਗਿਆ ਨਹੀਂ ਜਾ ਸਕਦਾ ਸੀ। ਇਸ ਸਮੱਸਿਆ ਲਈ ਨਿਹਾਰਿਕਾ ਅਤੇ ਦੀਨਾਨਾਥ ਨਾਲ ਗੱਲ ਕੀਤੀ ਤਾਂ ਬੇਔਲਾਦ ਜੋੜਿਆਂ ਨੂੰ ਅਜਿਹੇ ਬੱਚੇ ਦੇਣ ਦੀ ਯੋਜਨਾ ਬਣੀ। ਇਸ ਤੋਂ ਬਾਅਦ ਦੀਨਾਨਾਥ ਨੇ ਲੋਨੀ ਦੇ ਇਕ ਪੰਡਤ ਨੂੰ ਵੀ ਇਸ ਗੋਰਖਧੰਦੇ ਵਿੱਚ ਸ਼ਾਮਲ ਕਰ ਲਿਆ। ਇਸ ਤੋਂ ਬਾਅਦ ਤਾਂ ਸੁਮਿਤ ਦਾ ਧੰਦਾ ਸਿਖਰ ਤੇ ਪਹੁੰਚ ਗਿਆ। ਬੱਚਾ ਵੇਚਣ ਲਈ ਸੁਮਿਤ ਨਿਹਾਰਿਕਾ ਨੂੰ ਨਾਲ ਲੈ ਕੇ ਜਾਂਦਾ ਤਾਂ ਜੋ ਉਹਨਾਂ ਨੂੰ ਪਤੀ-ਪਤਨੀ ਸਮਝ ਕੇ ਕੋਈ ਸ਼ੱਕ ਨਾ ਕਰੇ।ਪੁੱਛਗਿੱਛ ਵਿੱਚ ਸੁਮਿਤ ਨੇ ਦੱਸਿਆ ਕਿ ਜੋ ਬੱਚੀ ਉਹ ਕਥਿਤ ਸੁਨੀਲ ਗੁਪਤਾ ਯਾਨਿ ਵਸੀਕ ਨੂੰ ਵੇਚਣ ਜਾ ਰਹੇ ਸਨ, ਉਸਨੂੰ ਦੀਨਾਨਾਥ ਨੇ ਕਿਤਿਉਂ 75 ਹਜ਼ਾਰ ਵਿੱਚ ਖਰੀਦਿਆ ਸੀ। ਇਸ ਸੌਦੇ ਵਿੱਚ ਉਸਨੂੰ 25 ਹਾਰ ਵਿੱਚ ਬੱਚੀ ਵਿਕਣ ਤੋਂ ਬਾਅਦ ਦਿੱਤੇ ਜਾਣੇ ਸਨ।

# ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਨੂੰ ਯਾਦ ਕਰਦਿਆਂ



ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਸਿੱਖਾਂ ਦਾ ਉਹ ਮੁਕੱਦਸ ਅਸਥਾਨ ਹੈ, ਜਿਥੇ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਹੋਇਆ। ਗੁਰੂ ਸਾਹਿਬ ਜੀ ਦੇ ਆਗਮਨ ਸਮੇਂ ਇਹ ਨਗਰ ਰਾਏ ਭੋਇ ਦੀ ਤਲਵੰਡੀ ਕਰਕੇ ਜਾਣਿਆ ਜਾਂਦਾ ਸੀ। ਗੁਰੂ ਸਾਹਿਬ ਦੇ ਮੁਬਾਰਕ ਪ੍ਰਕਾਸ਼ ਤੋਂ ਬਾਅਦ ਇਸ ਦਾ ਨਾਂ ਸ੍ਰੀ ਨਨਕਾਣਾ ਸਾਹਿਬ ਕਰਕੇ ਮਸ਼ਹੂਰ ਹੋਇਆ। ਭਾਰਤ-ਪਾਕਿਸਤਾਨ ਵੰਡ ਸਮੇਂ ਬੇਸ਼ੱਕ ਇਹ ਅਸਥਾਨ ਪਾਕਿਸਤਾਨ 'ਚ ਚਲਾ ਗਿਆ ਪਰ ਸਮੁੱਚੇ ਵਿਸ਼ਵ ਦੀਆਂ ਸੰਗਤਾਂ ਇਸ ਇਤਿਹਾਸਕ ਅਸਥਾਨ ਵਿਖੇ ਸ਼ਰਧਾ ਤੇ ਸਤਿਕਾਰ ਨਾਲ ਨਤਮਸਤਕ ਹੁੰਦੀਆਂ ਹਨ। ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਸਿੱਖੀ ਦਾ ਮੂਲ ਇਤਿਹਾਸਕ ਅਸਥਾਨ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਅਸਥਾਨ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਖੇ 20 ਫਰਵਰੀ 1921 ਨੂੰ ਵਾਪਰੇ ਸ਼ਹੀਦੀ ਸਾਕੇ ਨੂੰ 'ਸਾਕਾ ਨਨਕਾਣਾ ਸਾਹਿਬ' ਕਰਕੇ ਜਾਣਿਆ ਜਾਂਦਾ ਹੈ। ਇਸ ਸਾਕੇ ਸਮੇਂ ਵੱਡੀ ਗਿਣਤੀ 'ਚ ਸਿੱਖਾਂ ਦੀਆਂ ਸ਼ਹਾਦਤਾਂ ਹੋਈਆਂ।

ਉਸ ਸਮੇਂ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਅਕਸਰ ਉਦਾਸੀ, ਨਿਰਮਲੇ ਸਾਧੂ, ਸੰਪਰਦਾਵਾਂ ਕਰਦੀਆਂ ਸਨ। ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਸ਼ਾਸਨ ਦੌਰਾਨ ਗੁਰਦੁਆਰਾ ਸਾਹਿਬਾਨ ਦੇ ਨਾਂ ਜ਼ਮੀਨਾਂ ਤੇ ਜਾਗੀਰਾਂ ਆਦਿ ਲਗਵਾਈਆਂ ਅਤੇ ਗੁਰਦੁਆਰਾ ਸਾਹਿਬਾਨ ਦੀਆਂ ਨਵੀਆਂ ਇਮਾਰਤਾਂ ਵੀ ਤਿਆਰ ਕਰਵਾਈਆਂ। ਪੰਜਾਬ ਉੱਤੇ ਅੰਗਰੇਜ਼ਾਂ ਦੇ ਕਾਬਜ਼ ਹੋਣ ਪਿੱਛੋਂ ਗੁਰਦੁਆਰਿਆਂ ਦੇ ਪ੍ਰਬੰਧ 'ਚ ਵਿਗਾੜ ਆਉਣੇ ਸ਼ੁਰੂ ਹੋ ਗਏ। ਅੰਗਰੇਜ਼ਾਂ ਦੁਆਰਾ ਗੁਰਦੁਆਰਿਆਂ ਦੇ ਪ੍ਰਬੰਧ ਵਿਚ ਸਿੱਧੀ ਦਖ਼ਲਅੰਦਾਜ਼ੀ ਹੋਣ ਲੱਗੀ। ਪ੍ਰਬੰਧਕ ਮਨਮਾਨੀਆਂ ਅਤੇ ਗੁਰਮਤਿ ਵਿਰੋਧੀ ਕਾਰਵਾਈਆਂ ਕਰਨ ਲੱਗ ਪਏ। ਇਸ ਨਾਲ ਸਿੱਖਾਂ 'ਚ ਰੋਸ ਤੇ ਰੋਹ ਪੈਦਾ ਹੋ ਗਿਆ ਅਤੇ ਇਸੇ ਰੋਸ ਨੇ 'ਗੁਰਦੁਆਰਾ ਸੁਧਾਰ ਲਹਿਰ' ਨੂੰ ਜਨਮ ਦਿੱਤਾ। ਇਸ ਲਹਿਰ ਦੌਰਾਨ ਸਿੱਖ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦੇ ਪ੍ਰਬੰਧ 'ਚ ਸੁਧਾਰ ਹਿੱਤ ਗੁਰਦੁਆਰਾ ਸਾਹਿਬ 'ਤੇ ਮਹੰਤਾਂ ਦੇ ਕਬਜ਼ੇ ਨੂੰ ਹਟਾਉਣ ਲਈ ਸ਼ਾਂਤਮਈ ਰੋਸ ਪ੍ਰਗਟ ਕਰਨ ਲਈ ਇਕੱਠੇ ਹੋਏ।

ਸ੍ਰੀ ਨਨਕਾਣਾ ਸਾਹਿਬ 'ਤੇ ਕਾਬਜ਼ ਮਹੰਤ ਨਾਰਾਇਣ ਦਾਸ ਗੁਰਮਤਿ ਵਿਰੋਧੀ ਕਾਰਵਾਈਆਂ ਕਾਰਨ ਬਹੁਤ ਬਦਨਾਮ ਹੋ ਚੁੱਕਾ ਸੀ। ਇਸ ਮਹੰਤ ਨੇ ਗੁਰਮਤਿ ਦੇ ਉਲਟ ਕੰਜਰੀਆਂ ਦਾ ਨਾਚ ਕਰਾਇਆ, ਜਿਸ ਦਾ ਸੰਗਤਾਂ ਨੇ ਬਹੁਤ ਬੁਰਾ ਮਨਾਇਆ। ਅਖ਼ਬਾਰਾਂ ਵਿਚ ਵੀ ਖ਼ਬਰਾਂ ਛਪੀਆਂ ਅਤੇ ਸਿੰਘ ਸਭਾਵਾਂ ਨੇ ਰੋਸ ਮਤੇ ਪਾਸ ਕੀਤੇ ਤੇ ਸਰਕਾਰ ਤੋਂ ਮਹੰਤ ਨੂੰ ਹਟਾਉਣ ਦੀ ਮੰਗ ਕੀਤੀ ਗਈ। 1918 ਈ. 'ਚ ਸਿੰਧ ਦਾ ਰਹਿਣ ਵਾਲਾ ਇਕ ਰਿਟਾਇਰਡ ਅਫ਼ਸਰ ਨਨਕਾਣਾ ਸਾਹਿਬ ਦੇ ਦਰਸ਼ਨਾਂ ਲਈ ਆਪਣੇ ਪਰਿਵਾਰ ਨਾਲ ਆਇਆ, ਮਹੰਤ ਨੇ ਉਸ ਦੇ ਪਰਿਵਾਰ ਨਾਲ ਦੁਰਵਿਵਹਾਰ ਕੀਤਾ। ਪੁਜਾਰੀਆਂ ਦੀਆਂ ਅਜਿਹੀਆਂ ਹਰਕਤਾਂ ਤੋਂ ਲੋਕ ਤੰਗ ਆ ਚੁੱਕੇ ਸਨ ਅਤੇ ਉਨ੍ਹਾਂ ਦੇ ਸਬਰ ਦਾ ਪਿਆਲਾ ਭਰ ਚੁੱਕਾ ਸੀ।

ਅਕਤੂਬਰ 1920 ਈ. ਵਿਚ ਜ਼ਿਲਾ ਸ਼ੇਖੂਪੁਰਾ ਦੇ ਪਿੰਡ ਧਾਰੋਵਾਲੀ ਵਿਖੇ ਇਕ ਸਜੇ ਦੀਵਾਨ 'ਚ ਸੰਗਤਾਂ ਦੇ ਇਕੱਠ 'ਚ ਸ੍ਰੀ ਨਨਕਾਣਾ ਸਾਹਿਬ ਦੇ ਪ੍ਰਬੰਧ ਦੇ ਸੁਧਾਰ ਲਈ ਮਤਾ ਪਾਸ ਕੀਤਾ, ਜਿਸ ਦੀ ਜਾਣਕਾਰੀ ਮਹੰਤ ਨੂੰ ਵੀ ਪਹੁੰਚ ਗਈ ਸੀ, ਇਸ ਲਈ ਉਸ ਨੇ ਚਾਰ-ਪੰਜ ਸੌ ਭਾੜੇ ਦੇ ਆਦਮੀ ਆਪਣੀ ਰਾਖੀ ਲਈ ਸੱਦ ਲਏ। 1920 ਈ. ਨੂੰ ਕੱਤਕ ਦੀ ਪੂਰਨਮਾਸ਼ੀ ਦੇ ਮੇਲੇ 'ਤੇ ਮਹੰਤ ਨਾਰਾਇਣ ਦਾਸ ਨੇ ਚਾਰ-ਪੰਜ ਸੌ ਆਦਮੀਆਂ ਦਾ ਮੁਜ਼ਾਹਰਾ ਕੀਤਾ। ਸੰਗਤਾਂ ਵਿਚੋਂ ਜਿਸ ਉਤੇ ਵੀ ਅਕਾਲੀ ਹੋਣ ਦਾ ਸ਼ੱਕ ਪਿਆ, ਉਸ ਨੂੰ ਅੰਦਰ ਜਾਣ ਤੋਂ ਰੋਕ ਦਿੱਤਾ। ਇਸ ਪਿੱਛੋਂ 23 ਜਨਵਰੀ ਅਤੇ 6 ਫਰਵਰੀ 1921 ਈ. ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਇਸ ਸਬੰਧੀ ਵਿਚਾਰਾਂ ਹੋਈਆਂ। ਉਸ ਸਮੇਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸੁੰਦਰ ਸਿੰਘ ਰਾਮਗੜ੍ਹੀਆ ਤੇ ਮੀਤ ਪ੍ਰਧਾਨ ਹਰਬੰਸ ਸਿੰਘ ਵਲੋਂ ਕਮੇਟੀ ਦੀ ਰਾਏ ਅਨੁਸਾਰ ਮਹੰਤ ਦੇ ਨਾਂ ਉਸ ਦੇ ਆਚਰਣ ਸਬੰਧੀ ਗੁਰਦੁਆਰਾ ਸਾਹਿਬ ਦੇ ਪ੍ਰਬੰਧਾਂ 'ਚ ਸੁਧਾਰ ਲਈ ਖੁੱਲ੍ਹੀ ਚਿੱਠੀ ਲਿਖੀ ਗਈ ਸੀ। ਇਸ ਦੇ ਨਾਲ ਹੀ ਸ੍ਰੀ ਨਨਕਾਣਾ ਸਾਹਿਬ ਵਿਖੇ ਦੀਵਾਨ ਤੇ ਲੰਗਰ ਦੇ ਪ੍ਰਬੰਧ ਲਈ ਭਾਈ ਲਛਮਣ ਸਿੰਘ, ਸ. ਦਲੀਪ ਸਿੰਘ, ਸ. ਤੇਜਾ ਸਿੰਘ ਸਮੁੰਦਰੀ, ਸ. ਕਰਤਾਰ ਸਿੰਘ ਝੱਬਰ ਅਤੇ ਸ. ਬਖਸ਼ੀਸ਼ ਸਿੰਘ 'ਤੇ ਆਧਾਰਿਤ ਇਕ ਕਮੇਟੀ ਬਣਾ ਦਿੱਤੀ। ਦੂਜੇ ਪਾਸੇ ਮਹੰਤ ਨਾਰਾਇਣ ਦਾਸ ਨੇ 7 ਫਰਵਰੀ ਨੂੰ ਆਪਣੇ ਹਮਾਇਤੀਆਂ ਦੀ ਇਕੱਤਰਤਾ ਬੁਲਾਈ। ਸਿੱਖ ਸੰਗਤਾਂ ਨੇ ਮਹੰਤ ਦੀਆਂ ਘਟੀਆ ਕਾਰਵਾਈਆਂ ਨੂੰ ਰੋਕਣ ਲਈ 19 ਫਰਵਰੀ ਨੂੰ ਨਨਕਾਣਾ ਸਾਹਿਬ ਪਹੁੰਚਣ ਦਾ ਫੈਸਲਾ ਕੀਤਾ। ਸਿੱਖ ਸੰਗਤਾਂ ਦੇ ਮੁਖੀਆਂ ਨੇ ਅਕਾਲੀ ਅਖ਼ਬਾਰ ਦੇ ਦਫਤਰ 'ਚ ਫੈਸਲਾ ਕੀਤਾ ਕਿ ਕੋਈ ਪੱਕੀ ਤਰੀਕ ਨਿਸ਼ਚਿਤ ਕੀਤੇ ਬਿਨਾਂ ਕੋਈ ਜਥਾ ਨਨਕਾਣਾ ਸਾਹਿਬ ਨਾ ਜਾਵੇ ਪਰ ਭਾਈ ਲਛਮਣ ਸਿੰਘ ਧਾਰੋਵਾਲੀ ਤੇ ਸ. ਕਰਤਾਰ ਸਿੰਘ ਝੱਬਰ ਆਪਣੇ-ਆਪਣੇ ਜਥੇ ਲੈ ਕੇ ਨਨਕਾਣਾ ਸਾਹਿਬ ਪੁੱਜਣਾ ਚਾਹੁੰਦੇ ਸਨ। ਦੋਹਾਂ ਜਥਿਆਂ ਨੂੰ ਰੋਕਣ ਦਾ ਯਤਨ ਕੀਤਾ। ਭਾਈ ਕਰਤਾਰ ਸਿੰਘ ਝੱਬਰ ਦਾ ਜਥਾ ਰੋਕ ਲਿਆ ਗਿਆ ਪਰ ਭਾਈ ਲਛਮਣ ਸਿੰਘ ਦਾ ਜਥਾ ਨਾ ਰੁਕਿਆ ਅਤੇ ਇਹ ਜਥਾ 20 ਫਰਵਰੀ ਨੂੰ ਨਨਕਾਣਾ ਸਾਹਿਬ ਪਹੁੰਚ ਗਿਆ। ਮਹੰਤ ਨਾਰਾਇਣ ਦਾਸ ਨੇ ਸਿੰਘਾਂ 'ਤੇ ਹਮਲੇ ਦੀ ਪੂਰੀ ਤਿਆਰੀ ਕੀਤੀ ਹੋਈ ਸੀ।

ਜਦੋਂ ਸਿੰਘਾਂ ਦਾ ਜਥਾ ਗੁਰਦੁਆਰਾ ਸਾਹਿਬ ਵਿਚ ਦਾਖਲ ਹੋਇਆ ਤਾਂ ਮਹੰਤ ਨੇ ਬਾਹਰਲੇ ਦਰਵਾਜ਼ੇ ਬੰਦ ਕਰਵਾ ਦਿੱਤੇ ਅਤੇ ਉਸ ਦੇ ਭਾੜੇ ਦੇ ਗੁੰਡਿਆਂ ਨੇ ਸਿੰਘਾਂ 'ਤੇ ਵਾਰ ਕਰਨੇ ਸ਼ੁਰੂ ਕਰ ਦਿੱਤੇ, ਛੱਤ ਦੇ ਉਪਰੋਂ ਗੋਲੀਆਂ ਚਲਾਈਆਂ ਗਈਆਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠੇ ਸਿੰਘ ਨੂੰ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਵਿਚ ਕਈ ਗੋਲੀਆਂ ਲੱਗੀਆਂ। ਜ਼ਖ਼ਮੀ ਸਿੰਘਾਂ ਨੂੰ ਤੇਲ ਪਾ ਕੇ ਸਾੜਿਆ ਗਿਆ। ਇਸ ਖ਼ੂਨੀ ਸਾਕੇ ਸਬੰਧੀ ਸ. ਉੱਤਮ ਸਿੰਘ ਕਾਰਖਾਨੇ ਵਾਲਿਆਂ ਨੇ ਪੰਥਕ ਜਥੇਬੰਦੀ ਤੇ ਸਰਕਾਰੀ ਅਫ਼ਸਰਾਂ ਨੂੰ ਤਾਰਾਂ ਭੇਜੀਆਂ। 21 ਫਰਵਰੀ 1921 ਈ. ਨੂੰ ਸਿੱਖ ਮੁਖੀ ਤੇ ਅਣਗਿਣਤ ਸੰਗਤਾਂ ਨਨਕਾਣਾ ਸਾਹਿਬ ਪੁੱਜੀਆਂ। ਉਸੇ ਦਿਨ ਸ਼ਾਮ ਨੂੰ ਸ੍ਰੀ ਨਨਕਾਣਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੱਥਾਂ 'ਚ ਆ ਗਿਆ। 22 ਫਰਵਰੀ ਦੀ ਸ਼ਾਮ ਨੂੰ ਸ਼ਹੀਦ ਸਿੰਘਾਂ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ।

ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਨੇ ਸਿੱਖ ਜਗਤ 'ਚ ਰੋਹ ਤੇ ਜੋਸ਼ ਪੈਦਾ ਕਰ ਦਿੱਤਾ। ਸਿੱਖ ਸੰਗਤਾਂ ਨੇ ਸਮੂਹ ਗੁਰਦੁਆਰਾ ਸਾਹਿਬਾਨ ਨੂੰ ਪੰਥਕ ਪ੍ਰਬੰਧ ਹੇਠ ਲਿਆਉਣ ਲਈ ਕਮਰ ਕੱਸੇ ਕਰ ਲਏ। ਇਸ ਲਹਿਰ ਨੇ ਗੁਰਦੁਆਰਾ ਪ੍ਰਬੰਧਾਂ 'ਚ ਗੁਰਮਤਿ ਮਰਿਆਦਾ ਦੀ ਇਕਸੁਰਤਾ ਦਾ ਮੁੱਢ ਬੰਨ੍ਹਿਆ। ਇਥੇ ਇਹ ਵੀ ਦੱਸਣਾ ਚਾਹੁੰਦੇ ਹਾਂ ਕਿ ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਤੋਂ ਬਾਅਦ ਸਿੱਖ ਕੌਮ ਨੇ ਪ੍ਰਚਾਰ ਲਹਿਰ ਵਿੱਢਣ ਲਈ ਇਕ ਅਹਿਮ ਫੈਸਲਾ ਲਿਆ, ਜਿਸ ਤਹਿਤ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਹੋਂਦ 'ਚ ਆਇਆ। 1927 'ਚ ਸਥਾਪਿਤ ਹੋਈ ਇਸ ਮਿਸ਼ਨਰੀ ਸੰਸਥਾ ਨੇ ਕੌਮ ਨੂੰ ਅਨੇਕਾਂ ਪ੍ਰਚਾਰਕ, ਰਾਗੀ ਤੇ ਤਬਲਾ ਵਾਦਕ ਦਿੱਤੇ। ਅੱਜ ਵੀ ਇਹ ਪ੍ਰਚਾਰਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਸ੍ਰੀ ਅੰਮ੍ਰਿਤਸਰ ਵਿਖੇ ਚੱਲ ਰਹੀ ਹੈ। ਇਥੇ ਹਰ ਸਾਲ ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿਚ ਸਮਾਗਮ ਕੀਤਾ ਜਾਂਦਾ ਹੈ।

# ਬਹਾਦਰ ਸਿੱਖ ਜਰਨੈਲ: ਸਰਦਾਰ ਜੋਧ ਸਿੰਘ ਰਾਮਗੜ੍ਹੀਆ



ਸਿੱਖ ਮਿਸਲ ਕਾਲ ਦੌਰਾਨ 'ਰਾਮਗੜ੍ਹੀਆ' ਮਿਸਲ ਦੇ ਜਥੇਦਾਰ, ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ 'ਦਲ ਖਾਲਸਾ' ਵਿੱਚ ਆਪਣਾ ਵਿਸ਼ੇਸ਼ ਸਥਾਨ ਬਣਾਉਂਦਿਆਂ ਜਿੱਥੇ ਕਾਂਗੜੇ ਦੇ ਪਹਾੜੀ ਰਾਜਿਆਂ ਤੋਂ ਖਿਰਾਜ ਵਸੂਲੀ ਕੀਤੀ, ਉੱਥੇ ਹੋਰਾਂ ਮਿਸਲਦਾਰਾਂ ਨਾਲ ਮਿਲ ਕੇ ਅਹਿਮਦਸ਼ਾਹ ਦੁਰਾਨੀ ਨਾਲ ਕਈ ਲੜਾਈਆਂ ਲੜੀਆਂ ਅਤੇ ਹੋਰ ਅਨੇਕਾਂ ਕਾਰਨਾਮੇ ਕੀਤੇ, ਜਿਨ੍ਹਾਂ ਦਾ ਆਪਣਾ ਵੱਖਰਾ ਮਾਣਮੱਤਾ ਇਤਿਹਾਸ ਹੈ।

1803 ਈਸਵੀ ਵਿੱਚ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ ਦੇਹਾਂਤ ਪਿੱਛੋਂ ਉਨ੍ਹਾਂ ਦੇ ਦੋ ਪੁੱਤਰਾਂ, ਸਰਦਾਰ ਜੋਧ ਸਿੰਘ ਤੇ ਸਰਦਾਰ ਵੀਰ ਸਿੰਘ ਵਿੱਚੋਂ ਵੱਡੇ ਪੁੱਤਰ ਸਰਦਾਰ ਜੋਧ ਸਿੰਘ ਰਾਮਗੜ੍ਹੀਆ (ਜਿਨ੍ਹਾਂ ਦਾ ਜਨਮ 1757 ਈਸਵੀ ਨੂੰ ਹੋਇਆ ਸੀ) ਮਿਸਲ ਦੇ ਜਥੇਦਾਰ ਬਣੇ। ਸਰਦਾਰ ਜੋਧ ਸਿੰਘ ਵੀ ਆਪਣੇ ਪਿਤਾ ਵਾਂਗ ਬਹੁਤ ਬਹਾਦਰ, ਦਲੇਰ, ਦੂਰ-ਅੰਦੇਸ਼ੀ ਅਤੇ ਸਿਆਣੇ ਯੋਧੇ ਸਨ। ਉਨ੍ਹਾਂ ਨੇ ਆਪਣੇ ਪਿਤਾ ਦੀ ਜਗ੍ਹਾ ਸੰਭਾਲਦਿਆਂ ਹੀ ਗੱਡੋ ਮਾਲਾ, ਭੰਗਾ ਤੇ ਹੁਸ਼ਿਆਰਪੁਰ ਆਦਿ ਪਰਗਣਿਆਂ ਨੂੰ ਆਪਣੇ ਕਬਜ਼ੇ ਵਿੱਚ ਕਰ ਲਿਆ। ਇਸ ਤੋਂ ਇਲਾਵਾ ਉਨ੍ਹਾਂ ਨੇ ਪਟਿਆਲੇ ਦੇ ਰਾਜਾ ਅਮਰ ਸਿੰਘ ਦੀ ਵੀ ਕਈ ਲੜਾਈਆਂ ਵਿੱਚ ਮਦਦ ਕੀਤੀ।

ਦੂਜੇ ਪਾਸੇ ਮਹਾਰਾਜਾ ਰਣਜੀਤ ਸਿੰਘ ਨੇ ਸਰਦਾਰ ਜੋਧ ਸਿੰਘ ਰਾਮਗੜ੍ਹੀਆ ਦੀ ਬਹਾਦਰੀ, ਦਲੇਰੀ ਅਤੇ ਸਿਆਣਪ ਨੂੰ ਵੇਖਦਿਆਂ ਸਰਦਾਰ ਜੋਧ ਸਿੰਘ ਨਾਲ ਮਿੱਤਰਤਾ ਗੰਢਣ ਲਈ ਵਿਚਾਰ ਬਣਾਇਆ। ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ ਲਿਖਦੇ ਹਨ, 'ਸਰਕਾਰ ਨੇ ਸਰਦਾਰ ਜੋਧ ਸਿੰਘ ਰਾਮਗੜ੍ਹੀਏ ਦੇ ਵਰਿਆਮਤਾ ਦੇ ਕਾਰਨਾਮਿਆਂ ਬਾਰੇ ਬਹੁਤ ਕੁਝ ਸੁਣਿਆ ਸੀ। 1803 ਵਿੱਚ ਜਦ ਖਾਲਸਾ ਰਾਜ ਦੀ ਇਮਾਰਤ ਅਜੇ ਨੀਹਾਂ ਵਿੱਚੋਂ ਨਿਕਲੀ ਹੀ ਸੀ, ਇਸ ਨੂੰ ਮਜ਼ਬੂਤ ਬਣਾਇਆ ਅਤੇ ਸੁਰੱਖਿਅਤ ਬਣਾਉਣ ਲਈ ਸਰਦਾਰ ਜੋਧ ਸਿੰਘ ਵਰਗੇ ਕਈ ਜੋਧਿਆਂ ਦੀ ਸਹਾਇਤਾ ਤੇ ਕੁਰਬਾਨੀਆਂ ਦੀ ਲੋੜ ਸੀ, ਜੋ ਸ਼ੇਰ-ਏ-ਪੰਜਾਬ ਨੇ ਇਸ ਬਾਰੇ ਸ੍ਰੀ ਬਾਬਾ ਸਾਹਿਬ ਸਿੰਘ ਨੂੰ ਆਪਣੇ ਵਿਚਾਰ ਦੱਸੇ।

ਮਹਾਰਾਜਾ ਰਣਜੀਤ ਸਿੰਘ ਨੇ ਬਾਬਾ ਸਾਹਿਬ ਸਿੰਘ ਦੀ ਸਹਾਇਤਾ ਨਾਲ 'ਰਾਮਗੜ੍ਹੀਆ ਮਿਸਲ' ਵੱਲ ਦੋਸਤੀ ਦਾ ਹੱਥ ਅੱਗੇ ਵਧਾਇਆ। ਸਿੱਖ ਇਤਿਹਾਸ ਰਿਸਰਚ ਬੋਰਡ, ਅੰਮ੍ਰਿਤਸਰ ਦੇ ਸਾਬਕਾ ਰਿਸਰਚ ਸਕਾਲਰ ਕਿਰਪਾਲ ਸਿੰਘ ਆਪਣੀ ਪੁਸਤਕ 'ਮਹਾਰਾਜਾ ਰਣਜੀਤ ਸਿੰਘ ਜੀਵਨ ਅਤੇ ਘਾਲਣਾ' ਵਿੱਚ ਅੰਗਰੇਜ਼ ਲਿਖਾਰੀ ਸਰ ਲੈਪਲ ਗ੍ਰਿਫਨ ਦੇ ਹਵਾਲੇ ਨਾਲ ਲਿਖਦੇ ਹਨ, "ਮਹਾਰਾਜਾ ਰਣਜੀਤ ਸਿੰਘ ਨੇ 'ਰਾਮਗੜ੍ਹੀਆ ਮਿਸਲ' ਨਾਲ ਦਰਬਾਰ ਸਾਹਿਬ, ਅੰਮ੍ਰਿਤਸਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ 'ਚ ਆਪਣੇ ਹੱਥ ਦਾ ਪੰਜਾ ਕੇਸਰ ਨਾਲ ਰੰਗ ਕੇ ਮਿੱਤਰਤਾ ਦੇ ਪਰਚੇ 'ਤੇ ਮੋਹਰ ਲਾਈ।' ਇਸ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਨੇ ਸਰਦਾਰ ਜੋਧ ਸਿੰਘ ਦੀ ਅਗਵਾਈ ਵਾਲੀ 'ਰਾਮਗੜ੍ਹੀਆ ਮਿਸਲ' ਨੂੰ ਆਪਣੇ ਨਾਲ ਰਲਾ ਕੇ ਆਪਣੀ ਰਾਜਨੀਤਿਕ ਸਥਿਤੀ ਨੂੰ ਹੋਰ ਮਜ਼ਬੂਤ ਕਰ ਲਿਆ।"

ਮਹਾਰਾਜਾ ਰਣਜੀਤ ਸਿੰਘ ਨੇ ਜਦ ਲਾਹੌਰ ਤੋਂ ਬਾਅਦ ਸਿੱਖਾਂ ਦੀ ਧਾਰਮਿਕ ਅਤੇ ਅਧਿਆਤਮਿਕ ਰਾਜਧਾਨੀ ਅੰਮ੍ਰਿਤਸਰ ਉੱਪਰ ਕਬਜ਼ਾ ਕਰਨ ਦਾ ਫੈਸਲਾ ਕੀਤਾ ਤਾਂ ਅੰਮ੍ਰਿਤਸਰ 'ਤੇ ਅਧਿਕਾਰ ਸਥਾਪਿਤ ਕਰਨ ਲਈ ਸਰਦਾਰ ਜੋਧ ਸਿੰਘ ਰਾਮਗੜ੍ਹੀਆ ਦੀ ਬੜੀ ਅਹਿਮ ਭੂਮਿਕਾ ਰਹੀ। ਸਰਦਾਰ ਜੋਧ ਸਿੰਘ ਨੇ ਕਸੂਰ ਅਤੇ ਮੁਲਤਾਨ ਦੀਆਂ ਲੜਾਈਆਂ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਬਹੁਤ ਮਦਦ ਕੀਤੀ। ਸਰਦਾਰ ਜੋਧ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਆਪਣੀ ਵੀਰਤਾ ਦੇ ਜੌਹਰ ਪਹਿਲੀ ਵਾਰ ਕਸੂਰ ਦੀ ਵੱਡੀ ਲੜਾਈ ਸਮੇਂ ਦਿਖਾਏ, ਜਿਹੜੀ ਕਸੂਰੀਏ ਪਠਾਣਾਂ ਕੁਤਬਦੀਨ ਖ਼ਾਨ ਆਦਿ ਨਾਲ ਲੜੀ ਗਈ। ਇਸ ਸੰਗਰਾਮ ਵਿੱਚ ਸਰਦਾਰ ਜੋਧ ਸਿੰਘ ਆਪਣੇ 2 ਹਜ਼ਾਰ ਚੋਣਵੇਂ ਜਵਾਨਾਂ ਨਾਲ ਸ਼ਾਮਲ ਹੋਏ, ਇਸ ਦੌਰਾਨ ਉਨ੍ਹਾਂ ਦੀ ਤੇਗ ਦੇ ਜੌਹਰ ਦੇਖ ਕੇ ਸ਼ੇਰ-ਏ-ਪੰਜਾਬ ਵਾਹ ਵਾਹ ਕਰ ਉੱਠੇ। ਇੰਨੀ ਭਾਰੀ ਸਹਾਇਤਾ ਨੂੰ ਮੁੱਖ ਰੱਖਦਿਆਂ ਮਹਾਰਾਜਾ ਰਣਜੀਤ ਸਿੰਘ ਨੇ 25 ਹਜ਼ਾਰ ਰੁਪਏ ਦੀ ਸਾਲਾਨਾ ਆਮਦਨ ਦੇ ਪਰਗਣੇ ਘੁਮਣ ਨੂੰ ਗੁਲਾਬ ਸਿੰਘ ਪਾਸੋਂ ਲੈ ਕੇ ਸਰਦਾਰ ਜੋਧ ਸਿੰਘ ਨੂੰ ਦੇ ਦਿੱਤੇ। ਇਸ ਤੋਂ ਇਲਾਵਾ ਸ਼ੇਖੂਪੁਰ ਇਲਾਕੇ ਦੇ 11 ਪਿੰਡ, ਜਿਨ੍ਹਾਂ ਦੀ ਆਮਦਨ 12 ਹਜ਼ਾਰ ਰੁਪਏ ਸਾਲਾਨਾ ਸੀ; ਵੀ ਦਿੱਤੇ।

ਸਰਦਾਰ ਜੋਧ ਸਿੰਘ ਮੈਦਾਨ-ਏ-ਜੰਗ ਦੇ ਨਿਡਰ ਯੋਧਾ ਦੇ ਨਾਲ ਨਾਲ ਮਨ ਦੇ ਵੀ ਬੜੇ ਸਾਫ਼ ਸਨ। ਜਦੋਂ ਉਨ੍ਹਾਂ ਦੇਖਿਆ ਕਿ ਸ਼ੇਰ-ਏ-ਪੰਜਾਬ ਉਨ੍ਹਾਂ ਨਾਲ ਦਿਲੋਂ ਪਿਆਰ ਕਰਦੇ ਹਨ ਤਾਂ ਉਹ ਮਹਾਰਾਜਾ ਰਣਜੀਤ ਸਿੰਘ ਨਾਲ ਐਸੇ ਘੁਲ-ਮਿਲ ਗਏ ਕਿ ਇੱਕ-ਦੂਜੇ ਨੂੰ ਦੇਖੇ ਬਿਨਾਂ ਰਹਿ ਨਹੀਂ ਸਨ ਸਕਦੇ। ਖਾਲਸਾ ਦਰਬਾਰ ਦੇ ਰਿਕਾਰਡ ਅਨੁਸਾਰ ਪਤਾ ਲੱਗਦਾ ਹੈ ਕਿ 1803 ਤੋਂ 1816 ਤਕ ਖਾਲਸਾ ਰਾਜ ਦੇ ਵਾਧੇ ਲਈ ਜਿੰਨੀਆਂ ਲੜਾਈਆਂ ਲੜੀਆਂ ਗਈਆਂ, ਸਾਰੀਆਂ ਵਿੱਚ ਸਰਦਾਰ ਜੋਧ ਸਿੰਘ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਮਹਾਰਾਜਾ ਰਣਜੀਤ ਸਿੰਘ, ਸਰਦਾਰ ਜੋਧ ਸਿੰਘ ਦੀ ਇੰਨੀ ਇੱਜ਼ਤ ਕਰਦੇ ਸਨ ਕਿ ਸ਼ਾਹੀ ਦਰਬਾਰ ਵਿੱਚ ਇਨ੍ਹਾਂ ਨੂੰ ਆਪਣੇ ਬਰਾਬਰ ਬਿਠਾਉਂਦੇ ਸਨ ਅਤੇ ਉਨ੍ਹਾਂ ਨੂੰ 'ਬਾਬਾ ਜੀ' ਕਹਿ ਕੇ ਬੁਲਾਉਂਦੇ ਸਨ।

ਸਰਦਾਰ ਜੋਧ ਸਿੰਘ ਰਾਮਗੜ੍ਹੀਆ ਜਿੱਥੇ ਦਲੇਰ ਅਤੇ ਬਹਾਦਰ ਯੋਧੇ ਸਨ, ਉੱਥੇ ਗੁਰੂ-ਘਰ ਦੇ ਵੀ ਅਨਿਨ ਸਿੱਖ ਸਨ। ਉਨ੍ਹਾਂ ਨੇ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ 'ਬੁੰਗਾ ਰਾਮਗੜ੍ਹੀਆਂ' ਬਣਾਵਾਇਆ ਅਤੇ ਨਾਲ ਹੀ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਜਾਣ ਵਾਸਤੇ ਬਣਾਏ ਗਏ ਪੁਲ ਦੇ ਕਿੰਗਰਿਆਂ ਲਈ ਦਿੱਲੀ ਅਤੇ ਆਗਰੇ ਤੋਂ ਪੱਚੀਕਾਰੀ ਵਾਲੇ ਪੱਥਰ ਮੰਗਵਾ ਕੇ ਦਿੱਤੇ। ਗੁਰੂ-ਘਰ ਪ੍ਰਤੀ ਆਪਣੀ ਸ਼ਰਧਾ ਮੁੱਖ ਰੱਖਦਿਆਂ ਉਨ੍ਹਾਂ ਅੰਮ੍ਰਿਤਸਰ ਵਿੱਚ ਗੁਰਦੁਆਰਾ ਬਾਬਾ ਅਟੱਲ ਰਾਇ ਸਾਹਿਬ ਦੀਆਂ ਕੁਝ ਮੰਜ਼ਿਲਾਂ ਦੀ ਉਸਾਰੀ ਵੀ ਕਰਵਾਈ। ਇਸ ਤੋਂ ਇਲਾਵਾ ਛੇਵੇਂ ਗੁਰੂ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਯਾਦ ਵਿੱਚ ਬਣੇ ਗੁਰਦੁਆਰਾ ਗਰਨਾ ਸਾਹਿਬ, ਬੋਦਲ (ਹੁਸ਼ਿਆਰਪੁਰ) ਦੀ ਸਭ ਤੋਂ ਪਹਿਲੀ ਸੇਵਾ ਵੀ ਸਰਦਾਰ ਜੋਧ ਸਿੰਘ ਨੇ ਕੀਤੀ ਸੀ।

1816 ਵਿੱਚ ਕੁਝ ਕੁ ਦਿਨ ਬਿਮਾਰ ਹੋਣ ਤੋਂ ਬਾਅਦ ਪੂਰੀ ਤਰ੍ਹਾਂ ਧਰਮੀ ਅਤੇ ਸਾਦਗੀ ਭਰਪੂਰ ਇਸ ਬਹਾਦਰ ਸਿੱਖ ਸਰਦਾਰ ਜੋਧ ਸਿੰਘ ਰਾਮਗੜ੍ਹੀਆ ਦਾ ਦੇਹਾਂਤ ਹੋ ਗਿਆ। ਉਨ੍ਹਾਂ ਦੇ ਦੇਹਾਂਤ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਨੇ ਉਨ੍ਹਾਂ ਦੇ ਅਧੀਨ ਸਾਰਾ ਇਲਾਕਾ ਜ਼ਬਤ ਕਰ ਕੇ ਉਨ੍ਹਾਂ ਦੀ ਪਤਨੀ, ਭਰਾ ਸਰਦਾਰ ਵੀਰ ਸਿੰਘ ਅਤੇ ਚਾਚਾ ਸਰਦਾਰ ਤਾਰਾ ਸਿੰਘ ਦੇ ਪੁੱਤਰ ਸਰਦਾਰ ਦੀਵਾਨ ਸਿੰਘ ਨੂੰ ਜਾਗੀਰ ਦੇ ਦਿੱਤੀ। ਉਨ੍ਹਾਂ ਦਾ ਯਾਦਗਾਰੀ ਸਥਾਨ ਛੋਟੇ ਜਿਹੇ ਅੱਠ-ਨੁੱਕਰੀ ਗੁਰਦੁਆਰਾ ਸਾਹਿਬ ਦੇ ਰੂਪ ਵਿੱਚ ਅੰਮ੍ਰਿਤਸਰ ਵਿਖੇ ਗੁਰਦੁਆਰਾ 'ਸ਼ਹੀਦ ਗੰਜ' ਬਾਬਾ ਦੀਪ ਸਿੰਘ ਜੀ ਵਿੱਚ ਬਣਿਆ ਹੋਇਆ ਹੈ। ਇਹ ਸਥਾਨ ਉਨ੍ਹਾਂ ਵੱਲੋਂ ਕੀਤੀਆਂ ਪੰਥ ਪ੍ਰਤੀ ਸੇਵਾਵਾਂ ਦੀ ਯਾਦ ਦਿਵਾਉਂਦਾ ਹੈ।

**ਬਿਕਰਮਜੀਤ ਸਿੰਘ ਜੀਤ**

# ਕੀ ਅਮਰੀਕੀ ਸਹਾਇਤਾ ਤੋਂ ਬਿਨਾਂ ਪਾਕਿਸਤਾਨ ਦਾ ਗੁਜ਼ਾਰਾ ਹੋ ਸਕੇਗਾ?

ਪਾਕਿਸਤਾਨ ਦਾ ਟਰੰਪ ਦੇ ਟਵੀਟ ਨੂੰ ਸਵੀਕਾਰ ਨਾ ਕਰ ਸਕਣਾ, ਠੀਕ ਸੀ ਅਤੇ ਉਸ ਨੇ ਤੁਰੰਤ ਪ੍ਰਤੀਕਰਮ ਦਿੱਤਾ ਜਦੋਂ ਵਿਦੇਸ਼ ਮੰਤਰੀ ਖਵਾਜਾ ਐਮ. ਆਸਿਫ਼ ਨੇ ਟਵੀਟ ਕਰਕੇ ਕਿਹਾ ਕਿ ਅਸੀਂ ਰਾਸ਼ਟਰਪਤੀ ਟਰੰਪ ਦੀ ਟਵੀਟ ਦਾ ਜਲਦੀ ਹੀ ਜਵਾਬ ਦੇਵਾਂਗੇ। ਦੁਨੀਆ ਨੂੰ ਪੂਰੀ ਸਚਾਈ ਦੱਸਾਂਗੇ... ਅਸਲੀਅਤ ਅਤੇ ਕਹਾਣੀ ਵਿਚਲਾ ਫ਼ਰਕ। ਇਸ ਦੇ ਤੁਰੰਤ ਬਾਅਦ ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਨੇ ਇਕ ਬਿਆਨ ਜਾਰੀ ਕੀਤਾ : ਪਾਕਿਸਤਾਨ ਅਜਿਹੇ ਬੇਬੁਨਿਆਦ ਦੋਸ਼ਾਂ ਨੂੰ ਸਿਰੇ ਤੋਂ ਨਕਾਰਦਾ ਹੈ, ਜਿਹੜੇ ਜ਼ਮੀਨੀ ਹਕੀਕਤ ਤੋਂ ਝੂਠੇ ਸਾਬਤ ਹੁੰਦੇ ਹਨ ਅਤੇ ਅੱਤਵਾਦ ਵਿਰੁੱਧ ਲੜਾਈ ਦੀਆਂ ਕੋਸ਼ਿਸ਼ਾਂ ਅਤੇ ਖੇਤਰ ਵਿਚ ਸ਼ਾਂਤੀ ਅਤੇ ਸਥਿਰਤਾ ਬਣਾਈ ਰੱਖਣ ਲਈ ਸਾਡੀਆਂ ਅਣਮੁੱਲੀਆਂ ਕੁਰਬਾਨੀਆਂ ਨੂੰ ਮਹੱਤਵਹੀਣ ਬਣਾਉਂਦੇ ਹਨ।

ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵਲੋਂ ਦਿੱਤੇ ਗਏ ਇਸ ਬਿਆਨ ਵਿਚ ਸਚਾਈ ਹੋ ਸਕਦੀ ਹੈ ਕਿ ਉਨ੍ਹਾਂ ਦੇ ਦੇਸ਼ ਨੇ ਮੂਰਖਤਾ ਨਾਲ ਪਾਕਿਸਤਾਨ ਨੂੰ ਪਿਛਲੇ 15 ਸਾਲਾਂ ਵਿਚ 33 ਅਰਬ ਡਾਲਰ ਦੀ ਸਹਾਇਤਾ ਦਿੱਤੀ ਹੈ। ਪਰ ਉਨ੍ਹਾਂ ਦਾ ਇਹ ਕਹਿਣਾ ਗ਼ਲਤ ਹੈ ਕਿ ਇਸ ਦੇ ਬਦਲੇ ਵਿਚ ਉਨ੍ਹਾਂ ਨੂੰ ਕੁਝ ਨਹੀਂ ਮਿਲਿਆ। ਸਮਝਿਆ ਜਾਵੇ ਕਿ ਪਾਕਿਸਤਾਨ ਉਸ ਨੂੰ ਡਾਲਰਾਂ ਵਿਚ ਇਹ ਰਕਮ ਵਾਪਸ ਨਹੀਂ ਕਰ ਸਕਦਾ। ਨਾ ਹੀ ਵਾਸ਼ਿੰਗਟਨ ਉਸ ਤੋਂ ਅਜਿਹੀ ਉਮੀਦ ਕਰਦਾ ਹੈ। ਪਰ ਪਾਕਿਸਤਾਨ ਨੇ ਅਮਰੀਕਾ ਨੂੰ ਸੈਨਿਕ ਕਾਰਵਾਈ ਲਈ ਆਪਣੇ ਦੇਸ਼ ਵਿਚ ਛਾਉਣੀ ਬਣਾਉਣ ਲਈ ਯੋਗ ਥਾਂ ਉਪਲਬੱਧ ਕਰਵਾਈ ਸੀ।

ਰਾਸ਼ਟਰਪਤੀ ਟਰੰਪ ਗ਼ੈਰ-ਜ਼ਰੂਰੀ ਕਠੋਰ ਹਨ, ਜਦੋਂ ਉਹ ਇਹ ਕਹਿੰਦੇ ਹਨ ਕਿ ਬਦਲੇ ਵਿਚ ਉਨ੍ਹਾਂ ਦੇ ਦੇਸ਼ ਨੂੰ ਝੂਠ ਅਤੇ ਮੱਕਾਰੀ ਤੋਂ ਇਲਾਵਾ ਕੁਝ ਨਹੀਂ ਮਿਲਿਆ ਅਤੇ ਨਾਲ ਹੀ ਉਨ੍ਹਾਂ ਨੇ ਆਪਣੇ ਦੇਸ਼ ਦੇ ਪਹਿਲੇ ਨੇਤਾਵਾਂ ਨੂੰ ਮੂਰਖ ਵੀ ਠਹਿਰਾਇਆ ਹੈ। ਸੀਤ ਯੁੱਧ ਸਮੇਂ ਜਦੋਂ ਦੁਨੀਆ ਦੋ ਹਿੱਸਿਆਂ ਵਿਚ ਵੰਡੀ ਗਈ ਸੀ ਤਾਂ ਪਾਕਿਸਤਾਨ ਨੇ ਅਮਰੀਕਾ ਦਾ ਪੱਖ ਚੁਣਿਆ ਸੀ। ਰਾਵਲਪਿੰਡੀ ਉਸ ਕੇਂਦਰੀ ਸੰਧੀ ਸੰਸਥਾ (ਸੈਂਟੋ) ਦਾ ਇਕ ਹਿੱਸਾ ਸੀ, ਜਿਸ ਨੂੰ 1955 ਵਿਚ ਬ੍ਰਿਟੇਨ, ਤੁਰਕੀ, ਈਰਾਨ, ਇਰਾਕ ਅਤੇ ਪਾਕਿਸਤਾਨ ਵਰਗੇ ਵਿਰੋਧੀ ਸੋਚ ਵਾਲੇ ਦੇਸ਼ਾਂ ਨੇ ਇਕੱਠੇ ਹੋ ਕੇ ਬਣਾਇਆ ਸੀ।

ਸੈਂਟੋ ਦਾ ਉਦੇਸ਼ ਵੀ ਨਾਟੋ ਦੀ ਤਰ੍ਹਾਂ ਹੀ ਸੋਵੀਅਤ ਯੂਨੀਅਨ ਨੂੰ ਕਾਬੂ ਵਿਚ ਰੱਖਣ ਅਤੇ ਮੱਧ ਪੂਰਬ ਵਿਚ ਇਸ ਦੇ ਪ੍ਰਸਾਰ ਨੂੰ ਰੋਕਣਾ ਸੀ। ਸੰਧੀ ਦੇ ਮੈਂਬਰਾਂ ਨੇ ਆਪਸੀ ਸਹਿਯੋਗ ਅਤੇ ਸੁਰੱਖਿਅਤਾ ਸਬੰਧੀ ਸਹਿਮਤ ਹੋਣਾ ਸੀ। ਪਰ ਸਭ ਤੋਂ ਦਿਲਚਸਪ ਗੱਲ ਇਹ ਸੀ ਕਿ ਇਨ੍ਹਾਂ ਦੇਸ਼ਾਂ ਨੇ ਤਤਕਾਲੀ ਰਾਜਨੀਤਕ ਸਥਿਤੀਆਂ ਦੇ ਮੱਦੇਨਜ਼ਰ ਇਸ 'ਤੇ ਸਹਿਮਤ ਹੋਣਾ ਸੀ ਕਿ ਉਹ ਇਕ-ਦੂਜੇ ਦੇਸ਼ਾਂ ਦੇ ਅੰਦਰੂਨੀ ਮੁੱਦਿਆਂ ਵਿਚ ਦਖ਼ਲ ਨਹੀਂ ਦੇਣਗੇ। ਇਸ ਗਰੁੱਪ ਦਾ ਮੁਢਲਾ ਨਾਂਅ ਬਗਦਾਦ ਸੰਧੀ ਸੀ, ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਇਸ ਦਾ ਮੁੱਖ ਦਫ਼ਤਰ ਬਗਦਾਦ 'ਚ ਸੀ। ਪਰ 1958 ਵਿਚ ਇਰਾਕੀ ਫ਼ੌਜ ਨੇ ਸੱਤਾ 'ਤੇ ਕਬਜ਼ਾ ਕਰ ਲਿਆ, ਜਿਸ ਦੇ ਨਤੀਜੇ ਵਜੋਂ ਇਰਾਕ ਇਸ ਗਰੁੱਪ 'ਚੋਂ ਬਾਹਰ ਹੋ ਗਿਆ। ਜਿਸ ਕਾਰਨ ਇਸ ਦਾ ਨਾਂਅ ਬਦਲ ਕੇ ਸੈਂਟੋ ਰੱਖਣਾ ਪਿਆ ਅਤੇ ਇਸ ਦਾ ਮੁੱਖ ਦਫ਼ਤਰ ਘੱਟ ਕੱਟੜਪੰਥੀ ਦੇਸ਼ ਤੁਰਕੀ ਦੀ ਰਾਜਧਾਨੀ ਅੰਕਾਰਾ ਵਿਚ ਸਥਾਪਿਤ ਕੀਤਾ ਗਿਆ। ਇਸ ਸੰਸਥਾ ਨੇ ਆਪਣੇ-ਆਪ ਨੂੰ ਛੇ ਦਿਨਾਂ ਯੁੱਧ ਅਤੇ ਯੌਮ ਕਿੱਪੁਰ ਯੁੱਧਾਂ ਤੋਂ ਵੱਖਰਾ ਰੱਖਿਆ, ਜਦ ਕਿ ਇਰਾਕ ਛੇ ਦਿਨਾਂ ਯੁੱਧ ਵਿਚ ਪੂਰੀ ਤਰ੍ਹਾਂ ਸ਼ਾਮਿਲ ਸੀ ਅਤੇ ਦੂਸਰੇ ਯੁੱਧ ਵਿਚ ਵੀ ਉਸ ਨੇ ਫ਼ੌਜੀ ਸਹਾਇਤਾ ਦਿੱਤੀ ਸੀ। ਪਰ ਉਸ ਸਮੇਂ ਉਹ ਸੈਂਟੋ ਤੋਂ ਬਾਹਰ ਨਿਕਲ ਗਿਆ ਸੀ।

ਭਾਰਤ-ਪਾਕਿਸਤਾਨ ਵਿਚਕਾਰ 1965 ਜਾਂ 1971 ਦੀ ਲੜਾਈ ਵਿਚ ਵੀ ਸੈਂਟੋ ਨੇ ਕੋਈ ਦਖ਼ਲ ਨਹੀਂ ਦਿੱਤਾ ਸੀ ਅਤੇ ਦਾਅਵਾ ਕੀਤਾ ਸੀ ਕਿ ਇਹ ਇਕ ਸੋਵੀਅਤ ਵਿਰੋਧੀ ਸੰਧੀ ਸੀ ਨਾ ਕਿ ਭਾਰਤ ਵਿਰੋਧੀ। ਇਸ ਸੰਸਥਾ ਨੂੰ 1979 ਵਿਚ ਭੰਗ ਕਰ ਦਿੱਤਾ ਗਿਆ ਸੀ, ਇਹ ਕਿ 1974 ਵਿਚ ਤੁਰਕੀ ਵਲੋਂ ਸਾਇਪਰਸ 'ਤੇ ਕੀਤੇ ਗਏ ਹਮਲੇ ਅਤੇ ਈਰਾਨੀ ਇਸਲਾਮਿਕ ਕ੍ਰਾਂਤੀ ਨੂੰ ਰੋਕਣ ਵਿਚ ਵੀ ਇਹ ਅਸਫ਼ਲ ਰਿਹਾ ਸੀ।

ਪਾਕਿਸਤਾਨ ਦਾ ਟਰੰਪ ਦੇ ਟਵੀਟ ਨੂੰ ਸਵੀਕਾਰ ਨਾ ਕਰ ਸਕਣਾ, ਠੀਕ ਸੀ ਅਤੇ ਉਸ ਨੇ ਤੁਰੰਤ ਪ੍ਰਤੀਕਰਮ ਦਿੱਤਾ ਜਦੋਂ ਵਿਦੇਸ਼ ਮੰਤਰੀ ਖਵਾਜਾ ਐਮ. ਆਸਿਫ਼ ਨੇ ਟਵੀਟ ਕਰਕੇ ਕਿਹਾ ਕਿ ਅਸੀਂ ਰਾਸ਼ਟਰਪਤੀ ਟਰੰਪ ਦੀ ਟਵੀਟ ਦਾ ਜਲਦੀ ਹੀ ਜਵਾਬ ਦੇਵਾਂਗੇ। ਦੁਨੀਆ ਨੂੰ ਪੂਰੀ ਸਚਾਈ ਦੱਸਾਂਗੇ... ਅਸਲੀਅਤ ਅਤੇ ਕਹਾਣੀ ਵਿਚਲਾ ਫ਼ਰਕ। ਇਸ ਦੇ ਤੁਰੰਤ ਬਾਅਦ ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਨੇ ਇਕ ਬਿਆਨ ਜਾਰੀ ਕੀਤਾ : ਪਾਕਿਸਤਾਨ ਅਜਿਹੇ ਬੇਬੁਨਿਆਦ ਦੋਸ਼ਾਂ ਨੂੰ ਸਿਰੇ ਤੋਂ ਨਕਾਰਦਾ ਹੈ, ਜਿਹੜੇ ਜ਼ਮੀਨੀ ਹਕੀਕਤ ਤੋਂ ਝੂਠੇ ਸਾਬਤ ਹੁੰਦੇ ਹਨ ਅਤੇ ਅੱਤਵਾਦ ਵਿਰੁੱਧ ਲੜਾਈ ਦੀਆਂ ਕੋਸ਼ਿਸ਼ਾਂ ਅਤੇ ਖੇਤਰ ਵਿਚ ਸ਼ਾਂਤੀ ਅਤੇ ਸਥਿਰਤਾ ਬਣਾਈ ਰੱਖਣ ਲਈ ਸਾਡੀਆਂ ਅਣਮੁੱਲੀਆਂ ਕੁਰਬਾਨੀਆਂ ਨੂੰ ਮਹੱਤਵਹੀਣ ਬਣਾਉਂਦੇ ਹਨ।

ਚੀਨ, ਜੋ ਕਿ ਲੰਮੇ ਸਮੇਂ ਤੋਂ ਉਡੀਕ ਕਰ ਰਿਹਾ ਸੀ, ਨੇ ਇਹ ਕਹਿ ਕੇ ਪਾਕਿਸਤਾਨ ਦੇ ਪੱਖ ਵਿਚ ਕਦਮ ਚੁੱਕਿਆ ਕਿ ਦੁਨੀਆ ਨੂੰ ਉਸ ਦੇ ਹਰ ਸਮੇਂ ਦੇ ਸਹਿਯੋਗੀ ਵਲੋਂ ਦਹਿਸ਼ਤਗਰਦੀ ਦੇ ਟਾਕਰੇ ਲਈ ਪਾਏ ਗਏ ਸ਼ਾਨਦਾਰ ਯੋਗਦਾਨ ਨੂੰ ਸਵੀਕਾਰ ਕਰਨਾ ਚਾਹੀਦਾ ਹੈ।

ਪਾਕਿਸਤਾਨ ਦੀ ਪ੍ਰਸੰਸਾ ਕਰਦੇ ਹੋਏ ਚੀਨ ਨੇ ਕਿਹਾ ਕਿ ਇਸਲਾਮਾਬਾਦ ਨੇ ਅੱਤਵਾਦ ਵਿਰੁੱਧ ਲੜਾਈ ਕਰਦੇ ਹੋਏ ਬਹੁਤ ਯਤਨ ਕੀਤੇ ਅਤੇ ਬਲਿਦਾਨ ਦਿੱਤੇ ਹਨ। ਜਦੋਂ ਟਰੰਪ ਵਲੋਂ ਕੀਤੀ ਆਲੋਚਨਾ ਬਾਰੇ ਪੁੱਛਿਆ ਗਿਆ ਤਾਂ ਚੀਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਜੇਂਗ ਸ਼ੁਆਂਗ ਨੇ ਕਿਹਾ ਕਿ ਅੰਤਰਰਾਸ਼ਟਰੀ ਪੱਧਰ 'ਤੇ ਪਾਕਿਸਤਾਨ ਦੇ ਯਤਨਾਂ ਨੂੰ ਸਵੀਕਾਰ ਕਰਨਾ ਚਾਹੀਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਚੀਨ ਇਹ ਵੇਖ ਖ਼ੁਸ਼ ਸੀ ਕਿ ਪਾਕਿਸਤਾਨ ਅੱਤਵਾਦ ਦਾ ਵਿਰੋਧ ਕਰਨ ਲਈ ਆਪਸੀ ਸਨਮਾਨ ਨਾਲ ਅੰਤਰਰਾਸ਼ਟਰੀ ਸਹਿਯੋਗ ਵਿਚ ਲੱਗਿਆ ਹੋਇਆ ਹੈ, ਤਾਂ ਜੋ ਖਿੱਤੇ ਵਿਚ ਸ਼ਾਂਤੀ ਅਤੇ ਸਥਿਰਤਾ ਲਿਆਉਣ ਵਿਚ ਆਪਣਾ ਯੋਗਦਾਨ ਪਾ ਸਕੇ। ਚੀਨ ਅਤੇ ਪਾਕਿਸਤਾਨ ਹਰ ਸਥਿਤੀ ਵਿਚ ਸਹਿਯੋਗੀ ਹਨ। ਚੀਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਕਿਹਾ ਕਿ ਅਸੀਂ ਹਰ ਪੱਖੋਂ ਸਹਿਯੋਗ ਨੂੰ ਵਧਾਉਣ ਲਈ ਤਿਆਰ ਹਾਂ ਤਾਂ ਕਿ ਦੋਵਾਂ ਪੱਖਾਂ ਦਾ ਫਾਇਦਾ ਹੋ ਸਕੇ। ਚੀਨ ਵਲੋਂ ਅਜਿਹੇ ਹੀ ਪ੍ਰਤੀਕਰਮ ਦੀ ਉਮੀਦ ਸੀ, ਕਿਉਂਕਿ ਚੀਨ-ਪਾਕਿਸਤਾਨ ਆਰਥਿਕ ਗਲਿਆਰੇ ਵਿਚ ਚੀਨ ਵਲੋਂ 50 ਅਰਬ ਡਾਲਰ ਦਾ ਨਿਵੇਸ਼ ਕੀਤਾ ਜਾ ਰਿਹਾ ਹੈ, ਜਿਸ ਦੇ ਮਕਬੂਜ਼ਾ ਕਸ਼ਮੀਰ ਵਿਚ ਲੰਘਣ ਦੇ ਕਾਰਨ ਭਾਰਤ ਵਲੋਂ ਇਤਰਾਜ਼ ਜਤਾਇਆ ਗਿਆ ਸੀ।

ਪਿਛਲੇ ਹਫ਼ਤੇ ਚੀਨ, ਪਾਕਿਸਤਾਨ ਅਤੇ ਅਫ਼ਗਾਨਿਸਤਾਨ ਦੇ ਵਿਦੇਸ਼ ਮੰਤਰੀਆਂ ਦੀ ਹੁਣ ਤੱਕ ਦੀ ਪਹਿਲੀ ਬੈਠਕ ਹੋਈ, ਜਿਸ ਵਿਚ ਚੀਨ ਨੇ ਆਰਥਿਕ ਗਲਿਆਰੇ ਨੂੰ ਅਫ਼ਗਾਨਿਸਤਾਨ ਤੱਕ ਵਧਾਏ ਜਾਣ ਦਾ ਐਲਾਨ ਕੀਤਾ, ਅਫ਼ਗਾਨਿਸਤਾਨ ਦੇ ਭਾਰਤ ਨਾਲ ਵੀ ਨਜ਼ਦੀਕੀ ਰਿਸ਼ਤੇ ਹਨ। ਇਸ ਤੋਂ ਇਲਾਵਾ, ਅਫ਼ਗਾਨਿਸਤਾਨ ਦੇ ਸਾਬਕਾ ਰਾਸ਼ਟਰਪਤੀ ਹਾਮਿਦ ਕਰਜ਼ਾਈ ਨੇ ਟਰੰਪ ਦੇ ਇਸ ਬਿਆਨ ਦਾ ਸਵਾਗਤ ਕੀਤਾ ਹੈ ਅਤੇ ਉਨ੍ਹਾਂ ਨੇ ਅਫ਼ਗਾਨਿਸਤਾਨ ਹੀ ਨਹੀਂ ਸਗੋਂ ਪੂਰੇ ਖਿੱਤੇ ਵਿਚ ਸ਼ਾਂਤੀ ਬਹਾਲ ਕਰਨ ਲਈ ਅਮਰੀਕਾ ਨਾਲ ਸਾਂਝੇ ਖੇਤਰੀ ਗਠਜੋੜ ਰਾਹੀਂ ਪਾਕਿਸਤਾਨ ਦੀ ਫ਼ੌਜ 'ਤੇ ਦਬਾਅ ਪਾਉਣ ਦੀ ਅਪੀਲ ਕੀਤੀ ਹੈ। ਅਫ਼ਗਾਨਿਸਤਾਨ ਨੇ ਵੀ ਪਾਕਿਸਤਾਨ 'ਤੇ ਤਾਲਿਬਾਨ ਅੱਤਵਾਦੀਆਂ ਨੂੰ ਪਨਾਹ ਦੇਣ ਦਾ ਦੋਸ਼ ਲਗਾਇਆ ਸੀ, ਜਿਸ ਕਾਰਨ ਦੋਵੇਂ ਦੇਸ਼ਾਂ ਵਿਚਕਾਰ ਦੋਸ਼ਾਂ ਦੇ ਦੌਰ ਦੀ ਸ਼ੁਰੂਆਤ ਹੋਈ ਸੀ। ਚੀਨ ਤਿੰਨ ਪੱਖੀ ਯੋਜਨਾ ਰਾਹੀਂ ਦੋਵਾਂ ਦੇਸ਼ਾਂ ਦਰਮਿਆਨ ਸਮਝੌਤਾ ਕਰਵਾਉਣਾ ਚਾਹੁੰਦਾ ਹੈ। ਮਾਹਿਰਾਂ ਵਲੋਂ ਇਹ ਤੱਥ ਕੱਢੇ ਗਏ ਹਨ ਕਿ ਹਿੰਦ ਮਹਾਂਸਾਗਰ ਅਤੇ ਅਰਬ ਸਾਗਰ ਤੱਕ ਪਹੁੰਚਣ ਦੀ ਸਹੂਲਤ ਦੇਣ ਵਾਲੇ ਚੀਨ-ਪਾਕਿਸਤਾਨ ਆਰਥਿਕ ਗਲਿਆਰੇ ਰਾਹੀਂ ਚੀਨ ਨੂੰ ਵੱਡੇ ਨਿਵੇਸ਼ ਦੀ ਇਜਾਜ਼ਤ ਦੇਣ ਅਤੇ ਉਸ ਵਲੋਂ ਚੀਨ ਨਾਲ ਗਠਜੋੜ ਮਜ਼ਬੂਤ ਕਰਨ ਕਾਰਨ ਹੀ ਅਮਰੀਕਾ ਵਲੋਂ ਪਾਕਿਸਤਾਨ 'ਤੇ ਦਬਾਅ ਵਧਾਇਆ ਜਾ ਰਿਹਾ ਹੈ। ਪਰ ਸਾਂਝੇ ਹਿਤਾਂ ਦੇ ਕਾਰਨ ਇਹ ਸੁਭਾਵਿਕ ਹੀ ਸੀ ਕਿ ਚੀਨ, ਪਾਕਿਸਤਾਨ ਅਤੇ ਅਫ਼ਗਾਨਿਸਤਾਨ ਆਪਸੀ ਸਹਿਯੋਗ ਵਧਾਉਣ ਲਈ ਗੱਲਬਾਤ ਕਰਦੇ। ਤਿੰਨਾ ਦੇਸ਼ਾਂ ਵਲੋਂ ਅੱਤਵਾਦ ਦਾ ਟਾਕਰਾ ਕਰਨ ਅਤੇ ਹਰ ਕਿਸਮ ਦੇ ਅੱਤਵਾਦ ਵਿਰੁੱਧ ਲੜਾਈ ਕਰਨ ਸਮੇਤ ਕਈ ਮੁੱਦਿਆਂ 'ਤੇ ਸਹਿਮਤੀ ਜਤਾਈ ਗਈ ਸੀ।

ਇਹ ਸੁਭਾਵਿਕ ਸੀ ਕਿ ਅੱਤਵਾਦ ਸਬੰਧੀ ਅਮਰੀਕੀ ਰਾਸ਼ਟਰਪਤੀ ਦੇ ਪਾਕਿਸਤਾਨ ਨੂੰ ਸੰਦੇਸ਼ ਦਾ ਭਾਰਤ ਸਵਾਗਤ ਕਰਦਾ। ਕੇਂਦਰੀ ਮੰਤਰੀ ਜਿਤੇਂਦਰ ਸਿੰਘ ਨੇ ਕਿਹਾ ਕਿ ਜਿਥੋਂ ਤੱਕ ਅੱਤਵਾਦ ਨੂੰ ਜਾਰੀ ਰੱਖਣ ਵਿਚ ਪਾਕਿਸਤਾਨ ਦੀ ਭੂਮਿਕਾ ਦਾ ਸਵਾਲ ਹੈ, ਟਰੰਪ ਪ੍ਰਸ਼ਾਸਨ ਦੇ ਫ਼ੈਸਲੇ ਨੇ ਭਾਰਤ ਦੇ ਪੱਖ ਨੂੰ ਸਾਬਤ ਕੀਤਾ ਹੈ, ਕਿਉਂਕਿ ਅਖੀਰ ਅੱਤਵਾਦੀ ਅੱਤਵਾਦੀ ਹਨ, ਅੱਤਵਾਦ ਅੱਤਵਾਦ ਹੈ ਅਤੇ ਇਹ ਕਿਸੇ ਰਾਸ਼ਟਰ, ਦੇਸ਼ ਜਾਂ ਕਿਸੇ ਇਕ ਖੇਤਰ ਨੂੰ ਨਹੀਂ ਬਖ਼ਸ਼ਦਾ।

ਇਹ ਸਾਫ਼ ਹੈ ਕਿ ਅਮਰੀਕੀ ਰਾਸ਼ਟਰਪਤੀ ਟਰੰਪ ਇਕ ਨਵੀਂ ਅਮਰੀਕੀ ਨੀਤੀ ਦੀ ਸ਼ੁਰੂਆਤ ਕਰ ਰਹੇ ਹਨ। ਇਹ ਰਾਸ਼ਟਰਪਤੀ ਕਲਿੰਟਨ ਦੀ ਕੇਂਦਰ ਤੋਂ ਖੱਬੇ ਪੱਖ ਵੱਲ ਝੁਕੀ ਨੀਤੀ ਦੇ ਮੁਕਾਬਲੇ ਸੱਜੇ ਪੱਖੀ ਹੈ। ਪੁਰਾਣੀਆਂ ਕਦਰਾਂ-ਕੀਮਤਾਂ ਹੁਣ ਪ੍ਰਸੰਗਿਕ ਨਹੀਂ ਹਨ। ਟਰੰਪ ਵਾਸ਼ਿੰਗਟਨ ਨੂੰ ਰੂੜੀਵਾਦੀ ਯੁੱਗ ਵਿਚ ਵਾਪਸ ਲਿਜਾ ਰਹੇ ਹਨ। ਭਾਰਤ ਇਸ ਦਾ ਵਿਰੋਧ ਕਰ ਸਕਦਾ ਹੈ, ਕਿਉਂਕਿ ਭਾਰਤ ਦੀ ਕੇਂਦਰ ਤੋਂ ਖੱਬੇ ਪੱਖੀ ਨੀਤੀ ਦਾ ਟਰੰਪ ਦੀ ਨੀਤੀ ਨਾਲ ਟਕਰਾਅ ਹੈ।

ਇਸ ਦੌਰਾਨ, ਇਹ ਵੇਖਣ ਵਾਲੀ ਗੱਲ ਹੈ ਕਿ ਪਾਕਿਸਤਾਨ ਅਮਰੀਕਾ ਦੀ ਸਹਾਇਤਾ ਤੋਂ ਬਿਨਾਂ ਗੁਜ਼ਾਰਾ ਕਰ ਸਕਦਾ ਹੈ ਜਾਂ ਨਹੀਂ। ਇਸਲਾਮਾਬਾਦ ਨੇ ਕਿਹਾ ਹੈ ਕਿ ਉਹ ਇਸ ਦਾ ਹਿਸਾਬ ਕਰ ਰਹੇ ਹਨ ਕਿ ਉਸ ਨੇ ਅਮਰੀਕਾ ਕੋਲੋਂ ਕਿੰਨੀ ਸਹਾਇਤਾ ਪ੍ਰਾਪਤ ਕੀਤੀ ਹੈ, ਤਾਂ ਕਿ ਉਸ ਨੂੰ ਵਾਪਸ ਕਰ ਸਕੇ। ਪਰ ਇਹ ਸਾਫ਼ ਹੈ ਕਿ ਪਾਕਿਸਤਾਨ ਅਜਿਹਾ ਕਰਨ ਦੇ ਸਮਰੱਥ ਨਹੀਂ ਹੈ।

**ਕੁਲਦੀਪ ਨਈਅਰ**
**kuldipnayar@gmail.com**





## ਬੱਚਿਆਂ ਦੇ ਪ੍ਰਸਿੱਧ ਕਾਰਟੂਨ ਚਰਿੱਤਰ

# ਮਾਈ ਫਰੈਂਡ ਗਣੇਸ਼ਾ



ਰਾਜੀਵ ਐਸ. ਰੁਈਆ ਵਲੋਂ ਨਿਰਦੇਸ਼ਤ ਬਾਲੀਵੁੱਡ ਬਾਲ ਫ਼ਿਲਮ 'ਮਾਈ ਫਰੈਂਡ ਗਣੇਸ਼ਾ' ਵਿਚਲਾ ਅੱਠ ਸਾਲਾ ਨਾਇਕ ਆਸ਼ੂ (ਮਾਸਟਰ ਅਲੀ) ਹੈ ਜੋ ਮਾਪਿਆਂ ਵਲੋਂ ਨਜ਼ਰਅੰਦਾਜ਼ ਕੀਤਾ ਹੋਇਆ ਹੈ। ਘਰ ਦੀ ਨੌਕਰਾਣੀ ਗੰਗੂਬਾਈ (ਉਪਾਸਨਾ ਸਿੰਘ) ਦੇ ਮਾਧਿਅਮ ਦੁਆਰਾ ਆਸ਼ੂ ਗਣੇਸ਼ ਜੀ ਨਾਲ ਦੋਸਤੀ ਕਰਦਾ ਹੈ। ਗਣੇਸ਼ ਜੀ ਦਾ ਆਪਣੇ ਵਾਹਨ ਮੂਸ਼ਕਰਾਜ (ਚੂਹੇ) ਸਮੇਤ ਉਸ ਦੇ ਘਰ ਆਉਣਾ, ਉਸ ਨਾਲ ਹੱਸਣਾ-ਖੇਡਣਾ, ਅੰਗਰੇਜ਼ੀ ਬੋਲਣਾ ਆਸ਼ੂ ਨੂੰ ਚੰਗਾ ਲਗਦਾ ਹੈ। ਐਨੀਮੇਸ਼ਨ ਦੇ ਰੂਪ ਵਿਚ ਵਿਚਰਦਾ ਪਾਤਰ ਗਣੇਸ਼ਾ ਆਸ਼ੂ ਨਾਲ ਖਾਰ ਖਾਣ ਵਾਲੇ ਮੁੰਡਿਆਂ ਅਤੇ ਉਨ੍ਹਾਂ ਦੇ ਸਕੂਲ ਦੀ ਬੱਸ ਅਗਵਾ ਕਰਨ ਵਾਲੇ ਅਪਰਾਧੀਆਂ ਨੂੰ ਉਨ੍ਹਾਂ ਦੀ ਗ਼ਲਤੀ ਦਾ ਅਹਿਸਾਸ ਕਰਵਾ ਕੇ ਚੰਗੇ ਕਾਰਜ ਕਰਨ ਦੀ ਪ੍ਰੇਰਨਾ ਦਿੰਦਾ ਹੈ। ਗਣੇਸ਼ਾ ਆਪਣੇ ਚਮਤਕਾਰ ਦਿਖਾਉਂਦਾ ਹੋਇਆ ਮੂਸ਼ਕਰਾਜ ਨਾਲ ਅਸਮਾਨ ਵਿਚ ਉੱਡਦਾ ਹੈ ਅਤੇ ਪਾਣੀ ਉੱਪਰ ਨੱਚਦਾ ਟੱਪਦਾ ਹੈ। ਇਹ ਸਭ ਕੁਝ ਆਸ਼ੂ ਨੂੰ ਬਹੁਤ ਚੰਗਾ ਲੱਗਦਾ ਹੈ। ਜਦੋਂ ਆਸ਼ੂ ਦੀ ਦੋਸਤ ਤਾਨੀਆ ਬਹੁਤ ਬਿਮਾਰ ਹੋ ਜਾਂਦੀ ਹੈ ਤਾਂ ਇਸ ਸੰਕਟ ਦੀ ਘੜੀ ਵਿਚ ਵੀ ਗਣੇਸ਼ਾ ਆਸ਼ੂ ਨੂੰ ਹੌਸਲਾ ਦਿੰਦਾ ਹੈ। ਇਹ ਐਨੀਮੇਸ਼ਨ ਤਿੰਨ ਭਾਗਾਂ ਵਿਚ ਬਣੀ ਹੋਈ ਹੈ। ਗਣੇਸ਼ਾ ਆਪਣੀ ਸੂਝ-ਬੂਝ, ਫੁਰਤੀਲੇਪਨ ਅਤੇ ਚਮਤਕਾਰਾਂ ਨਾਲ ਐਨੀਮੇਸ਼ਨ ਵਿਚ ਦਿਲਚਸਪੀ ਪੈਦਾ ਕਰਦਾ ਹੈ।

## ਅਨਮੋਲ ਬਚਨ

× ਰਿਸ਼ਤੇ ਦੂਰ ਰਹਿਣ ਨਾਲ ਟੁੱਟਦੇ ਨਹੀਂ ਤੇ ਕੋਲ ਰਹਿਣ 'ਤੇ ਜੁੜਦੇ ਨਹੀਂ ਪਰ ਅਹਿਸਾਸ ਅਜਿਹਾ ਹੈ ਕਿ ਆਪਣਿਆਂ ਨੂੰ ਆਪਣੇ ਨਾਲ ਜੋੜੀ ਰੱਖਦਾ ਹੈ।

× ਸੱਚਾ ਦੋਸਤ ਉਹ ਹੈ ਜੋ ਤੁਹਾਡੀਆਂ ਸਿਰਫ ਚੰਗਿਆਈਆਂ ਹੀ ਨਾ ਦੱਸੇ, ਸਗੋਂ ਖਾਮੀਆਂ ਤੋਂ ਵੀ ਜਾਣੂ ਕਰਾਵੇ।

× ਵਿਅਕਤੀ ਨੂੰ ਆਪਣੇ ਵਿਚੋਂ ਕਮੀਆਂ ਲੱਭਣ ਦੀ ਲੋੜ ਨਹੀਂ ਪੈਂਦੀ, ਕਿਉਂਕਿ ਕਮੀਆਂ ਲੱਭਣ ਲਈ ਲੋਕ ਹੀ ਕਾਫੀ ਹਨ।

× ਜਦੋਂ ਦੋ ਦੋਸਤਾਂ ਵਿਚ ਇਕ-ਦੂਜੇ ਨਾਲੋਂ ਚੰਗਾ ਕਹਾਉਣ ਦੀ ਜੰਗ ਛਿੜ ਜਾਵੇ, ਉਹ ਦੋਸਤੀ ਜ਼ਿਆਦਾ ਚਿਰ ਨਹੀਂ ਟਿਕਦੀ।

× ਆਪਣੇ-ਆਪ ਨੂੰ ਅਜਿਹਾ ਬਣਾ ਕੇ ਰੱਖੋ, ਜੇਕਰ ਕੋਈ ਤੁਹਾਡੀ ਬੁਰਾਈ ਕਰੇ ਤਾਂ ਸਾਹਮਣੇ ਵਾਲੇ ਨੂੰ ਯਕੀਨ ਨਾ ਆਵੇ।

# ਛੋਟੂ ਨੂੰ ਸਲਾਮ



ਧੀਰੂ ਬਾਂਦਰ ਆਪਣੇ ਦੋ ਬੱਚਿਆਂ ਨਾਲ ਰਹਿੰਦਾ ਸੀ। ਵੱਡਾ ਪਿੰਕੂ ਬਾਂਦਰ ਤਾਂ ਸਿਰੇ ਦਾ ਸ਼ਰਾਰਤੀ ਸੀ ਪਰ ਛੋਟਾ ਛੋਟੂ ਬਾਂਦਰ ਸਮਝਦਾਰ ਸੀ ਪਰ ਜਦੋਂ ਕਦੇ ਪਿੰਕੂ ਬਾਂਦਰ ਨੇ ਅੱਤ ਮਚਾਈ ਹੁੰਦੀ ਤਾਂ ਛੋਟੂ ਉਸ ਨੂੰ ਸਮਝਾਉਂਦਾ ਰਹਿੰਦਾ। ਸ਼ਰਾਰਤਾਂ ਦੀ ਭੈੜੀ ਆਦਤ ਕਰਕੇ ਪਿੰਕੂ ਬਾਂਦਰ ਨੇ ਹੱਥ ਲੱਗੀ ਹਰ ਚੀਜ਼ ਨੂੰ ਤੋੜਨ ਦੀ ਆਦਤ ਵੀ ਪਾਲ਼ ਲਈ ਸੀ। ਛੋਟੂ ਬਾਂਦਰ ਉਸਨੂੰ ਕਈ ਵਾਰ ਰੋਕਦਾ ਪਰ ਪਿੰਕੂ ਬਾਂਦਰ ਕਿਤੇ ਸੁਣਨ ਵਾਲ਼ਾ ਸੀ। ਟੁੱਟੀਆਂ ਹੋਈਆਂ ਚੀਜ਼ਾਂ ਨੂੰ ਛੋਟੂ ਬਾਂਦਰ ਬੜੇ ਧਿਆਨ ਨਾਲ਼ ਦੇਖਦਾ ਤੇ ਮਨ ਹੀ ਮਨ ਸੋਚਦਾ, 'ਆਖਰ ਬਣਾਉਣ ਵਾਲ਼ੇ ਨੇ ਇਹ ਕਿੰਝ ਬਣਾਈ ਹੋਵੇਗੀ?' ਪਰ ਆਪਣੇ ਵੱਡੇ ਭਰਾ ਕੋਲੋਂ ਟੁੱਟ ਜਾਣ ਕਾਰਨ ਉਹ ਆਪਣੇ ਇਸ ਸਵਾਲ ਨੂੰ ਆਪਣੇ ਪਿਤਾ ਜਾਂ ਕਿਸੇ ਹੋਰ ਕੋਲੋਂ ਪੁੱਛਣ ਤੋਂ ਵਾਂਝਾ ਹੀ ਰਹਿ ਜਾਂਦਾ। ਟੁੱਟੀ ਵਸਤੂ ਦੇ ਇਕੱਲੇ-ਇਕੱਲੇ ਪੁਰਜੇ ਉਸ ਦੇ ਮਨ ਵਿਚ ਕਈ ਤਰ੍ਹਾਂ ਦੇ ਸਵਾਲ ਪੈਦਾ ਕਰਦੇ। ਇਕ ਦਿਨ ਮੇਲੇ ਤੋਂ ਧੀਰੂ ਬਾਂਦਰ ਨੇ ਦੋਨਾਂ ਬੱਚਿਆਂ ਨੂੰ ਕਾਰ ਖਿਡੌਣਾ ਲੈ ਕੇ ਦਿੱਤਾ। ਆਪਣੀ ਆਦਤ ਮੁਤਾਬਕ ਛੋਟੂ ਤਾਂ ਉਸ ਨਾਲ਼ ਖ਼ੂਬ ਖੇਡਿਆ ਪਰ ਪਿੰਕੂ ਬਾਂਦਰ ਨੇ ਹੱਥ ਲਗਦੇ ਹੀ ਤੋੜ ਦਿੱਤਾ। ਉਸਨੇ ਕਾਰ ਦੇ ਟਾਇਰ, ਸੀਟਾਂ, ਸਟੇਰਿੰਗ ਤੇ ਸ਼ੀਸ਼ੇ ਸਭ ਇਕੱਲੇ-ਇਕੱਲੇ ਕਰ ਦਿੱਤੇ। ਟੁੱਟੇ ਹੋਏ ਪੁਰਜਿਆਂ ਨੂੰ ਦੇਖ ਛੋਟੂ ਬਾਂਦਰ ਦੇ ਮਨ ਵਿਚ ਫਿਰ ਕਈ ਤਰ੍ਹਾਂ ਦੇ ਸਵਾਲ ਪੈਦਾ ਹੋਏ। 'ਆਖਰ ਇਹ ਕਿਸ ਕੰਮ ਆਉਂਦੀ ਹੈ? ਆਹ ਘੁੰਮਣ ਵਾਲ਼ਾ ਕੀ ਕਰਦਾ ਹੋਵੇਗਾ ਤੇ ਆਹ ਮੇਰੀ ਹੀ ਤਸਵੀਰ ਦਿਖਾਉਣ ਵਾਲ਼ੇ ਕਿਸ ਕੰਮ ਦੇ ਨੇ?', ਉਸਨੇ ਕਈ ਤਰ੍ਹਾਂ ਦੇ ਸਵਾਲਾਂ ਨੂੰ ਮਨ ਹੀ ਮਨ ਸੋਚਿਆ। ਉਹ ਅਜੇ ਸੋਚ ਹੀ ਰਿਹਾ ਸੀ ਕਿ ਉਸਦਾ ਪਿਤਾ ਧੀਰੂ ਬਾਂਦਰ ਆ ਗਿਆ।

ਅੱਜ ਛੋਟੂ ਬਾਂਦਰ ਕਾਰ ਦੇ ਟੁੱਟੇ ਪੁਰਜਿਆਂ ਨੂੰ ਦੇਖ ਐਨਾ ਮਗਨ ਸੀ ਕਿ ਪਹਿਲਾਂ ਦੀ ਤਰ੍ਹਾਂ ਟੁੱਟੀ ਚੀਜ਼ ਨੂੰ ਆਪਣੇ ਪਿਤਾ ਕੋਲ਼ੋਂ ਛੁਪਾ ਲੈਣ ਦੀ ਬਜਾਏ ਉਸਨੇ ਟੁੱਟੀ ਕਾਰ ਦੇ ਪਹੀਏ ਅੱਗੇ ਕਰਦਿਆਂ ਸਵਾਲ ਕੀਤਾ, 'ਪਿਤਾ ਜੀ, ਆਹ ਕਿਸ ਕੰਮ ਆਉਂਦੇ ਨੇ।' 'ਤੈਨੂੰ ਦੱਸਦਾਂ ਕਿਸ ਕੰਮ, ਤੋੜ ਕੇ ਪੁੱਛ ਰਿਹਾ, ਹਰ ਚੀਜ਼ ਤੋੜ ਦਿੰਦੈ', ਆਖ ਧੀਰੂ ਨੇ ਉਸਦੇ ਮੂੰਹ 'ਤੇ ਥੱਪੜ ਜੜ ਦਿੱਤਾ। ਘਬਰਾਏ ਛੋਟੂ ਨੇ ਪਿੰਕੂ ਦੀ ਸਾਰੀ ਸ਼ਰਾਰਤ ਆਪਣੇ ਪਿਤਾ ਕੋਲ਼ ਬਿਆਨ ਕਰ ਦਿੱਤੀ। ਇਸ ਤਰ੍ਹਾਂ ਪਿੰਕੂ ਨੂੰ ਵੀ ਡਾਂਟ ਪਈ। ਇਕ ਦਿਨ ਮੀਂਹ ਜ਼ਿਆਦਾ ਪੈ ਜਾਣ ਕਾਰਨ ਠੰਢ ਵੱਧ ਜਾਣ 'ਤੇ ਉਸਨੇ ਪਿਤਾ ਨੇ ਉਨ੍ਹਾਂ ਨੂੰ ਠੰਢ ਤੋਂ ਬਚਣ ਦੇ ਢੰਗ ਸਿਖਾਏ। ਉਹ ਦੋਨਾਂ ਨੂੰ ਕੋਲ਼ ਕਰਦੇ ਬੋਲੇ, 'ਜੇ ਠੰਢ ਤੋਂ ਬਚੇ ਰਹੇ ਤਾਂ ਨਵੇਂ ਸਾਲ ਦੇ ਦਿਨ ਦੀਆਂ ਖ਼ੁਸ਼ੀਆਂ ਚੰਗੀ ਤਰ੍ਹਾਂ ਮਾਣ ਸਕਦੇ ਹੋ।' 'ਹੈ! ਨਵੇਂ ਸਾਲ ਦੀਆਂ ਖ਼ੁਸ਼ੀਆਂ, ਆਖਰ ਕੀ ਹੁੰਦਾ ਹੈ ਨਵਾਂ ਸਾਲ?' ਛੋਟੂ ਨੇ ਇਸ ਵਾਰ ਫਿਰ ਆਪਣੇ ਮਨ ਆਈ ਗੱਲ ਆਖ ਦਿੱਤੀ। ਉਸਦਾ ਪਿਤਾ ਧੀਰੂ ਬਾਂਦਰ ਉਸਨੂੰ ਆਪਣੇ ਕੋਲ਼ ਬਿਠਾਉਂਦਿਆਂ ਕਹਿਣ ਲੱਗਾ, 'ਪੁੱਤਰ ਨਵਾਂ ਸਾਲ ਉਂਝ ਤਾਂ ਭਾਵੇਂ ਹੋਰ ਦਿਨਾਂ ਵਾਂਗ ਹੀ ਚੜ੍ਹਦਾ ਹੈ ਪਰ ਇਸ ਦਿਨ ਜੋ ਕੁਝ ਬਣਨ ਦਾ ਸੁਪਨਾ ਲੈ ਜ਼ਿੰਦਗੀ ਦੀ ਸ਼ੁਰੂਆਤ ਕਰਦੇ ਹਨ, ਉਹ ਕਾਮਯਾਬੀਆਂ ਪਾਉਂਦੇ ਹਨ।'

ਛੋਟੂ ਵੱਲ ਧਿਆਨ ਨਾਲ਼ ਤੱਕਦੇ ਉਹ ਫਿਰ ਬੋਲੇ, 'ਤੂੰ ਕੁਝ ਨਾ ਕੁਝ ਜਾਣਨ ਦੀ ਲਾਲਸਾ ਰੱਖਦੈ ਤੇ ਜੇ ਤੇਰਾ ਵੱਡਾ ਭਰਾ ਪਿੰਕੂ ਵੀ ਕੁਝ ਨਾ ਤੋੜਨ ਦਾ ਨਿਰਣਾ ਕਰ ਲਵੇ ਤਾਂ ਘਰ ਕਿੰਨਾ ਚੰਗਾ ਬਣ ਸਕਦੈ, ਕਿਉਂਕਿ ਘਰ ਤੋੜਨ ਨਾਲ਼ ਨਹੀਂ ਜੋੜਨ ਨਾਲ ਬਣਦੇ ਹਨ।' ਛੋਟੂ ਬਾਂਦਰ ਬੜੇ ਹੀ ਧਿਆਨ ਨਾਲ਼ ਆਪਣੇ ਪਿਤਾ ਦੇ ਬੋਲਾਂ ਨੂੰ ਸੁਣ ਰਿਹਾ ਸੀ ਤੇ ਸਭ ਕੁਝ ਸਮਝ ਰਿਹਾ ਸੀ ਪਰ ਇਸ ਵਾਰ ਪਿੰਕੂ ਬਾਂਦਰ ਵੀ ਪਿੱਛੇ ਨਹੀਂ ਸੀ। ਉਹ ਵੀ ਸਭ ਕੁਝ ਬੜੇ ਹੀ ਧਿਆਨ ਨਾਲ ਸੁਣ ਕੇ ਬੋਲਿਆ, 'ਲੈ ਬਈ ਛੋਟੂ, ਹੁਣ ਮੈਂ ਵੀ ਚੀਜ਼ਾਂ ਤੋੜਨ ਵਾਲ਼ਾ ਸ਼ਰਾਰਤੀ ਨਹੀਂ ਰਹਿਣਾ। ਮੈਂ ਵੀ ਤੇਰੇ ਵਾਂਗ ਆਪਣੀਆਂ ਆਦਤਾਂ ਸੁਧਾਰ ਕੇ ਜੋੜਨ ਵਾਲ਼ਾ ਪਿੰਕੂ ਬਣਾਂਗਾ। ਧੀਰੂ ਬਾਂਦਰ ਨੇ ਉਸ ਦੀ ਇਹ ਗੱਲ ਸੁਣ ਦੋਵਾਂ ਦੀ ਪਿੱਠ ਥਪਥਪਾਈ। ਹੁਣ ਸਾਰੇ ਖ਼ੁਸ਼ ਸਨ।

• ਬਲਵਿੰਦਰ ਸਿੰਘ ਮਕੜੌਨਾ

## ਚੁਟਕਲੇ

ਨੌਕਰ, "ਸੇਠ ਜੀ, ਤੁਸੀਂ ਮੇਰੇ 'ਤੇ ਵਿਸ਼ਵਾਸ ਕਰਦੇ ਹੋ ਨਾ।
ਸੇਠ ਬਾਂਕੇ ਲਾਲ, "ਹਾਂ ਹਾਂ ਬਹੁਤ ਵਿਸ਼ਵਾਸ ਕਰਦਾ ਹਾਂ, ਪਰ ਤੂੰ ਮੇਰੇ ਤੋਂ ਕਿਉਂ ਪੁੱਛ ਰਿਹਾ ਏਂ?
ਨੌਕਰ, "ਜੀ ਅਜਿਹੀ ਕੋਈ ਗੱਲ ਨਹੀਂ, ਪਰ ਤੁਸੀਂ ਜੋ ਚਾਬੀਆਂ ਮੈਨੂੰ ਦੇ ਕੇ ਜਾਂਦੇ ਹੋ, ਤਿਜੌਰੀ ਨੂੰ ਉਨ੍ਹਾਂ 'ਚੋਂ ਇੱਕ ਵੀ ਨਹੀਂ ਲੱਗਦੀ।

××××××××

ਸੰਗੀਤਾ, "ਅੱਜ ਤਾਂ ਤੁਸੀਂ ਇਕਦਮ ਮਦਾਰੀ ਲੱਗ ਰਹੇ ਹੋ।
ਸੁਰੇਸ਼, "ਠੀਕ ਕਹਿ ਰਹੀ ਏਂ, ਜਿਸ ਦੇ ਨਾਲ ਬਾਂਦਰੀ ਹੋਵੇ, ਉਹ ਮਦਾਰੀ ਤਾਂ ਲੱਗੇਗਾ ਹੀ।

××××××××

ਸੁਖੀਰਾਮ ਤੇ ਦੁਖੀਰਾਮ ਚੱਲਦੇ ਚੱਲਦੇ ਕਬਰਿਸਤਾਨ ਪਹੁੰਚ ਗਏ। ਕਬਰਾਂ ਵੱਲ ਇਸ਼ਾਰਾ ਕਰਦੇ ਹੋਏ ਦੁਖੀਰਾਮ ਨੇ ਸੁਖੀਰਾਮ ਨੂੰ ਕਿਹਾ, "ਕਿੰਨੇ ਖੁਸ਼ਨਸੀਬ ਹਨ ਇਹ ਲੋਕ। ਬਿਨਾਂ ਕਿਸੇ ਟੈਨਸ਼ਨ ਦੇ ਕਿੰਨੇ ਆਰਾਮ ਅਤੇ ਸ਼ਾਂਤੀ ਨਾਲ ਸੌਂ ਰਹੇ ਹਨ।
ਇੰਨੇ ਵਿੱਚ ਇੱਕ ਮੁਰਦਾ ਕਬਰ 'ਚੋਂ ਬਾਹਰ ਆ ਕੇ ਬੋਲਿਆ, "ਇਸ ਸ਼ਾਂਤੀ-ਆਰਾਮ ਲਈ ਸਾਨੂੰ ਆਪਣੀ ਜਾਨ ਦੇਣੀ ਪਈ। ਤੁਸੀਂ ਦਿਓਗੇ ਆਪਣੀ ਜਾਨ?

××××××××××××××××××××

ਪਿਤਾ, "ਚਿੰਟੂ ਕੀ ਬਾਹਰ ਹਵਾ ਖਾਣ ਚੱਲੇਂਗਾ?
ਚਿੰਟੂ, "ਨਹੀਂ ਪਿਤਾ ਜੀ, ਮੈਂ ਹੁਣੇ-ਹੁਣੇ ਆਈਸ ਕਰੀਮ ਖਾਧੀ ਹੈ, ਹਵਾ ਖਾਣ ਨਾਲ ਉਹ ਪਿਘਲ ਜਾਵੇਗੀ।

××××××××

ਅਧਿਆਪਕ, "ਚਾਦਰ 'ਤੇ ਚਾਹ ਕਿਸ ਨੇ ਡੋਲ੍ਹੀ, ਇਸ ਦਾ ਆਪਣੀ ਮਾਤ-ਭਾਸ਼ਾ ਵਿੱਚ ਅਨੁਵਾਦ ਕਰੋ।
ਵਿਦਿਆਰਥੀ, "ਮਾਤ-ਭਾਸ਼ਾ ਭਾਵ ਮੰਮੀ ਦੀ ਭਾਸ਼ਾ ਵਿੱਚ?
ਅਧਿਆਪਕ, "ਹਾਂ।
ਵਿਦਿਆਰਥੀ, "ਓ ਕੰਬਖਤ, ਕਰ ਦਿੱਤਾ ਨਾ ਧੋਤੀ ਚਾਦਰ ਦਾ ਸੱਤਿਆਨਾਸ। ਪੈ ਗਈ ਤੇਰੇ ਕਲੇਜੇ ਵਿੱਚ ਠੰਢ? ਹੁਣ ਆਉਣ ਦੇ ਤੇਰੇ ਪਿਓ ਨੂੰ, ਉਹੋ ਧੋਵੇਗਾ ਚਾਦਰ।

## ਕਵਿਤਾ: ਸਾਡੇ ਅਧਿਆਪਕ

ਸਾਡੇ ਅਧਿਆਪਕ ਸਾਨੂੰ ਲਗਦੇ ਬੜੇ ਪਿਆਰੇ,
ਸਾਡੇ ਲਈ ਨੇ ਗਿਆਨ ਦਾ ਸੋਮਾ, ਸਾਡੇ ਚਾਨਣ ਮੁਨਾਰੇ।
ਗਿਆਨ ਦੇ ਗੱਫੇ ਵੰਡਦੇ ਸਾਨੂੰ,
ਨਿੱਤ ਸਕੂਲੇ ਆ ਕੇ।
ਅਸੀਂ ਵੀ ਆਦਰ ਕਰਦੇ ਪੂਰਾ,
ਮਿਲੀਏ ਸਿਰ ਝੁਕਾ ਕੇ।
ਸਾਨੂੰ ਇਹ ਮਾਪਿਆਂ ਤੋਂ ਵੀ ਵਧ ਕੇ,
ਜਾਈਏ ਵਾਰੇ-ਵਾਰੇ।
ਸਾਡੇ ਅਧਿਆਪਕ ਸਾਨੂੰ ਲਗਦੇ ਬੜੇ ਪਿਆਰੇ।
ਆਗਿਆ ਦਾ ਪਾਲਣ ਹਾਂ ਕਰਦੇ
ਪੜ੍ਹੀਏ ਮਨ-ਚਿੱਤ ਲਾ ਕੇ।
ਚੰਗੇ ਬੱਚੇ ਅਸੀਂ ਕਹਾਉਣਾ,
ਇਨ੍ਹਾਂ ਦਾ ਨਾਂਅ ਰੁਸ਼ਨਾ ਕੇ।
ਗੁਰੂ ਦੀ ਸਿੱਖਿਆ 'ਤੇ ਅਮਲ ਜੋ ਕਰਦਾ,
ਉਹ ਜ਼ਿੰਦਗੀ 'ਚ ਕਦੇ ਨਾ ਹਾਰੇ,
ਸਾਡੇ ਅਧਿਆਪਕ ਸਾਨੂੰ ਲਗਦੇ ਬੜੇ ਪਿਆਰੇ।
ਫੁੱਲਾਂ ਵਾਂਗੂੰ ਰੱਖਦੇ ਸਾਨੂੰ,
ਝਿੜਕਾਂ ਕਦੇ ਨਾ ਪਾਉਂਦੇ।
ਸਮੇਂ ਦੇ ਪਾਬੰਦ ਰਹਿਣ ਦੀ,
ਸਾਨੂੰ ਜਾਚ ਸਿਖਾਉਂਦੇ।
ਪੜ੍ਹ-ਲਿਖ ਚੰਗੇ ਇਨਸਾਨ ਹੈ ਬਣਨਾ,
ਹੋਣੇ ਵਾਰੇ-ਨਿਆਰੇ।
ਸਾਡੇ ਅਧਿਆਪਕ ਸਾਨੂੰ ਲਗਦੇ ਬੜੇ ਪਿਆਰੇ।

**-ਗੁਰਪ੍ਰੀਤ ਕੌਰ ਚਹਿਲ, ਮੋਬਾ:** 90565-26703

## ਬੁਝਾਰਤਾਂ

1. ਧਰਤੀ ਦਾ ਬਣਿਆ ਭਗਵਾਨ, ਉਹਦੇ ਪਿੱਛੇ ਪਿਆ ਜਹਾਨ।
2. ਸਿੱਖਿਆ ਬਾਂਦਰ ਨੂੰ ਦੇ ਕੇ, ਘਰ ਆਪਣਾ ਉਜਾੜਨ ਵਾਲੀ,
ਰੁੱਖਾਂ 'ਚ ਲਟਕਾਂ ਆਪਣਾ ਘਰ, ਫੁਰਰ ਫੁਰਰ ਉੱਡਦੀ ਰਹਿਣ ਵਾਲੀ।
3. ਕਾਰਤਿਕੇ ਦਾ ਵਾਹਨ ਅਖਵਾਏ, ਰਾਸ਼ਟਰੀ ਪੰਛੀ ਦਾ ਸਨਮਾਨ ਪਾਵੇ,
ਬੱਦਲ ਬੁਲਾਉਣ ਦਾ ਇਸ ਨੂੰ ਵਰਦਾਨ, ਨਾਂਅ ਦੱਸੋ ਉਸ ਦਾ ਪਹਿਚਾਣ।
4. ਅੱਗੇ-ਅੱਗੇ ਭੱਜਿਆ ਜਾਵੇ, ਹਿੰਮਤੀਆਂ ਨੂੰ ਨਾਲ ਰਲਾਵੇ।
5. ਸਾਹੂਕਾਰਾਂ ਲਈ ਵਰਦਾਨ, ਜਿਮੀਂਦਾਰਾਂ ਲਈ ਨੁਕਸਾਨ।
6. ਬੁੱਝੋ ਲੋਕੋ ਇਕ ਪਹੇਲੀ, ਜਦੋਂ ਮੈਂ ਕੱਟਦੀ ਤਾਂ ਬਣ ਜਾਵਾਂ ਨਵੀਂ ਨਵੇਲੀ।
7. ਦਾਨ ਦੇਈਏ ਅੱਗੇ ਆਵੇ, ਮੰਗੀਏ ਤਾਂ ਪਿੱਛੇ ਹਟ ਜਾਵੇ।
8. ਬਾਰਾਂ ਮਹੀਨੇ ਵਿਕਦਾ ਰਹਿੰਦਾ, ਹਰ ਇਕ ਸ਼ਬਜੀ ਦੇ ਵਿਚ ਪੈਂਦਾ।
9. ਸਿਦਕੀ ਨਾ ਉਸ ਬਾਰੇ ਸੋਚਣ, ਕਾਇਰ ਹਮੇਸ਼ਾ ਉਸ ਨੂੰ ਕੋਸਣ।
10. ਵਫਾਦਾਰੀ ਵਿਚ ਉਸ ਤੋਂ ਪਿੱਛੇ ਸਾਰੇ,
ਫਿਰ ਵੀ ਦੁਨੀਆ ਉਸ ਨੂੰ ਦੁਰਕਾਰੇ।

ਉੱਤਰ (1) ਪੈਸਾ, (2) ਬਿਜੜਾ, (3) ਮੋਰ, (4) ਸਮਾਂ, (5) ਵਿਆਜ, (6) ਪੈਨਸਿਲ, (7) ਕੜਾ, (8) ਆਲੂ, (9) ਕਿਸਮਤ, (10) ਕੁੱਤਾ।

**-ਤਸਵਿੰਦਰ ਸਿੰਘ ਬੜੈਚ**
**ਮੋਬਾ:** 98763-22677

# ਗਰਮੀਆਂ ਦੀਆਂ ਛੁੱਟੀਆਂ 'ਚ ਚਮੜੀ ਦਾ ਰੱਖੋ ਖ਼ਾਸ ਖ਼ਿਆਲ

**• ਸਹਿਨਾਜ਼ ਹੁਸੈਨ**

ਹੁਣ ਜਦੋਂ ਕਿ ਗਰਮੀਆਂ ਵਿਚ ਛੁੱਟੀਆਂ ਦਾ ਸੀਜ਼ਨ ਨਜ਼ਦੀਕ ਪਹੁੰਚ ਗਿਆ ਹੈ ਅਤੇ ਤੁਸੀਂ ਪਹਾੜਾਂ ਅਤੇ ਸਮੁੰਦਰੀ ਤੱਟਾਂ 'ਤੇ ਕੁਝ ਆਰਾਮਦਾਇਕ ਸਕੂਨ ਨਾਲ ਭਰੇ ਪਲ ਗੁਜ਼ਾਰਨ ਦਾ ਪ੍ਰੋਗਰਾਮ ਬਣਾ ਰਹੇ ਹੋ ਤਾਂ ਇਸ ਗੱਲ ਦਾ ਵੀ ਧਿਆਨ ਰੱਖੋ ਕਿ ਸੁੰਦਰਤਾ ਦੇ ਲਿਹਾਜ ਨਾਲ ਗਰਮੀਆਂ ਸਾਡੀ ਚਮੜੀ ਨੂੰ ਸਭ ਤੋਂ ਜ਼ਿਆਦਾ ਨੁਕਸਾਨ ਪਹੁੰਚਾਉਂਦੀਆਂ ਹਨ ਅਤੇ ਸਮੁੰਦਰੀ ਤੱਟਾਂ ਅਤੇ ਪਹਾੜਾਂ ਦੀ ਬਰਫ ਦੇ ਪਾਰਦਰਸ਼ੀ ਸਤਹਾਂ 'ਤੇ ਸੂਰਜ ਦੀਆਂ ਕਿਰਨਾਂ ਮੈਦਾਨੀ ਇਲਾਕਿਆਂ ਦੀ ਬਜਾਏ ਜ਼ਿਆਦਾ ਤੇਜ਼ ਹੁੰਦੀਆਂ ਹਨ, ਜਿਸ ਨਾਲ ਤੁਹਾਡੀ ਚਮੜੀ ਵਿਚ ਜਲਣ, ਕਾਲਾਪਨ, ਸਨਬਰਨ ਅਤੇ ਮੁਹਾਸਿਆਂ ਆਦਿ ਵਰਗੀਆਂ ਸੁੰਦਰਤਾ ਸਮੱਸਿਆਵਾਂ ਉਗਰ ਰੂਪ ਧਾਰਨ ਕਰ ਸਕਦੀਆਂ ਹਨ।

ਸੁੰਦਰਤਾ ਸਾਵਧਾਨੀਆਂ ਵਰਤ ਕੇ ਤੁਸੀਂ ਆਪਣੀਆਂ ਛੁੱਟੀਆਂ ਦਾ ਭਰਪੂਰ ਅਨੰਦ ਮਾਣ ਸਕਦੇ ਹੋ। ਗਰਮੀਆਂ ਵਿਚ ਛੁੱਟੀਆਂ ਦੀਆਂ ਤਿਆਰੀਆਂ ਸੁੰਦਰਤਾ ਸਾਵਧਾਨੀਆਂ ਨਾਲ ਹੀ ਸ਼ੁਰੂ ਕਰੋ। ਚਮੜੀ ਦੀ ਰੱਖਿਆ ਲਈ ਸਨਸਕਰੀਨ ਲੋਸ਼ਨ ਆਪਣੇ ਨਾਲ ਜ਼ਰੂਰ ਲੈ ਲਓ। ਤੁਸੀਂ ਚਮੜੀ ਦੀ ਕਾਲਖ ਅਤੇ ਸੂਰਜ ਦੀਆਂ ਕਿਰਨਾਂ ਤੋਂ ਬਚਾਅ ਦਾ ਪ੍ਰਭਾਵੀ ਸਨਸਕਰੀਨ ਲੋਸ਼ਨ ਲਓ। ਜਦੋਂ ਵੀ ਤੁਸੀਂ ਬਾਹਰ ਧੁੱਪ ਵਿਚ ਜਾ ਰਹੇ ਹੋ ਤਾਂ ਜਾਣ ਤੋਂ 20 ਮਿੰਟ ਪਹਿਲਾਂ ਚਿਹਰੇ ਅਤੇ ਸਰੀਰ ਦੇ ਸਾਰੇ ਖੁੱਲ੍ਹੇ ਅੰਗਾਂ 'ਤੇ ਸਨਸਕਰੀਨ ਦਾ ਲੇਪ ਜ਼ਰੂਰ ਕਰ ਲਓ। ਜੇ ਤੁਸੀਂ ਧੁੱਪ ਵਿਚ ਇਕ ਘੰਟਾ ਜਾਂ ਜ਼ਿਆਦਾ ਸਮੇਂ ਤੱਕ ਰਹੋ ਤਾਂ ਸਨਸਕਰੀਨ ਦਾ ਦੁਬਾਰਾ ਲੇਪ ਕਰ ਲਓ। ਸੰਵੇਦਨਸ਼ੀਲ ਅਤੇ ਸਨਬਰਨ ਤੋਂ ਪ੍ਰਭਾਵਿਤ ਚਮੜੀ ਵਿਚ 30 ਜਾਂ ਜ਼ਿਆਦਾ ਐਸ.ਪੀ.ਐਫ. ਸਨਸਕਰੀਨ ਦੀ ਵਰਤੋਂ ਕਰੋ। ਗਰਮੀਆਂ ਵਿਚ ਛੁੱਟੀਆਂ ਦੌਰਾਨ



ਆਪਣੀ ਸੁੰਦਰਤਾ ਨੂੰ ਬਣਾਈ ਰੱਖਣ ਲਈ ਮਾਇਸਚਰਾਈਜ਼ਰ, ਡਿਹਾਈਡਰੈਂਟ ਕਲੀਂਜਰ ਹੈਂਡ ਕ੍ਰੀਮ ਅਤੇ ਬੁੱਲ੍ਹਾਂ ਦਾ ਬਾਮ ਨਾਲ ਰੱਖਣਾ ਕਦੇ ਨਾ ਭੁੱਲੋ। ਗਰਮੀਆਂ ਦੀਆਂ ਛੁੱਟੀਆਂ ਦੌਰਾਨ ਤੇਲੀ ਚਮੜੀ ਨੂੰ ਚਮਕਾਉਣ ਅਤੇ ਮੁਸਾਮਾਂ ਨੂੰ ਸਾਫ਼ ਕਰਨ ਲਈ ਸਕਰੱਬ ਦੀ ਜ਼ਿਆਦਾ ਵਰਤੋਂ ਕਰੋ। ਸਮੁੰਦਰੀ ਤੱਟ 'ਤੇ ਖਾਰੇ ਪਾਣੀ ਵਿਚ ਨਹਾਉਣ ਤੋਂ ਬਾਅਦ ਚਿਹਰੇ ਨੂੰ ਤਾਜ਼ੇ ਸਾਫ਼ ਪਾਣੀ ਨਾਲ ਧੋਵੋ। ਜਦੋਂ ਵੀ ਤੁਸੀਂ ਵਾਪਸ ਆਪਣੇ ਹੋਟਲ ਦੇ ਕਮਰੇ ਵਿਚ ਪਹੁੰਚੋ ਤਾਂ ਚਿਹਰੇ 'ਤੇ ਠੰਢੇ ਦੁੱਧ ਦੀ ਮਾਲਿਸ਼ ਕਰਕੇ ਇਸ ਨੂੰ ਕੁਝ ਸਮੇਂ ਲਈ ਛੱਡ ਦਿਓ। ਇਸ ਨਾਲ ਸਨਬਰਨ ਦੇ ਪ੍ਰਭਾਵ ਨੂੰ ਰੋਕਣ ਵਿਚ ਮਦਦ ਮਿਲੇਗੀ ਅਤੇ ਚਿਹਰੇ ਦੀ ਚਮੜੀ ਨੂੰ ਠੰਢਕ ਮਿਲੇਗੀ। ਸਮੁੰਦਰੀ ਪਾਣੀ ਨਾਲ ਨਹਾਉਣ ਨਾਲ ਤੁਹਾਡੇ ਵਾਲ ਨਿਰਜੀਵ ਅਤੇ ਉਲਝ ਸਕਦੇ ਹਨ। ਸਮੁੰਦਰੀ ਪਾਣੀ ਵਿਚ ਨਹਾਉਂਦੇ ਸਮੇਂ ਸਿਰ ਨੂੰ ਕੈਪ ਨਾਲ ਢਕਣ ਨਾਲ ਵਾਲਾਂ ਨੂੰ ਸੂਰਜ ਦੀ ਗਰਮੀ ਅਤੇ ਖਾਰੇ ਪਾਣੀ ਦੇ ਨੁਕਸਾਨ ਤੋਂ ਪ੍ਰਭਾਵੀ ਤਰੀਕੇ ਨਾਲ ਬਚਾਇਆ ਜਾ ਸਕਦਾ ਹੈ। ਸਮੁੰਦਰ ਵਿਚ ਨਹਾਉਣ ਤੋਂ ਪਹਿਲਾਂ ਆਪਣੇ ਵਾਲਾਂ ਨੂੰ ਆਮ ਤਾਜ਼ੇ ਪਾਣੀ ਨਾਲ ਚੰਗੀ ਤਰ੍ਹਾਂ ਧੋਵੋ। ਵਾਲਾਂ ਦੇ ਮੁਸਾਮ ਖੁੱਲ੍ਹੇ ਹੁੰਦੇ ਹਨ ਅਤੇ ਵਾਲਾਂ ਨੂੰ ਧੋਣ ਤੋਂ ਬਾਅਦ ਸਮੁੰਦਰ ਵਿਚ ਨਹਾਉਣ ਨਾਲ ਵਾਲਾਂ ਨੂੰ ਨੁਕਸਾਨ ਨਹੀਂ ਹੋਵੇਗਾ, ਕਿਉਂਕਿ ਵਾਲ ਸਮੁੰਦਰੀ ਪਾਣੀ ਨੂੰ ਕਦੇ ਨਹੀਂ ਸੋਖਣਗੇ, ਕਿਉਂਕਿ ਉਹ ਪਹਿਲਾਂ ਹੀ ਤਾਜ਼ੇ ਪਾਣੀ ਨੂੰ ਸੋਖ ਚੁੱਕੇ ਹਨ। ਸਮੁੰਦਰੀ ਪਾਣੀ ਵਿਚ ਨਹਾਉਣ ਤੋਂ ਬਾਅਦ ਵਾਲਾਂ ਨੂੰ ਹਲਕੇ ਹਰਬਲ ਸ਼ੈਂਪੂ ਨਾਲ ਧੋ ਦਿਓ ਅਤੇ ਸ਼ੈਂਪੂ ਤੋਂ ਬਾਅਦ ਵਾਲਾਂ ਵਿਚ ਕੰਡੀਸ਼ਨਰ ਜਾਂ ਹੇਅਰ ਸੀਰਮ ਦੀ ਵਰਤੋਂ ਕਰੋ।

ਸਮੁੰਦਰੀ ਤੱਟ 'ਤੇ ਜਾਣ ਤੋਂ ਪਹਿਲਾਂ ਸੁੰਦਰਤਾ ਪ੍ਰਸਾਧਨਾਂ ਦੀ ਘੱਟ ਤੋਂ ਘੱਟ ਵਰਤੋਂ ਕਰੋ, ਜਦੋਂ ਕਿ ਤੁਸੀਂ ਸਫ਼ਰ ਦੌਰਾਨ ਲਿਪਗਲਾਸ, ਪਾਊਡਰ, ਆਈ-ਪੈਨਸਿਲ, ਮਾਸਕਰਾ, ਲਿਪਸਟਿਕ ਵਰਗੇ ਆਮ ਸੁੰਦਰਤਾ ਪ੍ਰਸਾਧਨਾਂ ਦੀ ਵਰਤੋਂ ਕਰ ਸਕਦੇ ਹੋ। ਜੇ ਤੁਹਾਡੀ ਤੇਲੀ ਚਮੜੀ ਹੈ ਅਤੇ ਤੁਸੀਂ ਗਰਮੀਆਂ ਵਿਚ ਆਰਦਰਤਾ ਭਰੇ ਮੌਸਮ ਵਿਚ ਸਫ਼ਰ ਕਰ ਰਹੇ ਹੋ ਤਾਂ ਟਿਸ਼ੂ ਪੇਪਰ, ਟੈਲਕਮ ਪਾਊਡਰ ਅਤੇ ਡਿਓਡਰੈਂਟ ਆਪਣੇ ਨਾਲ ਜ਼ਰੂਰ ਰੱਖੋ। ਸਫ਼ਰ ਦੌਰਾਨ ਸੁੰਦਰਤਾ ਦੇ ਕੁਝ ਨੁਸਖੇ ਤੁਹਾਡੇ ਸਫਰ ਦੇ ਦੌਰਾਨ ਸੁੰਦਰਤਾ ਵਿਚ ਚਾਰ ਚੰਦ ਲਗਾ ਸਕਦੇ ਹਨ। ਜੇ ਤੁਸੀਂ ਬਾਹਰ ਦੇਖਣਯੋਗ ਸਥਾਨਾਂ 'ਤੇ ਘੁੰਮ ਰਹੇ ਹੋ ਤਾਂ ਦਿਨ ਵਿਚ ਘੱਟ ਤੋਂ ਘੱਟ ਦੋ ਵਾਰ ਆਪਣਾ ਚਿਹਰਾ ਤਾਜ਼ੇ ਪਾਣੀ ਨਾਲ ਜ਼ਰੂਰ ਧੋਵੋ। 'ਪਿਕ ਮੀ ਅਪ' ਫੇਸ ਮਾਸਕ ਤੁਹਾਡੀ ਚਮੜੀ ਨੂੰ ਸਾਫ਼, ਚਮਕਦਾਰ ਅਤੇ ਆਕਰਸ਼ਕ ਬਣਾ ਸਕਦਾ ਹੈ। ਇਸ ਨਾਲ ਚਮੜੀ ਦੀ ਥਕਾਨ ਨੂੰ ਮਿਟਾਉਣ ਅਤੇ ਚਮੜੀ ਨੂੰ ਤਰੋਤਾਜ਼ਾ ਬਣਾਈ ਰੱਖਣ ਵਿਚ ਮਦਦ ਮਿਲਦੀ ਹੈ। ਸਫਰ ਦੌਰਾਨ 'ਪੀਲ ਆਫ ਮਾਸਕ' ਦੀ ਵਰਤੋਂ ਨਾਲ ਚਮੜੀ ਵਿਚ ਚਮਕ ਬਣਾਈ ਰੱਖਣ ਵਿਚ ਮਦਦ ਮਿਲਦੀ ਹੈ। ਉੱਚੇ ਪਰਬਤੀ ਦਰਸ਼ਨੀ ਸਥਾਨਾਂ, ਖੁਸ਼ਕ ਅਤੇ ਠੰਢੇ ਮੌਸਮ ਦੇ ਦੌਰਾਨ ਵਾਲਾਂ ਵਿਚ ਨਮੀ ਦੀ ਕਮੀ ਆਮ ਹੀ ਪਾਈ ਜਾਂਦੀ ਹੈ। ਇਸ ਮੌਸਮ ਵਿਚ ਹੱਥ ਅਤੇ ਬੁੱਲ੍ਹ ਵੀ ਖੁਸ਼ਕ ਬਣ ਜਾਂਦੇ ਹਨ। ਇਸ ਮੌਸਮ ਵਿਚ ਹੱਥਾਂ ਅਤੇ ਸਰੀਰ ਦੇ ਖੁੱਲ੍ਹੇ ਅੰਗਾਂ 'ਤੇ ਦਿਨ ਵਿਚ ਦੋ-ਤਿੰਨ ਵਾਰ ਮਾਇਸਚਰਾਈਜ਼ਰ ਦੀ ਵਰਤੋਂ ਕਰੋ ਅਤੇ ਇਸ ਦੀ ਚਮੜੀ 'ਤੇ ਮਾਲਿਸ਼ ਕਰੋ। ਵਾਲਾਂ ਦੀ ਸੁੰਦਰਤਾ ਲਈ ਸਨਸਕਰੀਨ ਰਹਿਤ ਹੇਅਰ ਕ੍ਰੀਮ, ਹਰਬਲ ਸ਼ੈਂਪੂ, ਕਵਰਲ ਹੇਅਰ ਸੀਰਮ ਅਤੇ ਕੰਡੀਸ਼ਨਰ ਦੀ ਲਗਾਤਾਰ ਵਰਤੋਂ ਕਰੋ। ਵਾਲਾਂ ਨੂੰ ਸੂਰਜ ਦੀਆਂ ਕਿਰਨਾਂ, ਹਵਾ ਦੇ ਝੋਂਕਿਆਂ ਅਤੇ ਧੂੜ-ਮਿੱਟੀ ਤੋਂ ਬਚਾਉਣ ਲਈ ਸਕਾਰਫ ਦੀ ਵਰਤੋਂ ਕਰੋ। ਤੇਲੀ ਵਾਲਾਂ ਲਈ ਗਰਮ ਪਾਣੀ ਵਿਚ ਟੀ ਬੈਗ ਡੁਬੋਵੋ। ਟੀ ਬੈਗ ਨੂੰ ਹਟਾ ਕੇ ਬਾਕੀ ਬਚੇ ਪਾਣੀ ਨੂੰ ਠੰਢਾ ਹੋਣ ਦਿਓ ਅਤੇ ਬਾਅਦ ਵਿਚ ਇਸ ਵਿਚ ਨਿੰਬੂ ਰਸ ਮਿਲਾ ਦਿਓ ਅਤੇ ਉਸ ਨਾਲ ਵਾਲਾਂ ਨੂੰ ਸਾਫ਼ ਕਰੋ। ਇਸ ਨਾਲ ਵਾਲਾਂ ਨੂੰ ਮੁਲਾਇਮ ਅਤੇ ਚਮਕਦਾਰ ਬਣਾਉਣ ਵਿਚ ਮਦਦ ਮਿਲਦੀ ਹੈ।

# ਸਹੁਰੇ ਘਰ ਜਾਣ ਤੋਂ ਪਹਿਲਾਂ ਬੇਟੀ ਨੂੰ ਦੱਸਣ ਯੋਗ ਕੁਝ ਗੱਲਾਂ



**• ਮਹਿੰਦਰ ਸਿੰਘ ਬਾਜਵਾ**

ਹਰ ਲੜਕੀ ਨੇ ਇਕ ਦਿਨ ਮਾਪਿਆਂ ਦਾ ਘਰ ਛੱਡ ਕੇ ਸਹੁਰੇ-ਘਰ ਜਾਣਾ ਹੀ ਹੁੰਦਾ ਹੈ ਅਤੇ ਉਸ ਦੀ ਇਹੀ ਇੱਛਾ ਹੁੰਦੀ ਹੈ ਕਿ ਉਸ ਨੂੰ ਵਰ-ਘਰ ਦੋਵੇਂ ਹੀ ਚੰਗੇ ਮਿਲਣ, ਸਹੁਰੇ-ਘਰ ਉਸ ਦਾ ਮਾਣ-ਸਤਿਕਾਰ ਹੋਵੇ ਅਤੇ ਉਹ ਇਕ ਕਾਮਯਾਬ ਗ੍ਰਹਿਣੀ ਬਣ ਕੇ ਆਪਣਾ ਵਿਆਹੁਤਾ ਜੀਵਨ ਸੁਖੀ ਬਤੀਤ ਕਰ ਸਕੇ। ਇਸ ਪ੍ਰਾਪਤੀ ਲਈ ਉਸ ਨੂੰ ਕੁਝ ਗੱਲਾਂ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ। ਸਭ ਤੋਂ ਪਹਿਲੀ ਅਤੇ ਜ਼ਰੂਰੀ ਗੱਲ ਇਹ ਹੈ ਕਿ ਉਹ ਸਹੁਰੇ ਘਰ ਨੂੰ ਬੇਗਾਨਾ ਨਹੀਂ, ਆਪਣਾ ਹੀ ਘਰ ਸਮਝੇ। ਸੱਸ-ਸਹੁਰੇ ਨੂੰ ਆਪਣੇ ਮਾਂ-ਬਾਪ ਦਾ ਦਰਜਾ ਹੀ ਨਾ ਦੇਵੇ, ਸਗੋਂ ਉਨ੍ਹਾਂ ਨੂੰ ਆਪਣੇ ਹੀ ਮਾਤਾ-ਪਿਤਾ ਸਮਝੇ ਅਤੇ ਉਨ੍ਹਾਂ ਤੋਂ ਵੀ ਵੱਧ ਸਤਿਕਾਰ ਦੇਵੇ ਤਾਂ ਕੋਈ ਕਾਰਨ ਹੀ ਨਹੀਂ ਕਿ ਸੱਸ-ਸਹੁਰਾ ਉਸ ਨੂੰ ਧੀਆਂ ਵਾਲਾ ਪਿਆਰ ਨਾ ਦੇਣ। ਇਸੇ ਤਰ੍ਹਾਂ ਘਰ ਦੇ ਛੋਟੇ-ਵੱਡੇ ਜੀਆਂ ਨੂੰ ਵੀ ਮਾਣ-ਸਤਿਕਾਰ ਦਿਓ। ਘਰ ਦੇ ਵਾਤਾਵਰਨ ਅਨੁਸਾਰ ਆਪਣੇ-ਆਪ ਨੂੰ ਢਾਲ ਲਓ। ਜਿਥੇ ਤੁਹਾਨੂੰ ਕੁਝ ਗ਼ਲਤ ਲਗਦਾ ਹੈ, ਉਥੇ ਸੁਧਾਰ ਕਰਨ ਦੀ ਕੋਸ਼ਿਸ਼ ਕਰੋ। ਅਗਲੀ ਜ਼ਰੂਰੀ ਗੱਲ ਇਹ ਹੈ ਕਿ ਤੁਹਾਨੂੰ ਰਸੋਈ ਦੇ ਕੰਮ ਵਿਚ ਮੁਹਾਰਤ ਹਾਸਲ ਹੋਣੀ ਚਾਹੀਦੀ ਹੈ। ਚਾਹੇ ਲੜਕੀ ਪੜ੍ਹੀ-ਲਿਖੀ ਹੈ ਜਾਂ ਨੌਕਰੀ ਕਰਦੀ ਹੈ, ਭੋਜਨ ਬਣਾਉਣ ਦਾ ਕੰਮ ਆਉਣਾ ਬਹੁਤ ਜ਼ਰੂਰੀ ਹੈ। ਪੇਕੇ ਘਰ ਤਾਂ ਸਰ ਜਾਂਦਾ ਹੈ ਪਰ ਸਹੁਰੇ ਘਰ ਮੁਸ਼ਕਿਲਾਂ ਆ ਸਕਦੀਆਂ ਹਨ। ਨਵੀਂ-ਨਵੀਂ ਵਹੁਟੀ ਨੂੰ ਗੁਆਂਢ ਦੀਆਂ ਔਰਤਾਂ ਵੀ ਮਿਲਣ ਆਉਂਦੀਆਂ ਹਨ। ਉਨ੍ਹਾਂ ਦੀ ਗੱਲਬਾਤ ਧਿਆਨ ਨਾਲ ਸੁਣੋ, ਕੋਈ ਗੱਲ ਪੁੱਛਣ ਤਾਂ ਸੋਚ-ਸਮਝ ਕੇ ਜਵਾਬ ਦਿਓ। ਇਸ ਗੱਲ ਦਾ ਖਿਆਲ ਰੱਖੋ ਕਿ ਉਹ ਤੁਹਾਡੇ ਸਹੁਰੇ ਘਰ ਦੀ ਉਕਸਾਊ ਗੱਲਬਾਤ ਤਾਂ ਨਹੀਂ ਕਰਦੀਆਂ। ਕਿਉਂਕਿ ਲਗਾਈ-ਬੁਝਾਈ ਕਰਨ ਵਾਲੀਆਂ ਔਰਤਾਂ ਦੂਜੇ ਦੇ ਘਰ 'ਚ ਲੜਾਈ ਕਰਵਾ ਕੇ ਤਮਾਸ਼ਾ ਦੇਖਣ ਦਾ ਸ਼ੌਕ ਰੱਖਦੀਆਂ ਹਨ। ਇਨ੍ਹਾਂ ਦੀ ਇਸ ਚਲਾਕੀ ਤੋਂ ਬਚ ਕੇ ਰਹਿਣਾ ਚਾਹੀਦਾ ਹੈ। ਘਰ ਵਿਚ ਮਹਿਮਾਨ ਆ ਜਾਣ ਤਾਂ ਸਭ ਦਾ ਖਿੜੇ ਮੱਥੇ ਸੁਆਗਤ ਕਰੋ। ਤੁਹਾਡੇ ਪੇਕਿਆਂ ਤੋਂ ਹੋਣ ਜਾਂ ਸੱਸ ਦੇ ਪੇਕਿਆਂ ਤੋਂ ਜਾਂ ਸ਼ਰੀਕੇ-ਭਾਈਚਾਰੇ ਦੇ ਹੋਣ, ਬਿਨਾਂ ਵਿਤਕਰੇ ਸਭ ਦਾ ਆਦਰ ਕਰਨਾ ਜ਼ਰੂਰੀ ਹੈ। ਚਾਹ ਨਾਲ ਕੀ ਦੇਣਾ ਹੈ, ਰੋਟੀ ਵਿਚ ਕੀ-ਕੀ ਬਣੇ, ਇਸ ਵਿਚ ਸੱਸ ਦੀ ਸਲਾਹ ਜ਼ਰੂਰ ਲਵੋ। ਅਗਰ ਕੁਝ ਤਬਦੀਲੀ ਕਰਨੀ ਹੈ ਤਾਂ ਆਪਣੀ ਰਾਇ ਵੀ ਜ਼ਰੂਰ ਦਿਓ। ਤੁਸੀਂ ਖਾਣੇ ਵਿਚ ਕੀ ਦਿੱਤਾ, ਇਸ ਦਾ ਕੋਈ ਖਾਸ ਮਹੱਤਵ ਨਹੀਂ, ਮੁੱਲ ਇਸ ਗੱਲ ਦਾ ਪੈਂਦਾ ਹੈ ਕਿ ਤੁਸੀਂ ਖਾਣਾ ਖਿੜੇ ਮੱਥੇ ਖੁਆਇਆ ਕਿ ਬੱਝੇ-ਰੁੱਝੇ। ਇਸ ਤੋਂ ਅਗਲੀ ਗੱਲ ਆਉਂਦੀ ਹੈ ਰਿਸ਼ਤੇਦਾਰੀਆਂ ਵਿਚ ਆਉਣ-ਜਾਣ ਦੀ। ਇਕ ਗੱਲ ਘੁੱਟ ਕੇ ਪੱਲੇ ਬੰਨ੍ਹ ਲਓ, ਜਿਸ ਘਰ ਵਿਚ ਜਾਂ ਰਿਸ਼ਤੇਦਾਰੀ ਵਿਚ ਤੁਹਾਡੇ ਸਹੁਰੇ ਪਰਿਵਾਰ ਦਾ ਮੇਲ-ਜੋਲ ਨਹੀਂ, ਉਥੇ ਕਦੇ ਭੁੱਲ ਕੇ ਵੀ ਨਾ ਜਾਓ। ਇਹ ਗ਼ਲਤੀ ਕਦੇ ਵੀ ਮੁਆਫ਼ ਨਹੀਂ ਕੀਤੀ ਜਾ ਸਕਦੀ, ਇਸ ਨਾਲ ਘਰ ਵਿਚ ਕਲੇਸ਼ ਵੀ ਪੈ ਸਕਦਾ ਹੈ। ਆਪਣੀ ਸਿਆਣਪ ਦੀ ਏਨੀ ਧਾਕ ਜਮਾਓ ਕਿ ਹਰ ਕੰਮ ਕਰਨ ਵਿਚ ਸਹੁਰਾ ਪਰਿਵਾਰ ਤੁਹਾਡੀ ਸਲਾਹ ਲਵੇ। ਸੱਚੇ ਅਰਥਾਂ ਵਿਚ ਬਹੂ ਹੀ ਘਰ ਦੀ ਰਾਣੀ ਹੁੰਦੀ ਹੈ। ਬਹੁਤ ਸਾਰੀਆਂ ਘਰ ਦੀਆਂ ਜ਼ਿੰਮੇਵਾਰੀਆਂ ਤਾਂ ਬਹੂ ਰਾਣੀ ਦੇ ਸਿਰ 'ਤੇ ਹੀ ਹੁੰਦੀਆਂ ਹਨ।

# ਦੁਲਹਨ ਬਣਨ ਤੋਂ ਪਹਿਲਾਂ



**• ਦੇਵਾਸ਼ੀਸ਼ ਦਾਸ**

ਵਿਆਹ ਤੋਂ ਪਹਿਲਾਂ ਜ਼ਿਆਦਾਤਰ ਮੁਟਿਆਰਾਂ ਤਣਾਅਗ੍ਰਸਤ ਹੋ ਜਾਂਦੀਆਂ ਹਨ। ਉਨ੍ਹਾਂ ਵਿਚ ਇਹ ਤਣਾਅ ਕਈ ਕਾਰਨਾਂ ਕਰਕੇ ਪੈਦਾ ਹੁੰਦਾ ਹੈ। ਕਈ ਮੁਟਿਆਰਾਂ ਵਿਆਹ ਦੀਆਂ ਤਿਆਰੀਆਂ ਦੀ ਭੱਜ-ਦੌੜ ਵਿਚ ਤਣਾਅਗ੍ਰਸਤ ਹੋ ਜਾਂਦੀਆਂ ਹਨ, ਪਰ ਜ਼ਿਆਦਾ ਮੁਟਿਆਰਾਂ ਵਿਚ ਤਣਾਅ ਦਾ ਕਾਰਨ ਸਹੁਰੇ ਘਰ ਵਿਚ ਨਵੇਂ ਮਾਹੌਲ ਅਤੇ ਵਿਅਕਤੀਆਂ ਵਿਚ ਆਪਣੇ-ਆਪ ਨੂੰ ਸਥਾਪਤ ਕਰਨ ਦੀ ਸੋਚ ਹੁੰਦੀ ਹੈ।

ਕਈ ਮੁਟਿਆਰਾਂ ਪਹਿਲਾਂ ਤੋਂ ਹੀ ਛੋਟੀਆਂ-ਛੋਟੀਆਂ ਸਮੱਸਿਆਵਾਂ ਦੇ ਕਾਰਨ ਤਣਾਅ ਅਤੇ ਗੁੱਸੇ ਨਾਲ ਭਰ ਜਾਣ ਦੀ ਆਦਤ ਤੋਂ ਗ੍ਰਸਤ ਹੁੰਦੀਆਂ ਹਨ। ਜੇ ਤੁਹਾਡੇ ਨਾਲ ਵੀ ਅਜਿਹਾ ਹੋਵੇ ਤਾਂ ਇਸ ਤੋਂ ਮੁਕਤ ਹੋਣ ਦੀ ਕੋਸ਼ਿਸ਼ ਕਰੋ, ਨਹੀਂ ਤਾਂ ਸਹੁਰਿਆਂ ਦੇ ਨਵੇਂ ਮਾਹੌਲ ਅਤੇ ਨਵੇਂ ਲੋਕਾਂ ਵਿਚ ਖੁਦ ਨੂੰ ਸਥਾਪਤ ਕਰਨ ਵਿਚ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਵੇਗਾ। ਹੇਠਾਂ ਤਣਾਅ ਤੋਂ ਬਚਣ ਦੇ ਉਪਾਅ ਦਿੱਤੇ ਜਾ ਰਹੇ ਹਨ। ਉਨ੍ਹਾਂ ਨੂੰ ਅਮਲ ਵਿਚ ਲਿਆ ਕੇ ਤੁਸੀਂ ਤਣਾਅ ਤੋਂ ਬਚ ਸਕਦੇ ਹੋ-

- ਪ੍ਰਤੀਕੂਲ ਪ੍ਰਸਥਿਤੀਆਂ ਵਿਚ ਤਾਲਮੇਲ ਨਾ ਬਿਠਾ ਪਾਉਣਾ ਤਣਾਅ ਪੈਦਾ ਕਰਨ ਦਾ ਇਕ ਵੱਡਾ ਕਾਰਨ ਹੈ। ਇਸ ਲਈ ਉਲਟ ਪ੍ਰਸਥਿਤੀਆਂ ਵਿਚ ਤਾਲਮੇਲ ਬਿਠਾਉਣ ਦਾ ਯਤਨ ਕਰੋ।
- ਕਿਸੇ ਵੀ ਸਮੱਸਿਆ ਦੇ ਆਉਣ 'ਤੇ ਘਬਰਾਓ ਨਹੀਂ। ਤੁਸੀਂ ਮਨ ਵਿਚ ਵਿਸ਼ਵਾਸ ਰੱਖੋ ਕਿ ਤੁਸੀਂ ਸਮੱਸਿਆ ਨੂੰ ਸੁਲਝਾ ਸਕਦੇ ਹੋ।
- ਤੁਸੀਂ ਕਦੇ ਵੀ ਅਜਿਹਾ ਨਾ ਸੋਚੋ ਕਿ ਤੁਸੀਂ ਹੀ ਸਭ ਤੋਂ ਵੱਧ ਸਮੱਸਿਆਵਾਂ ਤੋਂ ਗ੍ਰਸਤ ਹੋ।
- ਤਣਾਅ ਦੇ ਪਲਾਂ ਵਿਚ ਆਪਣੀਆਂ ਸਮੱਸਿਆਵਾਂ ਨੂੰ ਭੁੱਲ ਕੇ ਆਪਣੇ ਮਿੱਤਰਾਂ, ਰਿਸ਼ਤੇਦਾਰਾਂ ਜਾਂ ਜਾਣੂਆਂ ਦੇ ਨਾਲ ਰਹੋ, ਕਿਉਂਕਿ ਇਨ੍ਹਾਂ ਦੇ ਸਹਿਯੋਗ ਨਾਲ ਤਣਾਅਮੁਕਤ ਹੋਣ ਵਿਚ ਮਦਦ ਮਿਲਦੀ ਹੈ।
- ਆਪਣੇ ਕੰਮ ਨੂੰ ਕਰਮਵਾਰ ਢੰਗ ਨਾਲ ਨਿਪਟਾਉਣ ਦੀ ਆਦਤ ਪਾਓ, ਕਿਉਂਕਿ ਕੰਮ ਦੇ ਬੋਝ ਨਾਲ ਵੀ ਤਣਾਅ ਪੈਦਾ ਹੁੰਦਾ ਹੈ।
- ਤੁਸੀਂ ਤਣਾਅ ਦੇ ਕਾਰਨਾਂ ਦੇ ਬਾਰੇ ਵਿਚ ਜ਼ਿਆਦਾ ਸੋਚ-ਵਿਚਾਰ ਨਾ ਕਰੋ, ਬਲਕਿ ਜ਼ਿਆਦਾ ਸੋਚਣ ਤੋਂ ਬਚੋ। ਇਸ ਨਾਲ ਤੁਹਾਡਾ ਤਣਾਅ ਘੱਟ ਹੋਵੇਗਾ।

# ਨਰਮ ਬੁੱਲ੍ਹਾਂ ਦੇ ਲਈ ਸਕਰੱਬ



**ਸ਼ੂਗਰ ਸਕਰੱਬ ਵਰਤੋ :** ਖੰਡ ਅਤੇ ਜੈਤੂਨ ਦੇ ਤੇਲ ਨੂੰ ਮਿਲਾ ਕੇ ਪੇਸਟ ਬਣਾਓ। ਖੰਡ ਪੀਸ ਲਓ ਤਾਂ ਚੰਗਾ ਹੋਵੇਗਾ। ਇਸ ਮਿਸ਼ਰਣ ਨੂੰ ਹੌਲੀ-ਹੌਲੀ ਬੁੱਲ੍ਹਾਂ 'ਤੇ ਲਗਾਓ ਅਤੇ ਹਲਕੇ ਹੱਥਾਂ ਨਾਲ ਰਗੜੋ। ਚਾਹੋ ਤਾਂ ਨਰਮ ਕੱਪੜੇ ਨਾਲ ਵੀ ਬੁੱਲ੍ਹਾਂ ਨੂੰ ਹਲਕੇ-ਹਲਕੇ ਰਗੜ ਸਕਦੇ ਹੋ। ਇਹ ਕਿਰਿਆ ਬਹੁਤ ਹੌਲੀ-ਹੌਲੀ ਕਰੋ। ਥੋੜ੍ਹੀ ਦੇਰ ਬਾਅਦ ਬੁੱਲ੍ਹਾਂ ਨੂੰ ਕੋਸੇ ਪਾਣੀ ਨਾਲ ਧੋ ਲਓ ਅਤੇ ਲਿਪ ਬਾਮ ਲਗਾਓ। ਅਜਿਹਾ ਨਿਯਮਤ ਰੂਪ ਵਿਚ ਰਾਤ ਨੂੰ ਸੌਣ ਤੋਂ ਪਹਿਲਾਂ ਕਰਨ ਨਾਲ ਬੁੱਲ੍ਹ ਮੁਲਾਇਮ ਹੋ ਜਾਣਗੇ।

**ਬੁੱਲ੍ਹਾਂ 'ਤੇ ਕਰੋ ਟੁੱਥ-ਬਰੱਸ਼ ਦੀ ਵਰਤੋਂ :** ਪੁਰਾਣਾ ਘਸਿਆ ਹੋਇਆ ਬਿ ?ਸਲਸ ਵਾਲਾ ਟੁੱਥ-ਬਰੱਸ਼ ਲਓ, ਉਸ 'ਤੇ ਪੈਟਰੋਲੀਅਮ ਜੈਲੀ ਲਗਾਓ ਅਤੇ ਹੌਲੀ-ਹੌਲੀ ਬੁੱਲ੍ਹਾਂ 'ਤੇ ਘੁਮਾਓ। ਇਸ ਦੀ ਵਰਤੋਂ ਹਫਤੇ ਵਿਚ 2 ਜਾਂ 3 ਵਾਰ ਤੋਂ ਵੱਧ ਨਾ ਕਰੋ, ਨੁਕਸਾਨ ਪਹੁੰਚ ਸਕਦਾ ਹੈ।

**ਸ਼ਹਿਦ ਸਕਰੱਬ ਵਰਤੋ :** ਦੋ ਚਮਚ ਸ਼ਹਿਦ ਵਿਚ ਥੋੜ੍ਹੀ ਜਿਹੀ (ਇਕ ਚਮਚ) ਖੰਡ ਮਿਲਾਓ। ਜਦੋਂ ਚੰਗੀ ਤਰ੍ਹਾਂ ਨਾਲ ਚੀਨੀ ਰਲ ਜਾਵੇ ਤਾਂ ਇਸ ਪੇਸਟ ਨੂੰ ਫਟੇ ਬੁੱਲ੍ਹਾਂ 'ਤੇ ਲਗਾਓ। ਕੁਝ ਮਿੰਟਾਂ ਲਈ ਛੱਡ ਦਿਓ। ਫਿਰ ਕੋਸੇ ਪਾਣੀ ਨਾਲ ਧੋ ਲਓ। ਸ਼ਹਿਦ ਬੁੱਲ੍ਹਾਂ ਦੀ ਖੁਸ਼ਕ ਚਮੜੀ ਦੇ ਲਈ ਬਹੁਤ ਲਾਭਦਾਇਕ ਹੁੰਦਾ ਹੈ। ਇਸ ਨਾਲ ਕੁਦਰਤੀ ਨਮੀ ਮਿਲਦੀ ਹੈ। ਜੇਕਰ ਬੁੱਲ੍ਹ ਫਟੇ ਹੋਏ ਨਹੀਂ ਹਨ ਤਾਂ ਮਿਸ਼ਰਣ ਵਿਚ ਥੋੜ੍ਹੀ ਪੀਸੀ ਦਾਲਚੀਨੀ ਮਿਲਾ ਸਕਦੇ ਹੋ। ਬੁੱਲ੍ਹ ਸੁੰਦਰ ਅਤੇ ਆਕਰਸ਼ਕ ਲੱਗਣਗੇ। ਬੇਕਿੰਗ ਸੋਢੇ ਦੀ ਵਰਤੋਂ ਕਰੋ : ਬੇਕਿੰਗ ਸੋਢੇ ਨੂੰ ਥੋੜ੍ਹੇ ਜਿਹੇ ਪਾਣੀ ਵਿਚ ਮਿਲਾ ਕੇ ਪੇਸਟ ਬਣਾ ਲਓ ਅਤੇ ਘਸੇ ਹੋਏ ਨਰਮ ਟੁੱਥ-ਬਰੱਸ਼ ਨਾਲ ਬੁੱਲ੍ਹਾਂ 'ਤੇ ਹਲਕਾ-ਹਲਕਾ ਲਗਾਓ। ਬਰੱਸ਼ ਨੂੰ ਹਲਕੇ ਹੱਥਾਂ ਨਾਲ ਬੁੱਲ੍ਹਾਂ 'ਤੇ ਘੁਮਾਓ, ਬਾਅਦ ਵਿਚ ਕੋਸੇ ਪਾਣੀ ਨਾਲ ਧੋ ਲਓ। ਇਸ ਤੋਂ ਬਾਅਦ ਲਿਪ ਬਾਮ ਜ਼ਰੂਰ ਲਗਾਓ। ਬੇਕਿੰਗ ਸੋਢਾ ਮਰੀ ਚਮੜੀ ਨੂੰ ਸਾਫ ਕਰਨ ਵਿਚ ਮਦਦ ਤਾਂ ਕਰਦਾ ਹੈ ਪਰ ਬੁੱਲ੍ਹਾਂ ਨੂੰ ਨਮੀ ਉਸ ਨਾਲ ਨਹੀਂ ਮਿਲੇਗੀ, ਇਸ ਲਈ ਬੁੱਲ੍ਹਾਂ ਦੀ ਨਮੀ ਬਰਕਰਾਰ ਰੱਖਣ ਲਈ ਲਿਪ ਬਾਮ ਜ਼ਰੂਰ ਲਗਾਓ।

-ਸੁਨੀਤਾ ਗਾਬਾ



# ਨਿਧੀ ਕੋਈ ਸਰਪ੍ਰਾਈਜ਼ ਦੇਵੇਗੀ

ਅੱਜਕੱਲ੍ਹ ਨਿਧੀ ਅਗਰਵਾਲ ਬਹੁਤ ਖੁਸ਼ ਹੈ, ਹੋਵੇ ਕਿਉਂ ਨਾ, ਹੁਣੇ ਜਿਹੇ ਉਸ ਨੂੰ ਜ਼ੀ ਸਿਨੇ ਐਵਾਰਡ ਵਿੱਚ ਬੈਸਟ ਫੀਮੇਲ ਡੈਬਿਊ ਐਵਾਰਡ ਮਿਲਿਆ ਹੈ। ਇਸ ਸਾਲ ਟਾਈਗਰ ਸ਼ਰਾਫ ਦੇ ਆਪੋਜ਼ਿਟ ਫਿਲਮ 'ਮੁੰਨਾ ਮਾਈਕਲ' ਨਾਲ ਬਾਲੀਵੁੱਡ ਵਿੱਚ ਡੈਬਿਊ ਕਰਨ ਵਾਲੀ ਨਿਧੀ ਨੂੰ ਇਸ ਫਿਲਮ ਲਈ ਲਗਭਗ 300 ਚਾਹਵਾਨ ਕੁੜੀਆਂ ਵਿੱਚੋਂ ਚੁਣਿਆ ਗਿਆ ਸੀ। ਉਸ ਦੀ ਇਹ ਫਿਲਮ ਬਾਕਸ ਆਫਿਸ 'ਤੇ ਕੋਈ ਵੱਡਾ ਕਮਾਲ ਨਹੀਂ ਦਿਖਾ, ਪਰ ਇਸੇ ਫਿਲਮ ਲਈ ਉਸ ਨੂੰ ਮਿਲੇ ਬੈਸਟ ਡੈਬਿਊ ਐਵਾਰਡ ਨੇ ਉਸ ਦੀ ਨਿਰਾਸ਼ਾ ਨੂੰ ਕੁਝ ਘੱਟ ਕਰ ਦਿੱਤਾ ਹੈ। ਉਂਝ ਨਿਧੀ ਆਪਣੇ ਕਰੀਅਰ ਨੂੰ ਲੈ ਕੇ ਕਿਸੇ ਵੀ ਤਰ੍ਹਾਂ ਨਿਰਾਸ਼ ਨਹੀਂ। ਅੱਜਕੱਲ੍ਹ ਉਹ ਤੇਲਗੂ ਫਿਲਮ ਨਗਰੀ ਵਿੱਚ ਫਿਲਮ 'ਸਬਯਸਾਚੀ' ਨਾਲ ਆਪਣੇ ਡੈਬਿਊ ਦੀ ਤਿਆਰੀ ਵਿੱਚ ਹੈ।

ਫਿਲਮ ਲਈ ਉਹ ਤੇਲਗੂ ਭਾਸ਼ਾ ਸਿੱਖ ਰਹੀ ਹੈ। ਉਹ ਕਹਿੰਦੀ ਹੈ ,"ਫਿਲਮ 'ਸਬਯਸਾਚੀ' ਲਈ ਮੈਂ ਤੇਲਗੂ ਕਾਫੀ ਬੋਲ ਰਹੀ ਹਾਂ। ਅਜੇ ਮੈਨੂੰ ਤੇਲਗੂ ਠੀਕ ਤਰ੍ਹਾਂ ਨਹੀਂ ਆਉਂਦੀ, ਮੈਂ ਸਿੱਖਣ ਦੀ ਕੋਸ਼ਿਸ਼ ਕਰ ਰਹੀ ਹਾਂ। ਅਜਿਹਾ ਨਹੀਂ ਕਿ ਉਸ ਨੇ ਇੱਕੋ ਫਿਲਮ ਤੋਂ ਬਾਅਦ ਬਾਲੀਵੁੱਡ ਤੋਂ ਕਿਨਾਰਾ ਕਰ ਲਿਆ ਹੋਵੇ। ਉਹ ਕਹਿੰਦੀ ਹੈ, "ਫਿਲਮ 'ਸਬਯਸਾਚੀ' ਤੋਂ ਇਲਾਵਾ ਮੈਂ ਇੱਕ ਫਿਲਮ ਸਾਈਨ ਕੀਤੀ ਹੈ। ਇਸ 'ਤੇ ਕੰਮ ਛੇਤੀ ਸ਼ੁਰੂ ਹੋਵੇਗਾ ਤੇ ਹੋ ਸਕਦਾ ਹੈ ਕਿ ਇਸ ਤੋਂ ਪਹਿਲਾਂ ਵੀ ਦਰਸ਼ਕਾਂ ਨੂੰ ਇੱਕ ਹੋਰ ਸਰਪ੍ਰਾਈਜ਼ ਦੇ ਸਕਾਂ। ਬੱਸ ਉਨ੍ਹਾਂ ਨੂੰ ਥੋੜ੍ਹੀ ਉਡੀਕ ਕਰਨੀ ਹੋਵੇਗੀ। ਨਿਧੀ ਦੀਆਂ ਗੱਲਾਂ ਤੋਂ ਲਗਦਾ ਹੈ ਕਿ ਉਹ ਬਾਲੀਵੁੱਡ ਵਿੱਚ ਕੋਈ ਵੱਡੀ ਫਿਲਮ ਸਾਈਨ ਕਰਨ ਵਾਲੀ ਹੈ। ਉਂਝ ਹੁਣੇ ਜਿਹੇ ਉਹ ਕੰਮ ਵਿੱਚੋਂ ਸਮਾਂ ਕੱਢ ਕੇ ਪਰਵਾਰ ਨਾਲ ਕ੍ਰਿਸਮਸ ਅਤੇ ਨਵਾਂ ਸਾਲ ਮਨਾਉਣ ਘਰ ਆਈ ਹੋਈ ਹੈ। ਉਹ ਕਹਿੰਦੀ ਹੈ, "ਮੈਂ ਆਪਣੇ ਪਰਵਾਰ ਨਾਲ ਖੂਬ ਸਮਾਂ ਬਿਤਾ ਰਹੀ ਹਾਂ। ਇਸ ਸਮੇਂ ਮੇਰੀ ਆਪਣੀ ਜ਼ਿੰਦਗੀ ਵਿੱਚ ਜੋ ਕੁਝ ਹੁੰਦਾ ਹੈ, ਉਸ ਤੋਂ ਬਹੁਤ ਖੁਸ਼ ਹਾਂ। ਇਸ ਦੌਰਾਨ ਮੈਂ ਜ਼ਿਆਦਾਤਰ ਘਰ ਦਾ ਖਾਣਾ ਖਾਂਦੀ ਹਾਂ ਕਿਉਂਕਿ ਕਾਫੀ ਸਮੇਂ ਤੋਂ ਮੈਂ ਇਸ ਤੋਂ ਵਾਂਝੀ ਹਾਂ। ਪ੍ਰਮਾਤਮਾ ਕਰੇ ਕਿ ਅਗਲਾ ਸਾਲ ਸਾਰਿਆਂ ਲਈ ਖੁਸ਼ੀਆਂ ਅਤੇ ਸਫਲਤਾ ਲੈ ਕੇ ਆਵੇ।

## 'ਬਿੱਗ ਬੌਸ 11' ਜੇਤੂ ਸ਼ਿਲਪਾ ਦੇ ਬਿਆਨ 'ਤੇ ਹਿਨਾ ਖਾਨ ਨੇ ਤੋੜੀ ਚੁੱਪੀ, ਦਿੱਤਾ ਜਵਾਬ



'ਬਿੱਗ ਬੌਸ 11' ਦੀ ਜੇਤੂ ਰਹੀ ਸ਼ਿਲਪਾ ਸ਼ਿੰਦੇ ਨੇ ਹਾਲ ਹੀ 'ਚ ਹਿਨਾ ਖਾਨ ਲਈ ਕਿਹਾ ਸੀ ਕਿ ਉਹ ਭਵਿੱਖ 'ਚ ਉਨ੍ਹਾਂ ਨਾਲ ਕਦੇ ਨਹੀਂ ਮਿਲਣਾ ਚਾਹੁੰਦੀ। ਸ਼ਿਲਪਾ ਦੇ ਇਸ ਬਿਆਨ 'ਤੇ ਹੁਣ ਹਿਨਾ ਨੇ ਵੀ ਚੁੱਪੀ ਤੋੜ ਦਿੱਤੀ ਹੈ। ਹਿਨਾ ਖਾਨ ਨੇ ਹਾਲ ਹੀ 'ਚ ਦਿੱਤੇ ਇਕ ਇੰਟਰਵਿਊ 'ਚ ਕਿਹਾ, "ਮੇਰੇ ਦਿਲ 'ਚ ਉਨ੍ਹਾਂ ਵਿਰੁੱਧ ਕੁਝ ਵੀ ਨਹੀਂ ਹੈ। ਸਾਰਿਆ ਨੂੰ ਬੋਲਣ ਦਾ ਅਧਿਕਾਰ ਹੈ। ਮੇਰੇ ਮਨ 'ਚ ਸ਼ਿਲਪਾ ਲਈ ਕੁਝ ਵੀ ਨਹੀਂ ਹੈ। ਈਮਾਨਦਾਰੀ ਨਾਲ ਬੋਲ ਰਹੀ ਹਾਂ ਕਿ ਜੇਕਰ ਕਦੇ ਮੌਕਾ ਮਿਲਿਆ ਤਾਂ ਮੈਨੂੰ ਉਨ੍ਹਾਂ ਨਾਲ ਕੰਮ ਕਰਨ 'ਚ ਵੀ ਕੋਈ ਬੁਰਾਈ ਨਹੀਂ ਹੈ।" ਜਾਣਕਾਰੀ ਮੁਤਾਬਕ ਪਿਛਲੇ ਦਿਨੀਂ ਹੀ ਸ਼ਿਲਪਾ ਨੇ ਇਕ ਇੰਟਰਵਿਊ ਦੌਰਾਨ ਕਿਹਾ ਸੀ, "ਹਿਨਾ ਨਾਲ ਮੈਂ ਜ਼ਿੰਦਗੀ 'ਚ ਕਦੇ ਨਹੀਂ ਮਿਲਣਾ ਚਾਹਵਾਂਗੀ। ਮੈਂ ਕਦੇ ਵੀ 18-19 ਲੋਕਾਂ ਦਾ ਖਾਣਾ ਇੱਕਲੇ ਨਹੀਂ ਬਣਾਇਆ ਪਰ ਫਿਰ ਵੀ ਮੈਂ ਇੱਕਲੇ ਸਾਰਾ ਕੰਮ ਕੀਤਾ। ਇਸ ਗੱਲ ਤੋਂ ਉਸ ਨੂੰ ਕੋਈ ਫਰਕ ਹੀ ਨਹੀਂ ਪਿਆ।"

## ਪਾਰਟੀ ਮੌਕੇ ਟਰਾਂਸਪੇਰੈਂਟ ਡਰੈੱਸ 'ਚ ਦਿਖੀਆਂ ਮੰਦਿਰਾ-ਸ਼ਬਾਨਾ, ਹੋਰ ਕਈ ਸਿਤਾਰੇ ਆਏ ਨਜ਼ਰ

*ਹਾਲ ਹੀ 'ਚ ਮੁੰਬਈ ਦੇ ਇਕ ਹੋਟਲ 'ਚ 'ਜ਼ੀ' ਦੇ 25 ਸਾਲ ਪੂਰੇ ਹੋਣ 'ਤੇ ਇਕ ਪਾਰਟੀ ਦਾ ਆਯੋਜਨ ਕੀਤਾ ਗਿਆ। ਪਾਰਟੀ 'ਚ ਕਈ ਵੱਡੇ ਬਾਲੀਵੁੱਡ ਸਟਾਰਜ਼ ਸ਼ਾਮਿਲ ਹੋਏ। ਇਸ ਦੌਰਾਨ ਅਭਿਨੇਤਰੀ ਮੰਦਿਰਾ ਬੇਦੀ, ਸ਼ਿਬਾਨੀ ਦਾਂਡੇਕਰ ਬਲੈਕ ਕਲਰ ਦੀ ਟਰਾਂਸਪੇਰੈਂਟ ਆਊਟਫਿੱਟ 'ਚ ਨਜ਼ਰ ਆਈ। ਉੱਥੇ ਹੀ ਕੰਗਨਾ ਰਣੌਤ ਸਫੇਦ ਰੰਗ ਦੇ ਬੋਲਡ ਗਾਊਨ 'ਚ ਦਿਖਾਈ ਦਿੱਤੀ। ਪਾਰਟੀ 'ਚ ਬਾਲੀਵੁੱਡ ਮਹਾਨਾਇਕ ਅਮਿਤਾਭ ਬੱਚਨ, ਅਨਿਲ ਕਪੂਰ, ਅਰਜੁਨ ਕਪੂਰ, ਮੌਨੀ ਰਾਏ, ਦੀਪਿਕਾ ਪਾਦੂਕੋਣ, ਰਵੀਨਾ ਟੰਡਨ, ਜ਼ਰੀਨ ਖਾਨ, ਕਰਨ ਜੌਹਰ, ਏਕਤਾ ਕਪੂਰ ਸਮੇਤ ਕਈ ਸਿਤਾਰੇ ਪਹੁੰਚੇ ਸਨ।*



## ਚਲਾਕ ਹੋਈ ਕੈਟਰੀਨਾ

ਇਹ ਗੱਲ ਬਹੁਤ ਮਜ਼ਬੂਤੀ ਨਾਲ ਕਹੀ ਜਾ ਰਹੀ ਹੈ ਕਿ ਸਲਮਾਨ ਅਤੇ ਕੈਟਰੀਨਾ ਕੈਫ਼ ਜਲਦੀ ਵਿਆਹ ਕਰ ਲੈਣਗੇ। ਸ਼ਾਇਦ ਇਹੀ ਵਜ੍ਹਾ ਹੈ ਕਿ ਕੈਟਰੀਨਾ ਇਨ੍ਹੀਂ ਦਿਨੀਂ ਸਲਮਾਨ ਨੂੰ ਬਿਨਾਂ ਦੱਸੇ ਕੁਝ ਕੰਮ ਨਹੀਂ ਕਰ ਰਹੀ ਹੈ। ਕੈਟ ਦੀ ਇਸ ਗੱਲ ਲਈ ਤਾਰੀਫ਼ ਕੀਤੀ ਜਾਣੀ ਚਾਹੀਦੀ ਹੈ ਕਿ ਤੋੜ-ਵਿਛੋੜੇ ਤੋਂ ਬਾਅਦ ਵੀ ਉਸ ਨੇ ਸਲਮਾਨ ਬਾਰੇ ਕੋਈ ਬਿਆਨਬਾਜ਼ੀ ਨਹੀਂ ਕੀਤੀ। ਉਹ ਖਾਨ ਪਰਿਵਾਰ ਦੇ ਹਰ ਸਮਾਰੋਹ ਵਿਚ ਹਿੱਸਾ ਲੈਂਦੀ ਰਹੀ ਹੈ। ਵਿਆਹ ਹੋਵੇ ਜਾਂ ਖਾਨਦਾਨ ਦਾ ਕੋਈ ਪਰਿਵਾਰਕ ਸਮਾਰੋਹ, ਕੈਟੀ ਨੇ ਕੁਝ ਵੀ ਛੱਡਿਆ ਨਹੀਂ ਹੈ। ਇਹੀ ਵਜ੍ਹਾ ਹੈ ਕਿ ਸਲਮਾਨ ਨਾਲ ਉਸ ਦੀ ਦੋਸਤੀ ਦੁਬਾਰਾ ਸ਼ੁਰੂ ਹੋ ਗਈ ਹੈ। ਹੁਣ ਉਸੇ ਚਲਾਕੀ ਦੇ ਨਾਲ ਉਸ ਨੇ ਸਲਮਾਨ ਦੇ ਨਾਲ ਆਪਣੇ ਅਫੇਅਰ ਨੂੰ ਕਾਫੀ ਮਜ਼ਬੂਤ ਕਰ ਲਿਆ ਹੈ। ਹੁਣ ਸਾਰੇ ਇਹੀ ਕਾਮਨਾ ਕਰ ਰਹੇ ਹਨ ਕਿ ਉਸ ਦਾ ਇਹ ਅਫੇਅਰ ਵਿਆਹ ਵਿਚ ਜ਼ਰੂਰ ਬਦਲ ਜਾਵੇ। ਹੁਣ ਇਕ ਵਿਦੇਸ਼ੀ ਸੂਤਰ ਦਾ ਕਹਿਣਾ ਹੈ ਕਿ ਸਲਮਾਨ ਦੀ ਫ਼ਿਲਮ 'ਰੇਸ-2' ਦੀ ਰਿਲੀਜ਼ ਤੋਂ ਪਹਿਲਾਂ ਇਨ੍ਹਾਂ ਦੋਵਾਂ ਦਾ ਵਿਆਹ ਹੋ ਜਾਵੇਗਾ।



## ਹੁਣ ਨੈਗੇਟੀਵਿਟੀ ਨੂੰ ਦੇਖਣਾ ਬੰਦ ਕਰ ਦਿੱਤਾ ਹੈ : ਰੁਪਿੰਦਰ ਹਾਂਡਾ

ਰੁਪਿੰਦਰ ਹਾਂਡਾ ਨਾਲ ਹਾਲ ਹੀ 'ਚ ਖਾਸ ਗੱਲਬਾਤ ਕੀਤੀ ਗਈ, ਜਿਸ ਦੌਰਾਨ ਉਸ ਨੇ ਕਈ ਗੱਲਾਂ ਸਾਂਝੀਆਂ ਕੀਤੀਆਂ। ਇਸ ਦੌਰਾਨ ਰੁਪਿੰਦਰ ਹਾਂਡਾ ਨਾਲ ਜੁੜੇ ਵਿਵਾਦਾਂ 'ਤੇ ਵੀ ਸਵਾਲ-ਜਵਾਬ ਕੀਤੇ ਗਏ। ਰੁਪਿੰਦਰ ਨੇ ਕਿਹਾ, 'ਮੈਂ ਹੁਣ ਨੈਗੇਟੀਵਿਟੀ ਨੂੰ ਦੇਖਣਾ ਬੰਦ ਕਰ ਦਿੱਤਾ ਹੈ ਕਿਉਂਕਿ ਪਹਿਲਾਂ ਮੈਨੂੰ ਇੰਝ ਲੱਗਦਾ ਸੀ ਕਿ ਵਿਵਾਦ ਖੜ੍ਹੇ ਕੀਤੇ ਜਾਂਦੇ ਹਨ ਮੇਰੇ ਨਾਲ ਆਪਣੇ ਆਪ ਜੁੜਦੇ ਗਏ। ਮੇਰਾ ਇਨ੍ਹਾਂ 'ਚ ਕੋਈ ਯੋਗਦਾਨ ਨਹੀਂ ਹੈ। ਮੈਨੂੰ ਲੱਗਦਾ ਹੈ ਕਿ ਜਿਹੜੇ ਲੋਕ ਵਿਵਾਦ ਖੜ੍ਹੇ ਕਰਦੇ ਹਨ ਉਹ ਆਪਣਾ ਕੰਮ ਕਰ ਰਹੇ ਹਨ ਤੇ ਮੈਂ ਆਪਣਾ ਕੰਮ ਕਰ ਰਹੀ ਹਾਂ। ਜ਼ਿਆਦਾ ਜ਼ੋਰ ਮੈਨੂੰ ਆਪਣੇ ਕੰਮ 'ਤੇ ਲਗਾਉਣਾ ਚਾਹੀਦਾ।' ਰੁਪਿੰਦਰ ਹਾਂਡਾ ਨੇ ਅੱਗੇ ਕਿਹਾ, 'ਮੈਂ ਇਹ ਸੋਚਣਾ ਛੱਡ ਦਿੱਤਾ ਹੈ ਕਿ ਦੂਜਾ ਬੰਦਾ ਕੀ ਕਰ ਰਿਹਾ ਹੈ ਜਾਂ ਕੀ ਕਰਨ ਵਾਲਾ ਹੈ। ਜਿਸ ਨੇ ਜੋ ਕਰਨਾ ਹੈ, ਉਹ ਕਰਦਾ ਰਹੇ। ਮੈਂ ਆਪਣਾ ਕੰਮ ਕਰ ਰਹੀ ਹਾਂ ਕਿਉਂਕਿ ਅਖੀਰ ਲੋਕਾਂ ਨੇ ਰੁਪਿੰਦਰ ਹਾਂਡਾ ਨੂੰ ਹੀ ਸੁਣਨਾ ਹੈ, ਮੇਰੇ ਗੀਤਾਂ ਨੂੰ ਹੀ ਸੁਣਨਾ ਹੈ। ਵਿਵਾਦਾਂ ਦਾ ਕੋਈ ਵਜੂਦ ਨਹੀਂ ਹੁੰਦਾ। ਲੋਕਾਂ ਨੂੰ ਐਂਟਰਟੇਨਮੈਂਟ ਚਾਹੀਦਾ ਹੈ। ਇਕ ਗੀਤ ਦੇ ਰਾਹੀਂ ਉਹ ਐਂਟਰਟੇਨਮੈਂਟ ਹੁੰਦਾ ਹੈ। ਐਂਟਰਟੇਨਮੈਂਟ ਦੇ ਨਾਲ ਮੈਂ ਹਮੇਸ਼ਾ ਕੋਸ਼ਿਸ਼ ਕੀਤੀ ਹੈ ਕਿ ਗੀਤ 'ਚ ਇਕ ਸੁਨੇਹਾ ਹੋਵੇ। ਜੇਕਰ ਅਸੀਂ ਸੁਨੇਹਾ ਨਹੀਂ ਦੇ ਸਕਦੇ ਤਾਂ ਅਸੀਂ ਕਿਸੇ ਨੂੰ ਗੁੰਮਰਾਹ ਵੀ ਨਾ ਕਰੀਏ।




PRRIA HAIDER PRODUCTIONS GLOBAL
POWERED BY
utshob.com
YOUR ULTIMATE ONLINE SHOPPING EXPERIENCE
PRRIA HAIDER PRODUCTIONS
PRESENTS
AR RAHMAN
HINDI | TAMIL | TELUGU
LIVE
I AM ENTERTAINMENT
SHIFT
EDUCATION OF TECHNOLOGY
SKP
SAFIYA KAZIM PRODUCTIONS
DTNY
MEDIA PARTNER
Yollay
SATURDAY 1ST SEPT, 2018, 8:00PM
VENUE
NASSAU COLISEUM
1255 HEMPSTEAD TURNPIKE,
UNIONDALE, NY 11553
TICKETS ON- ticketmaster
MARKETING PARTNER
BOLLYWOOD hungama
SUPPORTED BY
Sulekha
Apnee Community
Your Savings, Our Business
ticket | hungama
FARMERS INSURANCE
Amogh Agency LLC.
PINTOO JEWELERS
Hum Hindustani U.S.A.
NYCB LIVE
HOME OF THE NASSAU VETERANS MEMORIAL COLISEUM
BOMBAY THEATRE
FOR SPONSORSHIP AND INFORMATION CALL
PPRIA HAIDER: 516 303 6597 MEHBOOB HAIDER: 516 468 8536

# Insurance

## Personal & Commercial

**Business, Liability, Disability, Workers Comp., E & O, Auto, Home,**



Whitestone
REAL ESTATE
Honesty *Integrity *Experience *Knowledge

**Phone : 516 280 0576, 917 612 3158**


**Email : sst@whitestonecorpusa.com**

**www.whitestonecorpusa.com**

**Sharnjit Singh Thind, Licensed Insurance Broker (Property& Casualty)**

**Navjot Kaur Licensed Insurance Broker (Life, Accident & Health)**

Whitestone Real Estate & Asset Management Corp is a Licensed New York State Real Estate Broker
All Commercial Loan are arranged through excellent third Party Lenders


Thinking of Buying/Selling ?
Looking for Short Sale,
Bank Foreclosure Properites ?
P
P
PROPERTY
PROFESSIONALS
We sell your home fast
and for top dollar
(Serving Buyers/Sellers Since 2008)
Sharanjit Singh Thind
Associate Real Estate Broker/Notary Public
Give us a Call at 917-612-3158